INTERNATIONAL MAGAZINE
RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਜਨਵਰੀ
(January)
2026



**ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਰਾਏ ਕੱਲਾ ਨੂੰ ਗੰਗਾ ਸਾਗਰ ਬਖਸ਼ਿਸ਼ ਕਰਦੇ ਹੋਏ।**

1705 ਈਸਵੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ, ਔਰੰਗਜ਼ੇਬ ਦੇ ਰਾਜ ਦੌਰਾਨ ਮੁਸ਼ਕਿਲ ਸਮੇਂ ਵਿੱਚ, ਸੇਵਾ ਅਤੇ ਖਾਤਿਰਦਾਰੀ ਤੋਂ ਖੁਸ਼ ਹੋ ਕੇ ਰਾਏਕੋਟ ਰਿਆਸਤ ਦੇ ਸੂਬੇ, ਰਾਏ ਕੱਲ੍ਹਾ ਨੂੰ ਗੰਗਾ ਸਾਗਰ (ਸੁਰਾਹੀ), ਕਿਰਪਾਨ ਅਤੇ ਰਹਿਲ ਬਖਸ਼ਿਸ਼ ਵੱਜੋਂ ਦਿੱਤੀ।

ਗੁਰੂ ਸਾਹਿਬ ਦੀ ਇੱਛਾ ਅਨੁਸਾਰ ਰਾਏ ਕੱਲ੍ਹਾ ਨੇ ਨੂਰਾ ਮਾਹੀ ਨੂੰ ਸਰਹੰਦ ਭੇਜਿਆ ਜੋ ਗੁਰੂ ਸਾਹਿਬ ਦੇ ਛੋਟੇ ਸਾਹਿਬਜਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੇ ਜਿਊਂਦਿਆਂ ਦੀਵਾਰ ਵਿੱਚ ਚਿਣਵਾਏ ਜਾਣ ਬਾਰੇ ਅਤੇ ਮਾਤਾ ਜੀ ਦੀ ਸ਼ਹਾਦਤ ਬਾਰੇ ਦੁਖਦਾਈ ਖਬਰ ਲੈ ਕੇ ਆਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਨਾਨਕਪੁਰੀ ਟਾਂਡਾਂ ਸਾਹਿਬ (ਯੂ.ਪੀ) ਵਿਖੇ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਮਹਾਂਪੁਰਸ਼ਾਂ ਦੀ ਸਾਲਾਨਾ ਯਾਦ ਵਿਚ ਸਾਲਾਨਾ ਸਮਾਗਮ ਦੌਰਾਨ
ਸੰਤ ਬਾਬਾ ਲਖਬੀਰ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ।












# ਆਤਮ ਮਾਰਗ


ਸਾਲ-ਇਕੱਤੀਵਾਂ, ਮਹੀਨਾ-ਜਨਵਰੀ, 2026

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ** — ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ** — ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ — ਭਾਈ. (ਡਾ.) ਸੁਖਵਿੰਦਰ ਸਿੰਘ ਜੀ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

**Email :atammarg1@yahoo.co.in**

Registration Under Foreign Contribution (Regulation) Act 1976 R. No. 115320023

## Postal Address for any Enquiry, Money Order, Cheque and drafts :

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

## SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

## SUBSCRIPTION FOREIGN (ਵਿਦੇਸ਼)

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.org
www.ratwarasahib.com
www.vgrmct.org
Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network
98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-778-574-3213

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -
9417214378, 9417214384

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀ.ਐਡ. ਕਾਲਜ ਅਤੇ ਨਰਸਿੰਗ ਕਾਲਜ 9417214382
7. ਬਿਰਧ ਆਸ਼ਰਮ 9815728220

## ਵਿਸ਼ੇਸ਼ ਜਾਣਕਾਰੀ ਲਈ

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900
ਰਿਹਾਇਸ਼ ਲਈ - 85570-12900

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 7 |
| | *ਡਾ. ਭਾਈ ਵੀਰ ਸਿੰਘ ਜੀ* | |
| 3. | **ਪਰਮ ਪਿਆਰੇ ਮਹਿਬੂਬ ਪਿਤਾ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਤੇ ਵਿਸ਼ੇਸ਼** | 8 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਚਉਥੈ ਪਹਰਿ ਸਬਾਹ ਕੈ....................॥** | 20 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਮੰਝ ਪਿਆਰਾ ਗੁਰੂ ਨੂੰ..........।** | 25 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | **ਸਾਕਾ ਸਰਹੰਦ** | 36 |
| | *ਸੰਤ ਬਾਬਾ ਲਖਬੀਰ ਸਿੰਘ ਜੀ* | |
| 7. | **ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥** | 43 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 8. | **ਗੁਰਬਾਣੀ ਅਰਥ ਭੰਡਾਰ** | 48 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 9. | **ਜਨ ਪਰਉਪਕਾਰੀ ਆਏ - ਭਾਗ 4** | 50 |
| | *ਪ੍ਰੋ. ਗੁਰਦੇਵ ਸਿੰਘ* | |
| 10. | **ਗੁਰ ਨਾਨਕ ਆਗਮਨ** | 53 |
| | *ਡਾ. ਭਾਈ ਵੀਰ ਸਿੰਘ ਜੀ* | |
| 11. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ

# ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥

# ਗੁਰਸਿਖਾ ਮਨਿ ਵਾਧਾਈਆ ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ, 98146-12900*

ਸਮਾਂ ਨਾਮ ਗਤੀ ਦਾ ਹੈ। ਚਾਲ ਦਾ ਹੈ। ਜੋ ਚਲੰਤ ਹੈ, ਅਰੁੱਕ ਹੈ। ਉਸ ਦਾ ਨਾਮ ਸਮਾਂ ਹੈ। ਚਲ ਰਹੀ ਘੜੀ ਸਮੇਂ ਦਾ ਪ੍ਰਤੀਕ ਹੈ। ਘੜੀ ਦੀ ਸੂਈ ਜੋ ਲਗਾਤਾਰ ਚਲਦੀ ਰਹਿੰਦੀ ਹੈ ਉਹ ਸਮੇਂ ਦੀ ਪਰਿਭਾਸ਼ਾ ਦਰਸਾ ਰਹੀ ਹੈ। ਜੋ ਘੜੀ ਟਿਕ-ਟਿਕ (ਭਾਵ ਰੁਕ-ਰੁਕ) ਕਰਕੇ ਚਲਦੀ ਹੈ ਉਹ ਸਮੇਂ ਦਾ ਪ੍ਰਤੀਕ ਨਹੀਂ ਹੈ। ਲਗਾਤਾਰਤਾ ਦਾ ਨਾਮ ਸਮਾਂ ਹੈ। ਇਹ ਆਦਿ ਕਾਲ ਤੋਂ ਭਾਵ ਜਦੋਂ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ, ਸਮਾਂ ਚਲ ਰਿਹਾ ਹੈ -

*ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥*
*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥*

*ਅੰਗ - ੪*

'ਅਰਬਦ ਨਰਬਦ ਧੁੰਧੂਕਾਰਾ' ਵਾਲੀ ਅਵਸਥਾ ਵਿਚ ਉਹ ਆਪੇ ਆਪ ਪ੍ਰਮੇਸ਼ਰ ਸੀ। 'ਆਦਿ ਸਚੁ ਜੁਗਾਦਿ ਸਚੁ' ਵਾਲੀ ਅਵਸਥਾ ਹੈ। 'ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਸਮੇਂ ਦੇ ਨਾਲ ਨਵੇਂ ਰੂਪ ਵਿਚ ਪਰਿਭਾਸ਼ਿਤ ਹੁੰਦੀ ਗਈ। 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' ਸਮੇਂ ਤੋਂ ਬਾਹਰ ਹੈ। ਗਿਣਤੀਆਂ-ਮਿਣਤੀਆਂ ਤੋਂ ਬਾਹਰ ਹੈ। 'ਤੂ ਬੇਅੰਤੁ ਕੋ ਵਿਰਲਾ ਜਾਣੈ ॥' ਭਾਵ '***ਕੇਵਡੁ ਵਡਾ ਡੀਠਾ ਹੋਇ ॥***' ਉਸ ਬੇਅੰਤ ਦਾ ਅੰਤ ਨਹੀਂ ਜਾਣਿਆ ਜਾ ਸਕਦਾ -

*ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ।*

*ਪਾਤਿਸਾਹੀ ੧੦*

*ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ ਨ ਘਾਟ ਬਾਘ ਹੋਤ ਹੈ॥*

*ਅਕਾਲ ਉਸਤਿਤ*

ਉਹ ਇਕ ਰਸ, ਹਰ ਥਾਂ ਉਸ ਦੀ ਜੋਤਿ ਵਿਦਮਾਨ ਹੈ, ਪਰੀਪੂਰਨ ਹੈ। ਤਾਂ ਹੀ ਸਾਨੂੰ ਤਾਕੀਦ ਹੈ ਕਿ -

*ਜਾਗਤ ਜੋਤ ਜਪੈ ਨਿਸ ਬਾਸੁਰ*
*ਏਕ ਬਿਨਾ ਮਨ ਨੇਕ ਨ ਆਨੈ। ਸਵੱਈਏ*

ਜੋ ਗਿਣਤੀ ਮਿਣਤੀ ਵਿਚ ਹੈ ਉਸ ਦਾ ਅਕਾਰ ਹੈ, ਜਿਸ ਦਾ ਅਕਾਰ ਹੈ ਉਸ ਨੇ ਇਕ ਦਿਨ ਬਿਨਸਨਾ ਹੈ। ਉਹ ਸਮੇਂ ਦੇ ਅਧੀਨ ਹੈ। ਭਾਵ -

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥*

*ਅੰਗ - ੧੪੨੯*

ਸਮੇਂ ਦੇ ਅਧੀਨ ਵਾਲੇ ਨੇ ਸਮਾਅ ਜਾਣਾ ਹੈ। ਸਮਾਂ ਤੇ ਸਮਾਅ ਸ਼ਬਦ ਸਮਾਨਰਥਕ ਸ਼ਬਦ ਹਨ। ਇਨ੍ਹਾਂ ਸ਼ਬਦਾਂ ਦੇ ਬੋਲਣ ਸੁਣਨ ਵਿਚ ਸੂਖਸ਼ਮ ਫਰਕ ਹੈ। ਸਮਾਂ ਸ਼ਬਦ ਵਿਚ ਕੰਨੇ ਦੇ ਉਤੇ ਬਿੰਦੀ ਹੈ। ਪਰ ਸਮਾਅ ਸ਼ਬਦ ਵਿਚ ਕੰਨੇ ਉਤੇ ਬਿੰਦੀ (ਾਂ) ਨਹੀਂ ਹੈ। ਕੰਨੇ ਦੀ ਲੰਬੀ ਅਵਾਜ਼ ਹੈ। ਸ+ਮਾ ਜਿਹਦੇ ਵਿਚ ਸਮਾਅ ਜਾਣਾ ਹੈ ਉਹ ਸਮੇਂ ਦੇ ਅਧੀਨ ਨਹੀਂ ਹੈ। ਉਹ ਸਦਾ ਰਹਿਣ ਵਾਲੀ ਸ਼ੈਅ ਹੈ, ਹਸਤੀ ਹੈ, being ਹੈ, ਹੋਂਦ ਹੈ। ਉਹ ਕੇਵਲ ਇਕ (ੴ) ਪ੍ਰਮੇਸ਼ਰ ਹੀ ਹੈ। ੴ ਹੁੰਦਾ ਹੋਇਆ ਸਤਿਨਾਮੁ ਹੈ, ਕਰਤਾ ਪੁਰਖ ਹੈ, ਨਿਰਭਉ ਤੇ ਨਿਰਵੈਰ ਵੀ ਹੈ, ਅਕਾਲ ਮੂਰਤਿ ਹੈ, ਅਜੂਨੀ ਹੁੰਦਾ ਹੋਇਆ ਸੈਭੰ ਵੀ ਹੈ। ਆਪਣੇ ਆਪ ਤੋਂ ਸੁਤੇ ਪ੍ਰਕਾਸ਼ ਹੈ। ਕਿਸੇ ਦਾ ਬਣਾਇਆ ਨਹੀਂ ਹੈ। 'ਗੁਰ ਪ੍ਰਸਾਦਿ' ਗੁਰ ਕਿਰਪਾ, ਰਹਿਮਤ ਨਾਲ ਹੀ ਪ੍ਰਾਪਤੀ ਸੰਭਵ ਹੈ। ਫਿਰ ਉਹ ਆਦਿ ਸਚੁ, ਜੁਗਾਦਿ ਸਚੁ ਹੈ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਤਿੰਨਾਂ ਕਾਲਾਂ ਵਿਚ, ਕਾਲਾਂ ਤੋਂ ਪਹਿਲਾਂ ਵੀ ਉਸ ਦੀ ਹਸਤੀ ਹੋਂਦ ਹੈ, ਸਦਾ ਹੀ ਹੈ, ਕਦੇ ਘੱਟ ਵੱਧ ਨਹੀਂ। ਜੋ ਉਸ ਪਰਮ ਸ਼ਕਤੀ ਨਾਲ ਜੁੜ ਗਿਆ ਉਹ ਵੀ ਅਮਰ ਹੋ ਜਾਂਦਾ ਹੈ। ਸਮੇਂ ਤੋਂ ਬਾਹਰ ਨਿਕਲ ਜਾਂਦਾ ਹੈ।

*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥* *ਅੰਗ - ੨੬੨*

ਕਾਲ ਦੀ ਪਹੁੰਚ ਨਹੀਂ। ਉਥੇ ਜਨਮ ਮਰਨ ਖਤਮ ਹੈ -

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥* *ਅੰਗ - ੭੪੯*

ਆਪ ਜੁੜੇ, ਹੋਰਨਾਂ ਨੂੰ ਜੋੜਨ ਦੇ ਸਮਰੱਥ ਹਨ।

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥* *ਅੰਗ - ੭੪੯*

ਉਹ ਅਸਲੀ ਮੁਬਾਰਿਕਵਾਦ ਦੇ ਪਾਤਰ ਹਨ। ਉਹ ਪੁੱਗ ਚੁੱਕੇ ਹਨ -

*ਚੰਦ ਮੁਮਾਰਖ ਈਦ ਪੁਗ ਖਲੋਵਣਾ॥ ਭਾਈ ਗੁਰਦਾਸ ਜੀ*

ਜੇਕਰ ਅਜੇ ਉਸ ਅਵਸਥਾ ਦੀ ਪ੍ਰਾਪਤੀ ਨਹੀਂ ਹੋਈ ਤਾਂ 'ਅਜਹੂ ਦਿੱਲੀ ਦੂਰ ਅਸਤ' ਅਜੇ ਦਿੱਲੀ ਦੂਰ ਹੈ। 'ਮੰਜ਼ਿਲ-ਏ-ਮਕਸੂਦ' ਨਹੀਂ ਮਿਲੀ। ਅਜੇ ਉਹ ਬਿਅੰਨ ਅੱਖੜੀਆਂ ਪ੍ਰਾਪਤ ਨਹੀਂ ਹੋਈਆਂ ਜੋ ਸੱਚੇ ਪਾਤਸ਼ਾਹ ਬਖਸ਼ਿਸ਼ ਕਰ ਰਹੇ ਹਨ -

*ਨਾਨਕ ਸੇ ਅਖੜੀਆਂ ਬਿਅੰਨਿ*
*ਜਿਨੀ ਡਿਸੰਦੋ ਮਾ ਪਿਰੀ ॥ ਅੰਗ - ੫੭੭*

ਫਿਰ ਤਾਂ ਹਾਲਤ ਇਹ ਹੈ -

*ਸਰਫੈ ਸਰਫੈ ਸਦਾ ਸਦਾ ਏਵੈ ਗਈ ਵਿਹਾਇ ॥*
*ਅੰਗ - ੧੪੧੨*

ਥੋੜ੍ਹੀ-ਥੋੜ੍ਹੀ ਕਰਦੇ, ਸਰਫਾ ਕਰਦਿਆਂ ਦੀ ਲੰਘ ਗਈ। ਮਹਾਰਾਜ ਬਖਸ਼ਿਸ਼ ਕਰਦੇ ਹਨ -

*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*
*ਅੰਗ - ੭੨੬*

ਹੋ ਜਾਏਗੀ ਪ੍ਰਾਪਤੀ ਇਸੇ ਜਨਮ ਵਿਚ। ਚਿੰਤਾ ਨਾ ਕਰੀਏ, ਚਿੰਤਨ ਕਰੀਏ, ਜੁੜੀਏ ਅਰਦਾਸ ਵਿਚ-

*ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥*
*ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥*
*ਅੰਗ - ੧੩੭੬*

ਕਰੀਏ ਸਮਰਪਣ -

*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ - ੬੯੪*

ਜਦੋਂ ਜੁੜ ਗਏ, ਹੁਕਮੀ ਬੰਦੇ ਬਣ ਗਏ, ਸਮਰਪਣ ਵਿਚ ਆ ਗਏ, ਫਿਰ ਸਾਰੇ ਸਮੇਂ ਪਵਿੱਤਰ ਹਨ, ਮੁਬਾਰਕਬਾਦ ਹੈ।

*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥*
*ਅੰਗ - ੧੩੬*

ਲੋੜ ਹੈ ਉਸ ਪਰਮ ਸ਼ਕਤੀ ਦੀ ਨਦਰਿ ਦੀ -

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਅੰਗ - ੪੪*

ਅੰਗ੍ਰੇਜ਼ੀ ਸਿਸਟਮ ਦੇ ਹਿਸਾਬ ਨਾਲ ਸਾਲ 2026 ਦੀ ਆਮਦ ਹੋ ਰਹੀ ਹੈ। 31 ਦਸੰਬਰ ਰਾਤ 12 ਵਜੇ 2025 ਦੀ ਵਿਦਾਇਗੀ ਹੈ। ਜਸ਼ਨ, ਖੁਸ਼ੀਆਂ, ਆਪਣੇ-ਆਪਣੇ ਢੰਗ ਤਰੀਕਿਆਂ ਨਾਲ, ਦੇਸ਼ਾਂ-ਵਿਦੇਸ਼ਾਂ ਵਿਚ ਹੋ ਰਹੀਆਂ ਹਨ। ਬਾਰ੍ਹਾਂ ਵਜ ਕੇ ਇਕ ਮਿੰਟ ਤੇ 2026 ਨੂੰ welcome, 'ਜੀ ਆਇਆਂ' ਹੈ। ਹਰ ਇਕ ਦੇ ਸ਼ੁਭ ਅਕੀਦੇ ਨੂੰ ਮੁਬਾਰਕਬਾਦ ਹੈ। ਪਰ ਗੁਰਸਿੱਖਾਂ ਦਾ ਅਕੀਦਾ, ਭਰੋਸਾ ਆਪਣੇ ਗੁਰੂ ਦੇ ਸਿਧਾਤਾਂ, ਗੁਰੂ ਦੀ ਚਲਾਈ ਚਾਲੀ 'ਤੇ ਹੈ। ਉਨ੍ਹਾਂ ਲਈ ਮੁਬਾਰਕਬਾਦ ਇਸ ਤਰ੍ਹਾਂ ਹੈ -

*ਗੁਰਸਿਖਾ ਮਨਿ ਵਾਧਾਈਆ*
*ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ ॥ ਅੰਗ - ੪੫੧*

ਆਓ! ਸਮਰੱਥ ਸਤਿਗੁਰੂ ਵਲੋਂ ਦਰਸਾਈ ਜੀਵਨ ਜੁਗਤਿ ਅਪਨਾਉਂਦੇ ਹੋਏ ਨਾਮ-ਬਾਣੀ ਨਾਲ ਜੁੜੀਏ। ਜੋ ਸਮਾਂ ਲੰਘ ਗਿਆ ਉਸ ਦਾ ਵਿਸ਼ਲੇਸ਼ਣ ਕਰੀਏ-

*ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥*
*ਅੰਗ- ੭੨੭*

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ - ੨੯੫*

ਜੋ ਸਮਾਂ ਲੰਘ ਚੁਕਿਆ ਹੈ, ਨੈਗੇਟਿਵ ਹੋਇਆ ਭਾਵ ਗੁਰੂ ਦੇ ਸਿਧਾਂਤ, ਬਾਣੀ ਉਪਦੇਸ਼ ਤੋਂ ਉਲਟ ਹੋਇਆ, ਉਸ ਦਾ ਪਛਤਾਵਾ ਕਰੀਏ। ਅਰਦਾਸ ਵਿਚ ਜੁੜੀਏ, ਸੱਚੇ ਪਾਤਸ਼ਾਹ -

*ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥*
*ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥*
*ਅੰਗ - ੨੬੧*

ਅਰਦਾਸ ਹੈ ਸਭ ਪਾਠਕ ਜਨਾਂ ਲਈ ਸੱਚੇ ਪਾਤਸ਼ਾਹ ਸਭਨਾਂ ਨੂੰ ਆਪਣੇ ਚਰਨਾਂ ਕਮਲਾਂ ਨਾਲ ਜੋੜ ਕੇ ਖੁਸ਼ੀਆਂ, ਖੇੜੇ, ਅਨੰਦ ਬਖਸ਼ਿਸ਼ ਕਰਨ। ਐਸਾ ਅਨੰਦ ਬਖਸ਼ਣ, ਜਿਸ ਬਾਰੇ ਫੁਰਮਾਨ ਹੈ -

*ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥*
*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥*
*ਅੰਗ - ੧੩੭੦*

*ਰਾਜੁ ਨ ਚਾਹਉ ਮੁਕਤਿ ਨ ਚਾਹਉ*
*ਮਨਿ ਪ੍ਰੀਤਿ ਚਰਨ ਕਮਲਾਰੇ ॥ ਅੰਗ - ੫੩੪*

ਬਣੀਏ! ਆਤਮ ਮਾਰਗ ਦੇ ਪਾਂਧੀ, ਇਕ ਦਿਨ ਪ੍ਰਵਾਨ ਹੋ ਜਾਵਾਂਗੇ। ਸਾਲ 2026 ਦੀ ਸਭਨਾਂ ਸੰਗਤਾਂ 'ਤੇ ਪਾਠਕ ਜਨਾਂ ਨੂੰ ਮੁਬਾਰਕਾਂ ਦਿੰਦੇ ਹੋਏ ਦਾਸ ਅਰਦਾਸ ਵਿਚ ਜੁੜਨ ਦੀ ਬੇਨਤੀ ਕਰਦਾ ਹੈ -

*ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥*
*ਅੰਗ- ੧੫੭*

ਭੁਲਾਂ ਚੁਕਾਂ ਦੀ ਖਿਮਾ।

# ਮਾਘ

**(ਮਾਘਿ ਮਹੀਨੇ ਦੀ ਸੰਗਰਾਂਦ : 14 ਜਨਵਰੀ, ਦਿਨ ਬੁੱਧਵਾਰ)**

*ਡਾ. ਭਾਈ ਵੀਰ ਸਿੰਘ ਜੀ*

**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥**
**ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥**
**ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥**
**ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥**
**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥**
**ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥**
**ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥**
**ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥**
**ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥** *ਅੰਗ – ੧੩੫*

ਮਾਘ ਵਿਚ ਇਹ ਇਸ਼ਨਾਨ ਕਰ ਕਿ ਸਾਧੂਆਂ ਦੇ ਸੰਗ ਵਿਚ ਰਹੁ (ਤੇ ਉਨ੍ਹਾਂ ਦੀ ਚਰਨ) ਧੂੜੀ ਵਿਚ ਇਸ਼ਨਾਨ ਕਰ। ਵਾਹਿਗੁਰੂ ਜੀ ਦਾ ਨਾਮ (ਆਪ) ਸਿਮਰ, ਸੁਣ ਤੇ (ਇਹ ਨਾਮ ਅੱਗੋਂ) ਸਭਨਾਂ ਨੂੰ ਦਾਨ ਕਰ। (ਇਸ ਨਾਮ ਨਾਲ) ਜਨਮਾਂ ਦੀ ਕਰਮ-ਮੈਲ ਉਤਰ ਜਾਏਗੀ ਤੇ ਮਨ ਤੋਂ ਹੰਕਾਰ ਮਿਟ ਜਾਏਗਾ। ਕਾਮ ਕ੍ਰੋਧ (ਭੀ ਤੈਨੂੰ) ਠੱਗ ਨਹੀਂ ਸਕੇਗਾ ਤੇ ਲੋਭ ਕੁੱਤਾ ਬੀ ਨਾਸ਼ ਹੋ ਜਾਏਗਾ। (ਇਸ) ਸੱਚੇ ਮਾਰਗ ਤੇ ਚਲਦਿਆਂ (ਸਾਰਾ) ਜਹਾਨ (ਤੇਰੀ) ਉਸਤਤਿ ਕਰੇਗਾ। ਅਠਾਹਠ ਤੀਰਥਾਂ ਦੇ (ਇਸ਼ਨਾਨ ਦਾ ਫਲ) ਸਾਰੇ ਪੁੰਨਾਂ (ਦਾ ਫਲ) ਜੀਅ ਦਾਨ (ਆਦਿ ਦਾਨਾਂ ਦਾ ਫਲ ਜੋ) ਪ੍ਰਮਾਣੀਕ ਮੰਨੇ ਗਏ ਹਨ, (ਉਸ ਸੱਚੇ ਨਾਮ ਦੇ ਸੱਚੇ ਮਾਰਗ ਤੇ ਚੱਲਣ ਵਾਲੇ ਨੂੰ ਪ੍ਰਾਪਤ ਹੋ ਜਾਂਦੇ ਹਨ)। ਜਿਸ ਨੂੰ (ਵਾਹਿਗੁਰੂ) ਦਇਆ ਕਰਕੇ (ਨਾਮ ਦਾ ਸਿਮਰਨ) ਦਿੰਦਾ ਹੈ, ਉਹੀ ਪੁਰਖ ਸੁਜਾਨ ਹੁੰਦਾ ਹੈ। ਜਿਨ੍ਹਾਂ ਨੂੰ ਆਪਣਾ ਪ੍ਰਭੂ (ਨਾਮ ਨਾਲ) ਮਿਲ ਪਿਆ ਹੈ, ਨਾਨਕ (ਜੀ) ਉਨ੍ਹਾਂ ਤੇ ਕੁਰਬਾਨ ਹੈ। ਮਾਘ (ਦੇ ਮਹੀਨੇ) ਦਾ (ਉਪਦੇਸ਼ ਇਹ ਹੈ ਕਿ) ਓਹੋ (ਪੁਰਖ) ਪਵਿੱਤ੍ਰ ਗਿਣੇ ਜਾਂਦੇ ਹਨ, ਜਿਨ੍ਹਾਂ ਪਰ ਗੁਰੂ ਮਿਹਰਵਾਨ ਹੋਇਆ ਹੈ।

**ਵਿਆਖਿਆ** - ਇਹ ਮਹੀਨਾ ਬੀ ਠੰਢਾਂ ਦਾ ਹੈ, ਬਰਫਾਂ ਬੀ ਪੈ ਜਾਂਦੀਆਂ ਹਨ ਪਰ ਰੁੱਤ ਕੁਛ ਬਦਲ ਖੜ੍ਹੋਂਦੀ ਹੈ ਤੇ ਬਸੰਤ ਦਾ ਕੁਛ ਆਗਮਨ ਖਿਆਲ ਕੀਤਾ ਜਾਂਦਾ ਹੈ। ਇਸ ਮਹੀਨੇ ਵਿਚ ਪਤੀ ਪ੍ਰਾਪਤ ਸੁਹਾਗਣ ਦੇ ਰੂਪਕ ਵਿਚ ਮਿਲ ਪਏ ਸੰਤ ਦਾ ਵਰਣਨ ਹੈ।

ਇਸ ਮਹੀਨੇ ਪ੍ਰਯਾਗ ਆਦਿ ਤੀਰਥਾਂ ਤੇ ਇਸ਼ਨਾਨ ਦੇ ਮਹਾਤਮ ਕਥੇ ਹਨ, ਗੁਰੂ ਜੀ ਉਸੇ ਰੂਪਕ ਵਿਚ ਸਾਧੂ ਦੇ ਸੰਗ ਰੂਪੀ ਤੀਰਥ ਦਾ ਇਸ਼ਨਾਨ ਪ੍ਰਾਪਤੀ ਦਾ ਵਸੀਲਾ ਦੱਸਦੇ ਹਨ, ਉਹਨਾਂ ਤੋਂ ਨਾਮ ਲੈ ਕੇ ਆਪ ਜਪ ਤੇ ਅੱਗੋਂ ਦਾਨ ਕਰ।

# ਪਰਮ ਪਿਆਰੇ ਮਹਿਬੂਬ ਪਿਤਾ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਤੇ ਵਿਸ਼ੇਸ਼
# (ਅਬ ਮੈ ਅਪਨੀ ਕਥਾ ਬਖਾਨੋ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-41)*

ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਧਰਮ ਦਾ ਰਸਤਾ ਚਲਾਇਆ, ਸੰਸਾਰ ਨੂੰ ਦੱਸਿਆ ਕਿ ਕਿਵੇਂ ਜੀਉਣਾ ਚਾਹੀਦਾ ਹੈ।

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*
*ਅੰਗ - ੧੪੨੭*

ਨਾ ਕਿਸੇ ਤੋਂ ਡਰੋ, ਨਾ ਕਿਸੇ ਨੂੰ ਡਰਾਓ। ਸਾਰਿਆਂ ਦਾ ਭਲਾ ਲੋਚੋ।

***ਨਾਨਕ ਨਾਮ ਚੜ੍ਹਦੀ ਕਲਾ,***
***ਤੇਰੇ ਭਾਣੇ ਸਰਬੱਤ ਕਾ ਭਲਾ।***

ਦਇਆ ਹਿਰਦੇ 'ਚ ਧਾਰਨ ਕਰੋ, ਖਿਮਾ ਹਿਰਦੇ ਵਿਚ ਧਾਰਨ ਕਰੋ, ਸੱਚ ਦਾ ਜੀਵਨ ਜੀਓ, ਸੌਚ, ਪਵਿਤਰਤਾ, ਸੰਤੋਖ ਵਿਚ ਰਹੋ, ਦਾਨ ਕਰੋ, ਸੇਵਾ ਕਰੋ, ਮਿੱਠਾ ਬੋਲੋ ਤੇ ਆਸਾ ਅੰਦੇਸਾ ਦੀਆਂ ਡੈਣਾਂ ਤੋਂ ਦੂਰ ਰਹੋ। ਈਰਖਾ ਨਾ ਕਰੋ, ਨਿੰਦਿਆ ਨਾ ਕਰੋ, ਚੁਗਲੀਆਂ ਨਾ ਕਰੋ। ਇਹਦੇ ਨਾਲ ਪ੍ਰਮੇਸ਼ਰ ਦੇ ਦੁਆਰੇ ਤੇ ਪਹੁੰਚਣ ਵਾਲਾ ਸੁਖਾਲਾ ਰਸਤਾ, ਨਾਮ ਦਾ, ਸੰਸਾਰ ਨੂੰ ਆ ਕੇ ਦਿਤਾ। ਸਭ ਨੂੰ ਰਸਤਾ ਦੱਸ ਦਿਤਾ।

ਜਿਹੜੇ ਸੱਚੀ ਤਰ੍ਹਾਂ ਦੇ ਨਾਲ ਗੁਰੂ ਦੇ ਰਸਤੇ ਤੇ ਚੱਲ ਪਏ ਉਨ੍ਹਾਂ ਨੂੰ ਪਾਪ ਕਦੇ ਨਹੀਂ ਦੁਖੀ ਕਰਦਾ। ਜਿਹੜਾ ਆ ਕੇ ਸੀਸ ਨਿਵਾ ਕੇ ਗੁਰੂ ਦਾ ਬਣ ਗਿਆ, ਉਹਦੇ ਤਿੰਨੇ ਤਾਪ ਤੇ ਸਾਰੇ ਪਾਪ, ਗੁਰੂ ਨੇ ਦੂਰ ਕਰ ਦਿਤੇ।

ਨਾ ਉਹ ਜਮਾਂ ਦੇ ਕਾਲ ਵਿਚ ਆਉਂਦਾ ਹੈ, ਨਾ ਉਹਨੂੰ ਕਦੇ ਦੁੱਖ, ਨਾ ਉਹਨੂੰ ਇਹ ਚੀਜ਼ਾਂ ਕਦੇ ਸਤਾਉਂਦੀਆਂ ਹਨ। ਕਿਉਂਕਿ ਗੁਰੂ ਨੇ ਆਪਣਾ ਰਸਤਾ ਚਲਾ ਦਿਤਾ। ਹੁਣ ਮਹਾਰਾਜ ਕਹਿੰਦੇ ਹੁਣ ਮੈਂ ਦੱਸਾਂ।

***ਅਬ ਮੈ ਅਪਨੀ ਕਥਾ ਬਖਾਨੋ।***
***ਤਪ ਸਾਧਤ ਜਿਹਿ ਬਿਧਿ ਮੋਹਿ ਆਨੋ।***
***ਹੇਮ ਕੁੰਟ ਪਰਬਤ ਹੈ ਜਹਾਂ।***
***ਸਪਤ ਸ੍ਰਿੰਗ ਤਿਹ ਨਾਮੁ ਕਹਾਵਾ।***

ਉਥੇ ਪੰਜੇ ਪਾਡਵਾਂ ਨੇ ਜਦੋਂ ਯੁੱਧ ਜਿੱਤ ਲਿਆ, ਉਸ ਤੋਂ ਬਾਅਦ ਮਨ ਵਿਚ ਆਇਆ ਕਿ ਬਹੁਤ ਰਿਸ਼ਤੇਦਾਰ ਸਾਡੇ ਤੋਂ ਮਾਰੇ ਗਏ, ਇਹਦਾ ਪ੍ਰਾਸ਼ਚਿਤ ਕੀਤਾ ਜਾਵੇ। ਉਹ ਸੀਗਾ ਕਿ ਉਹ ਜਾ ਕੇ ਤਪ ਕਰਨ, ਉਥੇ ਜਾ ਕੇ ਜਿੱਥੇ ਉਨ੍ਹਾਂ ਨੇ ਤਪ ਕਰਿਆ, ਕਹਿੰਦੇ ਉਸ ਥਾਂ ਦੇ ਉਤੇ -

***ਪੰਡੁ ਰਾਜ ਜਹ ਜੋਗ ਕਮਾਵਾ।***
***ਤਹ ਹਮ ਅਧਿਕ ਤਪੱਸਿਆ ਸਾਧੀ।***
***ਮਹਾਕਾਲ ਕਾਲਿਕਾ ਅਰਾਧੀ।***

ਜਿਹੜਾ ਕਾਲ ਨੂੰ ਕੱਟਣ ਵਾਲਾ ਕਾਲ ਹੈ ਮਹਾਂਕਾਲ ਉਹਦੀ ਅਸੀਂ ਤਪਸਿਆ ਕਰੀ।

***ਇਹ ਬਿਧਿ ਕਰਤ ਤਪੱਸਿਆ ਭਯੋ।***
***ਦ੍ਵੈ ਤੇ ਏਕ ਰੂਪ ਹ੍ਵੈ ਗਯੋ।***

ਅਸੀਂ ਐਨੀ ਤਪਸਿਆ ਕਰੀ, ਐਨਾ ਨਾਮ ਜਪਿਆ ਕਿ ਸਾਡਾ ਪਤਾ ਨਹੀਂ ਲਗਦਾ -

*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥*
*ਅੰਗ - ੯੬੯*

ਪਛਾਣ ਹੀ ਹੱਟ ਗਈ ਕਿ ਮੈਂ ਹਾਂ ਕਿ ਰੱਬ ਹੈ। ਇਕ ਬਣ ਗਏ। ਦੋ ਰੂਪ ਤੋਂ ਇਕ ਹੋ ਗਏ।

***ਤਾਤ ਮਾਤ ਮੁਰ ਅਲਖ ਅਰਾਧਾ।***
***ਬਹੁ ਬਿਧਿ ਜੋਗ ਸਾਧਨਾ ਸਾਧਾ।***
***ਤਿਨ ਜੋ ਕਰੀ ਅਲਖ ਕੀ ਸੇਵਾ।***
***ਤਾ ਤੇ ਭਏ ਪ੍ਰਸੰਨ ਗੁਰ ਦੇਵਾ।***

ਮਾਂ ਬਾਪ ਨੇ ਪੁੱਤਰ ਦੀ ਯਾਚਨਾ ਪਿਛਲੇ ਜਨਮ ਵਿਚ ਕੀਤੀ ਸੀ, ਹੇ ਪ੍ਰਭੂ! ਤੂੰ ਸਾਡੇ ਘਰ ਵਿਚ ਆ ਕੇ ਅਵਤਾਰ ਧਾਰ। ਆਵਾਜ਼ ਆਈ ਕਿ ਐਤਕੀਂ ਤਾਂ ਨਹੀਂ ਅਗਲੇ ਜਨਮ ਵਿਚ ਅਸੀਂ ਆਵਾਂਗੇ। ਜਦੋਂ ਇਨ੍ਹਾਂ ਤੇ ਪ੍ਰਸੰਨ ਹੋ ਗਏ -

***ਤਿਨ ਪ੍ਰਭ ਜਬ ਆਇਸ ਮੁਹਿ ਦੀਆ।***
***ਤਬ ਹਮ ਜਨਮ ਕਲੂ ਮਹਿ ਲੀਆ।***

ਜਦੋਂ ਮੈਨੂੰ ਹੁਕਮ ਮਿਲਿਆ ਤਾਂ ਮੈਂ ਕਲਜੁਗ ਵਿਚ ਆ ਕੇ ਜਨਮ ਲੈ ਲਿਆ।

*ਚਿਤ ਨ ਭਯੋ ਹਮਰੋ ਆਵਨ ਕਹ।*
*ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ।*
*ਜਿਉ ਤਿਉ ਪ੍ਰਭ ਹਮ ਕੋ ਸਮਝਾਯੋ।*
*ਇਮ ਕਹਿ ਕੇ ਇਹ ਲੋਕ ਪਠਾਯੋ।*

ਮੇਰਾ ਚਿੱਤ ਨਹੀਂ ਸੀ ਕਰਦਾ ਪ੍ਰੇਮੀਓ! ਉਹ ਜਗ੍ਹਾ ਛੱਡ ਕੇ, ਪਰਮ ਅਨੰਦ ਦੀ, ਏਸ ਤੋਂ ਖਰਬਾਂ-ਖਰਬਾਂ ਗੁਣਾਂ ਅਨੰਦ, ਜਿਹਦੀ ਗਿਣਤੀ ਮਿਣਤੀ ਨਹੀਂ, ਉਹ ਨੂੰ ਛੱਡ ਕੇ ਆਉਣ ਨੂੰ ਮੇਰਾ ਦਿਲ ਨਹੀਂ ਸੀ ਕਰਦਾ। ਲੇਕਿਨ ਪ੍ਰਮੇਸ਼ਰ ਨੇ ਗੱਲ ਸਮਝਾਈ ਕਿ ਜਦੋਂ ਤੋਂ ਸੰਸਾਰ ਰਚਿਆ ਹੈ ਪਹਿਲਾਂ ਅਸੀਂ ਦੈਂਤ ਰਚੇ ਸੀ, ਉਹ ਤਾਕਤ ਦੇ ਨਸ਼ੇ ਦੇ ਅੰਦਰ ਅੰਨ੍ਹੇ ਹੋ ਗਏ, ਉਹ ਕਹਿੰਦੇ ਸੀ ਚੁਟਕੀ ਦੇ ਵਿਚ ਖਤਮ ਕਰ ਦਿਤੇ। ਫੇਰ ਅਸੀਂ ਦੇਵਤਾ ਬਣਾ ਦਿਤੇ, ਉਹ ਦੇਵਤਾ ਵੀ ਆਪਣੀ-ਆਪਣੀ ਪੂਜਾ ਕਰਾਉਣ ਲਗ ਗਏ ਫੇਰ ਅਸੀਂ ਮਨੁੱਖ ਬਣਾ ਦਿਤੇ। ਇਨ੍ਹਾਂ ਮਨੁੱਖਾਂ ਵਿਚ ਜਿੰਨੇ ਵੀ ਆਏ ਨੇ, ਜੋ ਜੋ ਵੀ ਜਗਤ ਵਿਚ ਸਿਆਣਾ ਹੋ ਕੇ ਆਇਆ ਹੈ, ਉਹਨੇ ਆਪਣਾ ਰਾਹ ਚਲਾ ਲਿਆ ਆ ਕੇ। ਮਨੁੱਖਤਾ ਲੀਰੋ ਲੀਰ ਕਰ ਦਿਤੀ। ਬੇਅੰਤ ਧਰਮਾਂ 'ਚ, ਬੇਅੰਤ ਰੂਪਾਂ ਵਿਚ ਸੰਸਾਰ ਪ੍ਰਗਟ ਹੋ ਗਿਆ। ਕਿਉਂਕਿ ਆਪਣੇ ਆਪਣੇ ਰਾਹ ਚਲਾਏ ਕਿਸੇ ਨੇ ਵਾਹਿਗੁਰੂ ਨੂੰ ਨਹੀਂ ਦੱਸਿਆ ਕਿ ਵਾਹਿਗੁਰੂ ਕੀ ਹੈ? ਸੋ ਉਹਦੇ ਵਾਸਤੇ ਤੁਸੀਂ ਜਾ ਕੇ ਪ੍ਰਮੇਸ਼ਰ ਦੀ ਸੋਝੀ ਦਿਓ, ਜਿੰਨਾ ਚਿਰ ਪ੍ਰਮੇਸ਼ਰ ਦੀ ਸੋਝੀ ਨਹੀਂ ਆਉਣੀ, ਮਤਲਬ ਮੇਰਾ ਪਤਾ ਨਹੀਂ ਲਗਦਾ ਫੇਰ ਇਨ੍ਹਾਂ ਦਾ ਜਨਮ ਮਰਨ ਦੂਰ ਨਹੀਂ ਹੋਣਾ, ਸੰਸਾਰ ਦੁਖੀ ਰਹੇਗਾ। ਉਹ ਸੁਖੀ ਤਾਂ ਹੋਣਾ ਹੈ ਜਦੋਂ ਉਸ ਨੇ ਆਪਣੇ ਸਰੂਪ ਦੀ ਪਛਾਣ ਕਰ ਲੈਣੀ ਹੈ।

*ਮੈ ਅਪਨਾ ਸੁਤ ਤੁਹਿ ਨਿਵਾਜਾ।*
*ਪੰਥ ਪ੍ਰਚੁਰ ਕਰਬੇ ਕਉ ਸਾਜਾ।*

ਮੈਂ ਆਪਣਾ ਪੁੱਤਰ ਬਣਾ ਕੇ, ਧਰਮ ਦਾ ਪੰਥ ਚਲਾਉਣ ਵਾਸਤੇ ਉਹਦਾ ਪ੍ਰਚਾਰ ਕਰਨ ਵਾਸਤੇ ਤੁਹਾਨੂੰ ਭੇਜਦਾ ਹੈ।

*ਜਹਾ ਤਹਾ ਤੇ ਧਰਮੁ ਚਲਾਇ।*
*ਕਬੁਧਿ ਕਰਨ ਤੇ ਲੋਕ ਹਟਾਇ।*

ਆਹ ਜਿਹੜੇ ਕੁਬੁੱਧੀ ਕਰਦੇ ਨੇ, ਈਰਖਾ, ਨਿੰਦਿਆ, ਚੁਗਲੀ, ਵਖੀਲੀ, ਵੈਰ-ਵਿਰੋਧ, ਸ਼ਰਾਬਾਂ ਪੀਂਦੇ ਨੇ, ਨਸ਼ੇ ਖਾਂਦੇ ਨੇ, ਆਪਸ ਵਿਚ ਲੜਦੇ ਨੇ, ਕਿਤੇ ਦਰਖਤਾਂ ਨੂੰ ਮੱਥੇ ਟੇਕਦੇ ਨੇ, ਕਿਤੇ ਸੂਰਜ ਨੂੰ ਟੇਕਦੇ ਨੇ, ਕਿਤੇ ਦਰਿਆਵਾਂ ਨੂੰ ਮੰਨਦੇ ਨੇ, ਕਿਤੇ ਤਾਰਿਆਂ ਨੂੰ ਮੱਥਾ ਟੇਕਦੇ ਨੇ, ਕਿਤੇ ਭੂਤਾਂ ਨੂੰ ਮੰਨੀ ਜਾਂਦੇ ਨੇ, ਕਿਤੇ ਮਰਿਆਂ ਹੋਇਆਂ ਦੀ ਸਮਾਧਾਂ ਤੇ ਮੱਥਾ ਟੇਕੀ ਜਾਂਦੇ ਨੇ। ਇਨ੍ਹਾਂ ਨੂੰ ਸਮਝਾਓ ਕਮਲਾ ਹੋ ਗਿਆ ਜਗਤ। 'ਨਾਮ' ਨਹੀਂ ਇਹ ਸੁਣ ਰਿਹਾ-

*ਬਿਨੁ ਸਬਦੈ ਸਭੁ ਜਗੁ ਬਉਰਾਨਾ*
*ਬਿਰਥਾ ਜਨਮੁ ਗਵਾਇਆ ॥* *ਅੰਗ - ੬੪੪*

ਜਨਮ ਇਨ੍ਹਾਂ ਦਾ ਬਿਰਥਾ ਜਾ ਰਿਹਾ ਹੈ, ਸ਼ਬਦ ਤੋਂ ਬਗੈਰ। ਜਾ ਕੇ ਸਮਝਾਓ। ਮਹਾਰਾਜ ਕਹਿੰਦੇ, ਨਿਗ੍ਹਾ ਮਾਰ ਕੇ ਅਸੀਂ ਦੇਖਿਆ ਕਿ ਇਹ ਤਾਂ ਸਾਰੇ ਅੰਧਕਾਰ ਛਾਇਆ ਪਿਆ ਹੈ। ਰਾਜਾ ਜਿਹੜਾ ਹੈ ਪੂਰਾ ਜ਼ਾਲਮ ਹੈ। ਉਹਨੂੰ ਕੋਈ ਪਤਾ ਨਹੀਂ ਨੀਤੀ, ਅਨੀਤੀ ਦਾ, ਇਕ ਧੁਨ ਸਵਾਰ ਹੈ ਕਿ ਮੈਂ ਜ਼ੋਰ ਜ਼ਬਰ ਦੇ ਨਾਲ ਸਾਰਿਆਂ ਨੂੰ ਇਕ ਧਰਮ ਦੇ ਵਿਚ ਲੈ ਆਵਾਂ, ਇਸਲਾਮ ਦੇ ਅੰਦਰ।

**ਇਸਲਾਮ ਮਾੜਾ ਨਹੀਂ ਹੈ, ਸਾਧਸੰਗਤ ਜੀ! ਪਰ ਜ਼ੋਰ ਜ਼ਬਰ ਦੇ ਨਾਲ ਕਿਸੇ ਆਦਮੀ ਨੂੰ ਕਹੋ ਕਿ ਤੂੰ ਧਰਮ ਬਦਲ ਲੈ, ਇਹ ਬਹੁਤ ਮਾੜੀ ਗੱਲ ਹੋਇਆ ਕਰਦੀ ਹੈ।**

**ਹੋਰ ਦੇਖਿਆ ਕਿ ਰਿਆਇਆ ਜਿਹੜੀ** ਹੈ ਇਹ ਗਿਆਨ ਤੋਂ ਬਗੈਰ ਅੰਨ੍ਹੀ ਹੋ ਗਈ। ਝੂਠ ਬੋਲਦੀਆਂ ਕਹਾਣੀਆਂ ਬਣਾ-ਬਣਾ ਕੇ ਸੁਣਾਈ ਜਾਂਦੇ ਨੇ। ਕੋਈ ਕੁਛ ਕਹਿੰਦਾ ਹੈ, ਕੋਈ ਕੁਛ, ਹੈ ਕੁਛ ਵੀ ਨਹੀਂ, ਸੱਚ ਕਿਨਾਰੇ ਰਹਿ ਗਿਆ। ਆਹ ਤਾਂ ਮਰਿਆ ਹੋਇਆ ਦੇਸ਼ ਹੈ ਇਹਦੇ ਵਿਚ ਜਾਨ ਕਿੱਥੇ ਪੈ ਜਾਏਗੀ। ਉਸ ਵੇਲੇ ਗੁਰੂ ਮਹਾਰਾਜ ਨੇ ਪ੍ਰਮੇਸ਼ਰ ਨੂੰ ਕਿਹਾ ਹੇ ਪਾਤਸ਼ਾਹ! ਜਿਹੜੀ ਡਿਊਟੀ ਤੁਸੀਂ ਮੈਨੂੰ ਦੇਣ ਲੱਗੇ ਹੋਂ, ਬੜੀ ਮੁਸ਼ਕਲ ਹੈ, ਜਦੋਂ ਤਕ ਤੁਸੀਂ ਨਹੀਂ ਸਹਾਇਤਾ ਕਰਦੇ, ਇਹ ਚਲਣਾ ਨਹੀਂ। ਦੂਸਰਾ ਜੁਗ ਕਲਜੁਗ ਦਾ ਹੈ, ਜਿਹਦੇ ਵਿਚ ਆਦਮੀ ਇਕ ਸਕਿੰਟ ਬਾਅਦ ਭੁੱਲ ਜਾਂਦਾ ਹੈ। ਐਥੇ ਸੁਣੇਗਾ ਜੋੜੇ ਪਾਉਂਦਾ ਭੁੱਲ ਜਾਏਗਾ। ਇਹਦੇ ਵਿਚ ਤੁਹਾਡੀ ਮਿਹਰ ਹੋਣੀ ਚਾਹੀਦੀ ਹੈ -

*ਠਾਢਿ ਭਯੋ ਮੈ ਜੋਰਿ ਕਰ*
*ਬਚਨ ਕਹਾ ਸਿਰ ਨਿਆਇ।*
*ਪੰਥ ਚਲੈ ਤਬ ਜਗਤ ਮੈ*
*ਜਬ ਤੁਮ ਕਰਹੁ ਸਹਾਇ।*

ਤਾਂ ਰਸਤਾ ਇਹ ਚਲਣਾ ਹੈ। ਹੁਣ ਸਾਨੂੰ ਕਹਿੰਦੇ ਨੇ ਕਿ ਐ ਦੁਨੀਆ ਵਾਲਿਓ! ਮੈਨੂੰ ਕਿਤੇ ਰੱਬ ਨਾ ਬਣਾ ਕੇ ਬਹਿ ਜਾਇਓ, ਮੈਂ ਰੱਬ ਨਹੀਂ ਹਾਂ। ਰੱਬ ਨੂੰ ਪਛਾਣੋ ਕਿ ਰੱਬ ਕੀ ਹੈ। ਪ੍ਰਮੇਸ਼ਰ ਤੋਂ ਬਾਹਰ ਕੋਈ ਨਹੀਂ ਹੈ। ਲੇਕਿਨ ਇਕੱਲੀ ਚੀਜ਼ ਪ੍ਰਮੇਸ਼ਰ ਕੋਈ ਨਹੀਂ। ਆਹ ਧਿਆਨ ਦਿਓ। ਦਰਖਤ ਜਿੰਨੇ ਵੀ ਨੇ, ਟਾਹਣੀਆਂ,

ਪੱਤੇ, ਫਲ ਜਿੰਨੇ ਨੇ ਦਰਖਤ ਤੋਂ ਬਾਹਰ ਕੋਈ ਨਹੀਂ ਹੈ, ਪਰ ਇਕੱਲੀ ਚੀਜ਼ ਦਰਖਤ ਕੋਈ ਨਹੀਂ ਹੈ। ਜੇ ਕਹੋ ਤਣਾ ਦਰਖਤ ਹੈ, ਤਣਾ ਦਰਖਤ ਨਹੀਂ ਹੈ। ਸਮੁੱਚਾ ਦਰਖਤ ਹੈ। ਸੋ ਮਹਾਰਾਜ ਕਹਿੰਦੇ ਨੇ ਕਿ ਕਿਤੇ ਐਸਾ ਨਾ ਕਰਿਓ ਕਿ ਮੈਨੂੰ ਰੱਬ ਬਣਾ ਕੇ ਬਹਿ ਜਾਇਓ।

*ਇਹ ਕਾਰਨਿ ਪ੍ਰਭ ਮੋਹਿ ਪਠਾਯੋ।*
*ਤਬ ਮੈ ਜਗਤ ਜਨਮ ਧਰਿ ਆਯੋ।*
*ਜਿਮ ਤਿਮ ਕਹੀ ਤਿਨੈ ਤਿਮ ਕਹਿ ਹੌਂ।*
*ਅਉਰ ਕਿਸੂ ਤੇ ਬੈਰ ਨ ਗਹਿ ਹੌਂ।*

ਉਵੇਂ ਜਿਵੇਂ ਮੈਂ ਕਹਿੰਦਾ ਹਾਂ ਜਿਵੇਂ ਮੈਨੂੰ ਕਿਹਾ ਹੈ।

*ਜੋ ਹਮ ਕੋ ਪਰਮੇਸਰ ਉਚਰਿ ਹੈਂ।*
*ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।*
*ਮੋ ਕੌ ਦਾਸ ਤਵਨ ਕਾ ਜਾਨੋ।*
*ਯਾ ਮੈ ਭੇਦ ਨ ਰੰਚ ਪਛਾਨੋ।*

ਜਿਨ੍ਹਾਂ ਨੇ ਗਲਤੀ ਦੇ ਨਾਲ ਮੈਨੂੰ ਕਹਿ ਦਿਤਾ ਕਿ ਰੱਬ ਆਇਆ ਹੈ, ਰੱਬ ਇਹੀ ਹੈ ਤਾਂ ਕਹਿੰਦੇ ਫੇਰ ਨਰਕਾਂ 'ਚ ਪੈਣਗੇ। ਕਿਉਂਕਿ ਮੈਂ ਨਹੀਂ ਇਹ ਕਹਾਉਣ ਆਇਆ। ਪਹਿਲਾਂ ਗਲਤੀਆਂ ਹੋ ਗਈਆਂ।

ਕ੍ਰਿਸ਼ਨ ਮਹਾਰਾਜ ਨੇ ਜੇ ਗੀਤਾ ਦਾ ਉਪਦੇਸ਼ ਦਿਤਾ ਸੀ ਅਰਜਨ ਨੂੰ। ਉਹ ਬ੍ਰਹਮ ਭਾਵ ਵਿਚ ਕੀਤੀ ਹੋਈ ਗੱਲ ਸੀ, ਸਮਾਂ ਚੰਗਾ ਸੀ, ਗੱਲ ਸਮਝਾਉਣ ਵਾਸਤੇ ਉਹ ਆਤਮ ਬਿਰਤੀ ਵਿਚ ਬੋਲਦੇ ਸੀ। ਸਰੀਰਕ ਤੌਰ ਤੇ ਨਹੀਂ ਸੀ ਬੋਲਦੇ। ਲੇਕਿਨ ਹੌਲੀ ਹੌਲੀ ਅਸੀਂ ਜਿਉਂ-ਜਿਉਂ ਥੱਲੇ ਆਏ, ਉਹ ਪਰੀਪੂਰਨ ਪ੍ਰਮੇਸ਼ਰ ਦੀ ਥਾਂ ਦੇ ਉਤੇ ਅਸੀਂ ਐਨਾ ਹੀ ਕਰ ਲਿਆ ਕਿ ਕ੍ਰਿਸ਼ਨ ਮਹਾਰਾਜ ਪ੍ਰਮੇਸ਼ਰ ਆਪ ਸੀ। ਉਥੇ ਭੁੱਲ ਖਾ ਗਏ। ਉਹ ਤਾਂ ਆਪ ਹੀ ਸੀ ਵਾਹਿਗੁਰੂ ਸਾਰੇ। ਸੋ ਮਹਾਰਾਜ ਕਹਿੰਦੇ, ਕਿਤੇ ਦੁਬਾਰਾ ਭੁੱਲ ਨਾ ਖਾ ਜਾਇਓ। ਮੈਂ ਤਾਂ ਉਹਦਾ ਦਾਸ ਹਾਂ।

*ਮੈ ਹੋ ਪਰਮ ਪੁਰਖ ਕੋ ਦਾਸਾ।*
*ਦੇਖਨ ਆਯੋ ਜਗਤ ਤਮਾਸਾ।*
*ਜੋ ਪ੍ਰਭ ਜਗਤਿ ਕਹਾ ਸੋ ਕਹਿ ਹੌਂ।*
*ਮ੍ਰਿਤ ਲੋਕ ਤੇ ਮੋਨ ਨ ਰਹਿ ਹੌਂ।*
*ਹਮ ਇਹ ਕਾਜ ਜਗਤ ਮੋ ਆਏ।*
*ਧਰਮ ਹੇਤ ਗੁਰਦੇਵ ਪਠਾਏ।*
*ਜਹਾਂ ਤਹਾਂ ਤੁਮ ਧਰਮ ਬਿਥਾਰੋ।*
*ਦੁਸਟ ਦੋਖੀਅਨ ਪਕਰਿ ਪਛਾਰੋ।*
*ਯਾਹੀ ਕਾਜ ਧਰਾ ਹਮ ਜਨਮੰ।*
*ਸਮਝ ਲੇਹੁ ਸਾਧੂ ਸਭ ਮਨਮੰ।*
*ਧਰਮ ਚਲਾਵਨ ਸੰਤ ਉਬਾਰਨ।*
*ਦੁਸਟ ਸਭਨ ਕੋ ਮੂਲ ਉਪਾਰਨ।*

ਦੋ ਕਿਸਮ ਦੀ ਦੁਨੀਆਂ ਦਾ ਜ਼ਿਕਰ ਆਉਂਦਾ ਹੈ ਸਾਧਸੰਗਤ ਜੀ! ਸੰਸਾਰ ਦੇ ਵਿਚ। ਆਪਣੀ ਨਿਗ੍ਹਾਂ ਨਹੀਂ ਨਾ ਜਿੱਥੇ ਜਾ ਸਕਦੀ, ਉਥੇ anti matter ਜਿਥੇ ਪ੍ਰਾਕ੍ਰਿਤੀ ਨਹੀਂ ਹੁੰਦੀ ਉਥੇ ਦੋ ਕਿਸਮ ਦੀ ਦੁਨੀਆਂ ਹੈ। ਇਕ ਦੈਵੀ ਦੁਨੀਆਂ ਹੈ, ਇਕ ਹੈ ਦੈਂਤ ਦੁਨੀਆਂ। ਹਰੇਕ ਬੰਦੇ ਦੇ ਅੰਦਰ ਉਹਨੇ ਪ੍ਰਵੇਸ਼ ਕੀਤਾ ਹੋਇਆ ਹੈ, ਸਾਡੇ ਅੰਦਰ ਦੇਵਤੇ ਵੀ ਰਹਿੰਦੇ ਨੇ, ਦੈਂਤ ਵੀ ਰਹਿੰਦੇ ਨੇ। ਦੈਂਤਾਂ ਦਾ ਰੂਪ ਹੈ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ ਤੇ ਆਸਾ, ਤ੍ਰਿਸ਼ਨਾ ਆਦਿ ਬੇਅੰਤ ਚੀਜ਼ਾਂ ਨੇ। ਦੂਸਰੇ ਪਾਸੇ ਦੇਵਤਿਆਂ ਦਾ ਰੂਪ ਹੈ, ਸਤਿ ਹੈ, ਸੰਤੋਖ ਹੈ, ਦਇਆ, ਧਰਮ, ਸੁੱਚ, ਪਵਿਤਰਤਾ ਹੈ, ਅਹਿੰਸਾ ਹੈ, ਮਿੱਠਾ ਬੋਲਣਾ, ਸਤਿ ਦਾ ਜੀਵਨ ਹੈ। ਇਹ ਗੁਣ ਉਨ੍ਹਾਂ ਦੇ ਨੇ। ਸੋ ਇਨ੍ਹਾਂ ਦਾ ਹਰ ਵਕਤ ਝਗੜਾ ਰਹਿੰਦਾ ਹੈ, ਕਸ਼ਮਕਸ਼ ਰਹਿੰਦੀ ਹੈ। ਜੇ ਤਾਂ ਦੈਂਤ ਦੁਨੀਆਂ ਵੱਧ ਜਾਵੇ ਸੰਸਾਰ ਦੇ ਅੰਦਰ ਤਾਂ ਦੁਖ ਸ਼ੁਰੂ ਹੋ ਜਾਂਦਾ। ਜੇ ਦੇਵ ਦੁਨੀਆਂ ਵਧ ਜਾਵੇ, ਧਰਮ ਦੀ ਦੁਨੀਆਂ, ਤਾਂ ਸੰਸਾਰ ਦੇ ਅੰਦਰ ਸੁਖ ਵਧ ਜਾਇਆ ਕਰਦਾ ਹੈ। ਮਹਾਰਾਜ ਕਹਿੰਦੇ -

*ਜਿਸ ਨੋ ਆਪਿ ਖੁਆਏ*
*ਕਰਤਾ ਖੁਸਿ ਲਏ ਚੰਗਿਆਈ ॥* *ਅੰਗ - ੪੧੭*

ਜਦੋਂ ਚੰਗਿਆਈਆਂ ਖਤਮ ਹੋ ਜਾਣ ਉਸ ਵੇਲੇ ਆਦਮੀ ਦੇ ਉਤੇ ਪਤਨ ਆ ਜਾਇਆ ਕਰਦਾ ਹੈ, ਗਿਰਨਾ ਸ਼ੁਰੂ ਹੋ ਜਾਇਆ ਕਰਦਾ ਹੈ। ਸੋ ਮਹਾਰਾਜ ਉਨ੍ਹਾਂ ਗੁਣਾਂ ਨੂੰ, ਧਰਮ ਨੂੰ ਉਭਾਰਨ ਵਾਸਤੇ ਸੰਸਾਰ ਦੇ ਅੰਦਰ ਆਏ ਤੇ ਆਪ ਨੇ ਇਥੇ ਆ ਕੇ ਐਨੇ ਕੌਤਕ ਕੀਤੇ। ਕਿਸੇ ਪਾਸਿਓਂ ਚੁੱਕ ਲਓ ਮਹਾਰਾਜ ਦਾ ਜੀਵਨ, ਇਕ ਛੋਟੀ ਤੋਂ ਛੋਟੀ ਮਿਸਾਲ ਦੇਖ ਲਓ ਕਿ ਪਿਆਰ ਦੇ ਹੀ ਭਰੇ ਹੋਏ ਨੇ, ਆਪ ਨੇ ਰੱਬ ਨੂੰ ਵੀ ਇਹ ਗੱਲ ਕਹੀ ਹੈ ਕਿ ਰੱਬ ਜਿਹੜਾ ਹੈ, ਉਹ ਨਿਰਾ ਹੀ ਪਿਆਰ ਹੈ -

*ਜਤ੍ਰ ਤਤ੍ਰ ਦਿਸਾ ਵਿਸਾ*
*ਹੁਇ ਫੈਲਿਓ ਅਨੁਰਾਗ॥* *ਜਾਪੁ ਸਾਹਿਬ*

ਚਾਰੇ ਪਾਸੇ, ਪੂਰਬ, ਪੱਛਮ, ਉਤਰ, ਦੱਖਣ ਹਰ ਕੋਨੇ ਦੇ ਉਤੇ ਉਹ ਵਾਹਿਗੁਰੂ ਪਿਆਰ ਦਾ ਸਰੂਪ ਧਾਰਨ ਕਰਕੇ ਫੈਲਿਆ ਹੋਇਆ ਹੈ। ਪਰੀਪੂਰਨ ਹੈ। ਜਿਹੜਾ ਪਿਆਰ ਦਾ ਸਰੂਪ ਹੈ ਉਹ ਨਫਰਤ ਨਾਲ ਤਾਂ ਨਹੀਂ ਮਿਲਣਾ। ਉਹ ਕਿਸੇ ਤਰੀਕੇ ਨਾਲ ਨਹੀਂ ਮਿਲਦਾ, ਜੇ

ਮਿਲਦਾ ਹੈ ਤਾਂ –

***ਸਾਚ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਜਿਹਨੇ ਵੀ ਪਿਆਰ ਕਰਿਆ ਹੈ ਉਸ ਨੂੰ ਪ੍ਰਮੇਸ਼ਰ ਮਿਲਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। ਸੋ ਉਨ੍ਹਾਂ ਦੀਆਂ ਜਿੰਨੀਆਂ ਕਥਾਵਾਂ ਨੇ ਸਾਰੀਆਂ ਸੰਸਾਰ ਤੋਂ ਨਿਆਰੀਆਂ ਨੇ–

***ਹਰਿ ਕੇ ਸੇਵਕ ਜੋ ਹਰਿ ਭਾਏ***
***ਤਿਨ੍ ਕੀ ਕਥਾ ਨਿਰਾਰੀ ਰੇ ॥***
***ਆਵਹਿ ਨ ਜਾਹਿ ਨ ਕਬਹੂ ਮਰਤੇ***
***ਪਾਰਬ੍ਰਹਮ ਸੰਗਾਰੀ ਰੇ ॥*** ***ਅੰਗ – ੮੫੫***

ਸੋ ਸਾਰੀਆਂ ਕਥਾਵਾਂ, ਸਾਡੀਆਂ ਹੋਰ ਤਰ੍ਹਾਂ ਦੀਆਂ ਨੇ, ਪ੍ਰਮੇਸ਼ਰ ਦੀਆਂ, ਉਸ ਦੇ ਪਿਆਰਿਆਂ ਦੀਆਂ ਹੋਰ ਤਰ੍ਹਾਂ ਦੀਆਂ ਨੇ। ਸੰਸਾਰ ਵਰਗੀਆਂ ਨਹੀਂ ਹਨ, ਸੰਸਾਰ ਤੋਂ ਵੱਖਰੀਆਂ ਨੇ।

ਸੰਨ 1666 ਈਸਵੀ (ਸੰਮਤ 1723 ਬਿਕ੍ਰਮੀ ਪੋਹ ਸੁਦੀ ਸੱਤਵੀਂ) ਦੀ ਸੁਭਾਗੀ ਰਾਤ ਨੂੰ ਸਾਰੇ ਅਕਾਸ਼ ਮੰਡਲ ਵਿਚ ਇਕ ਮਹਾਨ ਪ੍ਰਕਾਸ਼ ਹੋਇਆ ਅਤੇ ਗੁਰੂ ਦਸਮੇਸ਼ ਪਿਤਾ ਜੀ ਸੰਸਾਰ ਦੇ ਕਰਮ ਮੰਡਲ ਉਪਰ ਪ੍ਰਵੇਸ਼ ਹੋਏ। ਉਚੀਆਂ ਉਡਾਰੀਆਂ ਵਾਲੀਆਂ ਰੂਹਾਂ ਨੇ ਇਸ ਅਲੌਕਿਕ ਪ੍ਰਕਾਸ਼ ਨੂੰ ਅਨੁਭਵ ਕੀਤਾ ਜਿਨ੍ਹਾਂ ਵਿਚ ਇਕ ਭੀਖਣ ਸ਼ਾਹ ਫਕੀਰ, ਘੁੜਾਮ (ਜ਼ਿਲ੍ਹਾ ਪਟਿਆਲਾ) ਨਿਵਾਸੀ ਨੂੰ ਭੀ ਪ੍ਰਤੱਖ ਰੂਪ ਵਿੱਚ ਇਹ ਮਹਾਨ ਪ੍ਰਕਾਸ਼ ਪਟਨੇ ਵਿਖੇ ਇਕ ਬਾਲ ਸਰੀਰ ਵਿਚ ਪ੍ਰਵੇਸ਼ ਕਰਦਾ ਦਿਸਿਆ; ਇਕ ਇਲਹਾਮ ਸੁਣਿਆ ਕਿ ਸੰਸਾਰ ਨੂੰ ਸਹੀ ਰਾਹ ਦਿਖਾਉਣ ਵਾਲਾ ਅਕਾਲ ਪੁਰਖ ਦਾ ਭੇਜਿਆ ਹੋਇਆ ਪੈਗੰਬਰ ਆਇਆ ਹੈ। ਹੋਰ ਭੀ ਕਈ ਪੁੱਗੀਆਂ ਹੋਈਆਂ ਰੂਹਾਂ ਨੂੰ ਇਸ ਮਹਾਨ ਪ੍ਰਕਾਸ਼ ਦਾ ਅਨੁਭਵ ਹੋਇਆ। ਇਹ ਕੋਈ ਅਤਕਥਨੀ ਵਾਲੀ ਗੱਲ ਨਹੀਂ ਹੋਇਆ ਕਰਦੀ। ਆਦਮੀ ਦੇ ਅੰਦਰ ਪਰਮੇਸ਼ਰ ਨੇ ਅਜਿਹੀਆਂ ਅਲੌਕਿਕ ਸ਼ਕਤੀਆਂ ਰੱਖੀਆਂ ਹੋਈਆਂ ਹਨ ਜਿਨ੍ਹਾਂ ਰਾਹੀਂ ਭੂਤ, ਭਵਿੱਖ ਅਤੇ ਵਰਤਮਾਨ ਬਾਰੇ ਪੂਰੀ ਤਰ੍ਹਾਂ ਨਾਲ ਗਿਆਨ ਹੋ ਜਾਇਆ ਕਰਦਾ ਹੈ। ਅੱਜ ਪੁੱਗੀ ਹੋਈ ਮਹਾਨ ਆਤਮਾ ਪੀਰ ਭੀਖਣ ਸ਼ਾਹ ਨੂੰ ਭੀ ਪ੍ਰਭੂ ਨੇ ਕਿਰਪਾ ਕਰਕੇ ਵਿਖਾਇਆ। ਇਹ ਪੀਰ ਪਟਨੇ ਵਿੱਚ ਪਹੁੰਚ ਕੇ, ਦਰਸ਼ਨ ਕਰਕੇ ਪਰਖਣ ਦਾ ਯਤਨ ਕਰਦਾ ਹੈ ਕਿ ਇਹ ਪੈਗੰਬਰ ਕਿਹੜੇ ਧਰਮ ਨਾਲ ਸਬੰਧ ਰਖੇਗਾ – ਕੀ ਇਹ ਮਹਾਨ ਆਤਮਾ ਹਿੰਦੂਆਂ ਵਾਸਤੇ ਕੰਮ ਕਰੇਗੀ ਜਾਂ ਮੁਸਲਮਾਨਾਂ ਵਾਸਤੇ ਕੁਝ ਕਰੇਗੀ। ਇਸ ਫਕੀਰ ਨੇ ਪਟਨੇ ਪਹੁੰਚ ਕੇ ਦਰਸ਼ਨ ਕੀਤੇ। ਪਹਿਲਾਂ ਪਲੰਘ ਦੇ ਨੇੜੇ ਜਾ ਕੇ ਗੋਡੇ ਟੇਕ ਕੇ ਸਿਜਦਾ ਕੀਤਾ। ਇਸ ਦੇ ਨੈਣ ਪਾਣੀ ਨਾਲ ਤਰ ਹੋ ਚੁਕੇ ਸਨ। ਸਿੱਜਦਾ ਕਰਨ ਉਪਰੰਤ ਉਸ ਦਾ ਸਿਰ ਉਠਿਆ ਅਤੇ ਦੋਵੇਂ ਹੱਥ ਖੋਲ੍ਹੇ ਅਤੇ ਖੁੱਲ੍ਹੇ ਨੈਣਾਂ ਨੂੰ ਗੁਰੂ ਨੇਤਰਾਂ ਵੱਲ ਜੋੜ ਲਿਆ ਅਤੇ ਅਬੋਲ ਭਾਵਨਾ ਦੀ ਬੋਲੀ ਵਿੱਚ ਪੀਰ ਜੀ ਨੇ ਉਸੇ ਮਹਾਨ ਆਤਮਾ ਅੱਗੇ ਕੀ ਬੇਨਤੀਆਂ ਕੀਤੀਆਂ, ਉਨ੍ਹਾਂ ਨੂੰ ਕੋਈ ਨਹੀਂ ਜਾਣ ਸਕਦਾ ਪਰ ਇਹ ਦੇਖਿਆ ਗਿਆ ਕਿ ਪੀਰ ਜੀ ਨੇ ਦੋ ਕੁੱਜੇ ਮਿਠਾਈ ਦੇ ਆਪਣੇ ਮੁਰੀਦਾਂ ਕੋਲੋਂ ਲੈ ਕੇ ਗੁਰੂ ਜੀ ਅੱਗੇ ਪੇਸ਼ ਕੀਤੇ ਜੋ ਗੁਰੂ ਮਹਾਰਾਜ ਜੀ ਦੇ ਦੋਵੇਂ ਪਾਸੇ ਹੱਥਾਂ ਦੇ ਨੇੜੇ ਟਿਕਾਏ। ਗੁਰੂ ਮਹਾਰਾਜ ਜੀ ਨੇ ਆਪਣੇ ਕੋਮਲ ਬਾਲ ਹਸਤ ਕਮਲ ਉਠਾਏ ਅਤੇ ਦੋਹਾਂ ਕੁੱਜਿਆਂ ਉਪਰ ਰੱਖ ਕੇ ਆਪ ਸਿਆਣੇ ਵਿਅਕਤੀਆਂ ਵਾਂਗ ਮੁਸਕਰਾਏ। ਪੀਰ ਜੀ ਨੇ ਭੇਦ ਸਮਝ ਲਿਆ, ਵਿਸਮਾਦ ਵਿੱਚ ਆਇਆ ਅਤੇ 'ਸੁਭਾਨ ਅੱਲਾ, ਸੁਭਾਨ ਅੱਲਾ' ਕਹਿੰਦਾ ਹੋਇਆ ਮੁੜ ਸਿੱਜਦਾ ਕਰਨ ਲੱਗਿਆ ਅਤੇ ਨਾਲ ਹੀ ਬੇਨਤੀ ਕੀਤੀ ਕਿ ਮੈਂ ਆਪ ਜੀ ਦੀ ਪ੍ਰੀਖਿਆ ਕੀਤੀ ਹੈ, ਹੇ ਵਲੀ ਅੱਲਾ! ਜਿਵੇਂ ਗੁਰੂ ਬਾਬਾ ਨਾਨਕ ਜੀ ਨੇ ਛੋਟੀ ਉਮਰ ਵਿੱਚ ਰਾਏ ਬੁਲਾਰ ਨੂੰ ਚਮਤਕਾਰ ਵਿਖਾ ਕੇ ਮੁਰੀਦ ਬਣਾ ਲਿਆ ਸੀ, ਤਿਵੇਂ ਹੀ ਮੈਨੂੰ ਆਪ ਨੇ ਗਿਆਨ ਕਰਾ ਕੇ ਮੁਰੀਦ ਬਣਾਇਆ ਹੈ, ਮੈਨੂੰ ਮੁਆਫ ਕਰ ਦੇਣਾ। ਇਸ ਤਰ੍ਹਾਂ ਦੇ ਨਾਲ ਪੀਰ ਭੀਖਣ ਸ਼ਾਹ ਨੇ ਪ੍ਰਤੱਖ ਸ਼ਕਤੀ ਵੇਖੀ। ਗੁਰੂ ਦਸਮੇਸ਼ ਪਿਤਾ ਜੀ ਨੇ ਇਸੇ ਹੀ ਘਟਨਾ ਨੂੰ ਸਪਸ਼ਟ ਕਰਦੇ ਹੋਏ ਅਪਣੀ ਰਚਨਾ 'ਅਕਾਲ ਉਸਤਤਿ' ਵਿੱਚ ਇਉਂ ਅੰਕਿਤ ਕੀਤਾ ਹੈ:–

***ਕੋਊ ਭਇਓ ਮੁੰਡੀਆ ਸੰਨਿਆਸੀ***
***ਕੋਊ ਜੋਗੀ ਭਇਓ***
***ਕੋਊ ਬ੍ਰਹਮਚਾਰੀ ਕੋਈ ਜਤੀਅਨ ਮਾਨਬੋ।।***
***ਹਿੰਦੂ ਔ ਤੁਰਕ ਕੋਊ ਰਾਫਸੀ ਇਮਮਸਾਫੀ***
***ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।।***
***ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ***
***ਦੂਸਰੋ ਨ ਭੇਦ ਕੋਈ ਭੂਲ ਭਰਮ ਮਾਨਬੋ।।***
***ਏਕ ਹੀ ਕੀ ਸੇਵ ਸਭਹੀ ਕੋ ਗੁਰਦੇਵ ਏਕ***
***ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ।।***

ਗੁਰੂ ਮਹਾਰਾਜ ਜੀ ਨੇ ਖਾਲਸੇ ਨੂੰ ਜੋ ਉਪਦੇਸ਼ ਦਿੱਤਾ ਅਤੇ ਸੰਸਾਰ ਨੂੰ ਪੈਗਾਮ ਦਿੱਤਾ, ਉਸ ਰਾਹੀਂ ਆਪ ਜੀ ਨੇ ਫੁਰਮਾਇਆ ਹੈ ਕਿ ਆਦਮੀ ਦੇ ਅੰਦਰ ਇਕੋ ਪਰਮੇਸ਼ਰ ਦੀ ਜੋਤਿ ਪਸਰੀ ਹੋਈ ਹੈ:–

*ਪਾਰਬ੍ਰਹਮ ਕੇ ਸਗਲੇ ਠਾਉ।।*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ।।*
*ਆਪੇ ਕਰਨ ਕਰਾਵਨ ਜੋਗੁ।।*
*ਪ੍ਰਭ ਭਾਵੈ ਸੋਈ ਫੁਨਿ ਹੋਗੁ।।*
*ਪਸਰਿਓ ਆਪਿ ਹੋਇ ਅਨਤ ਤਰੰਗ।।*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ।।*
*ਜੈਸੀ ਮਤਿ ਦੇਇ ਤੈਸਾ ਪਰਗਾਸ।।*
*ਪਾਰਬ੍ਰਹਮੁ ਕਰਤਾ ਅਬਿਨਾਸ।।*
*ਸਦਾ ਸਦਾ ਸਦਾ ਦਇਆਲ।।*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ।।*

*ਅੰਗ - ੨੭੫*

ਇਸ ਇਲਾਹੀ ਸਿਧਾਂਤ ਨੂੰ ਗੁਰੂ ਮਹਾਰਾਜ ਜੀ ਨੇ ਆਪਣੇ ਜੀਵਨ ਅੰਦਰ ਪ੍ਰਤੱਖ ਰੂਪ ਵਿਚ ਵਰਤੋਂ ਵਿਚ ਲਿਆਂਦਾ। ਆਪ ਨੂੰ ਜਿੰਨਾਂ ਸਤਿਕਾਰ ਦੇਹੁਰੇ ਦਾ ਸੀ, ਓਨਾਂ ਹੀ ਮਸੀਤ ਦਾ ਸੀ। ਆਪ ਪੂਜਾ ਕਰਨ ਵਾਲੇ ਨੂੰ ਭੀ ਸਤਿਕਾਰਦੇ ਸਨ ਅਤੇ ਨਿਮਾਜ਼ ਪੜ੍ਹਨ ਵਾਲੇ ਨੂੰ ਭੀ ਪਿਆਰਦੇ ਸਨ। ਇਨ੍ਹਾਂ ਗੱਲਾਂ ਦਾ ਸਹੀ ਸਰੂਪ ਆਪ ਜੀ ਦੇ ਜੀਵਨ ਵਿੱਚੋਂ ਪ੍ਰਤੱਖ ਭਾਸਦਾ ਹੈ। ਆਪ ਜੀ ਦੇ ਬਚਨ ਹਨ-

*ਦੇਹੁਰਾ ਮਸੀਤ ਸੋਈ ਪੂਜਾ ਔ ਨਿਮਾਜ਼ ਓਈ*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।।*
*ਦੇਵਤਾ ਅਦੇਵ ਜੈਛ ਗੰਧ੍ਰਬ ਤੁਰਕ ਹਿੰਦੂ*
*ਨਿਆਰੇ ਨਿਆਰੇ ਦੇਸਨ ਕੇ*
*ਭੇਸ ਕੋ ਪ੍ਰਭਾਉ ਹੈ।।*
*ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ*
*ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ।।*
*ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ*
*ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।।*

*(ਅਕਾਲ ਉਸਤਤਿ)*

ਗੁਰੂ ਦਸ਼ਮੇਸ਼ ਪਿਤਾ ਅੱਜ ਬਾਲ ਅਵਸਥਾ ਦੇ ਅੰਦਰ, ਪਟਨੇ ਸਾਹਿਬ ਦੇ ਅੰਦਰ ਨਿਵਾਸ ਰੱਖਦੇ ਨੇ ਤੇ ਆਪ ਦੀ ਕ੍ਰਿਆ, ਕੌਤਕ ਐਸੇ ਨੇ ਕਿਤੇ ਤਾਂ ਭੁਲੇਖਾ ਖਾ ਜਾਂਦੇ ਨੇ ਕਿ ਇਹ ਪੂਰਨ ਮਹਾਂਪੁਰਸ਼ ਨੇ। ਕਿਤੇ ਹੈਰਾਨ ਹੀ ਹੋ ਜਾਂਦੇ ਨੇ। ਸਮਝ ਨਹੀਂ ਸਕਦੇ। ਬੰਦਗੀ ਵਾਲੇ ਸਮਝ ਰਹੇ ਨੇ, ਦੂਸਰਿਆਂ ਨੂੰ ਸਮਝ ਨਹੀਂ ਆ ਰਹੀ।

ਇਕ ਵਾਰੀ ਉਨ੍ਹਾਂ ਦੇ ਕੋਲ ਇਕ ਕੋਹੜੀ ਆ ਗਿਆ, ਆ ਕੇ ਬੇਨਤੀ ਕੀਤੀ ਕਿ ਮਹਾਰਾਜ ਮੈਂ ਬਹੁਤ ਦੁਖੀ ਹਾਂ ਮੈਨੂੰ ਕੁਸ਼ਟ ਹੋਇਆ ਹੋਇਆ ਹੈ। ਕ੍ਰਿਪਾ ਕਰੋ ਆਪ। ਮੇਰਾ ਰੋਗ ਨਵਿਰਤ ਕਰੋ। ਬਾਰ-ਬਾਰ ਬੇਨਤੀਆਂ ਕਰਦਾ ਹੈ। ਗੰਗਾ ਦੇ ਕਿਨਾਰੇ ਤੇ ਖੜ੍ਹਾ ਹੈ, ਕੋਲ ਪਾਣੀ ਡੂੰਘਾ ਹੈ। ਮਹਾਰਾਜ ਕਹਿੰਦੇ, ਤੂੰ ਇਹੋ ਜਿਹੀਆਂ ਗੱਲਾਂ ਕਿਉਂ ਕਰਦਾ ਹੈ, ਝਿੜਕ ਕੇ ਪਏ। ਨਾਲ ਦੀ ਨਾਲ ਮਹਾਰਾਜ ਜੀ ਨੇ ਧੱਕਾ ਦੇ ਦਿਤਾ ਦੜੰਮ ਕਰਕੇ ਗੰਗਾ ਵਿਚ ਗਿਰ ਗਿਆ। ਜਦੋਂ ਡੁੱਬਣ ਲੱਗ ਗਿਆ, ਤਰਨ ਲੱਗ ਗਿਆ, ਬਾਹਰ ਨਿਕਲਿਆ, ਸਾਰੇ ਹੈਰਾਨ ਰਹਿ ਗਏ ਕਿ ਕੋਹੜ ਦਾ ਕਿਤੇ ਨਾਮ-ਨਿਸ਼ਾਨ ਨਾ ਰਿਹਾ।

ਛੋਟੇ ਜਿਹੇ ਬੱਚੇ ਸੀ। ਜੇ ਕਿਸੇ ਨੇ ਆ ਕੇ ਕਿਹਾ ਕਿ ਮਹਾਰਾਜ ਮੇਰੇ ਪੁੱਤਰ ਨਹੀਂ। ਉਸੇ ਵੇਲੇ ਹੀ ਕੋਈ ਨਾ ਕੋਈ ਬਚਨ ਕਰ ਦੇਣਾ। ਐਸ ਤਰ੍ਹਾਂ ਸਾਰੇ ਸ਼ਹਿਰ ਦੇ ਅੰਦਰ ਚਰਚਾ ਚੱਲ ਪਈ ਕਿ ਬਾਲ ਗੁਰੂ ਜੋ ਹੈ ਜਿਨ੍ਹਾਂ ਨੂੰ ਆਮ ਤੌਰ ਤੇ ਬਾਲਾ ਪ੍ਰੀਤਮ ਕਹਿੰਦੇ ਸੀ ਕਿ ਅਨੇਕਾਂ ਸਾਖੀਆਂ ਨੇ ਉਨ੍ਹਾਂ ਦੀਆਂ, ਅਨੇਕਾਂ ਚੀਜ਼ਾਂ ਨੇ, ਦੁਨੀਆਂ ਜਾ ਰਹੀ ਹੈ, ਜਮਘਟੇ ਲਗਦੇ ਨੇ, ਜਿਹੜੇ ਬਚਨ ਮੂੰਹੋ ਕਹਿ ਦਿੰਦੇ ਨੇ ਉਸੇ ਵੇਲੇ ਪੂਰਾ ਹੋ ਜਾਂਦਾ ਹੈ। ਪਰ ਦੇਣ ਦਾ ਢੰਗ ਨਿਆਰਾ ਹੈ ਉਨ੍ਹਾਂ ਦਾ। ਕਿਤੇ ਮਖੌਲ ਵਿਚ ਕਹਿੰਦੇ ਨੇ, ਕਿਸੇ ਨੂੰ ਧੱਕਾ ਦੇ ਦਿੰਦੇ ਨੇ, ਕਿਤੇ ਕੁੱਛ ਕਰ ਦਿੰਦੇ ਨੇ, ਸਭ ਪੂਰਾ ਹੋ ਜਾਂਦਾ ਹੈ। ਸੋ ਇਹ ਬਚਨ ਉਥੇ ਦਾ ਇਕ ਰਾਜਾ ਸੀ ਬ੍ਰਾਹਮਣ ਜਿਹਦਾ ਨਾਮ ਸ਼ਿਵਦੱਤ ਸੀ। ਕਰਮ ਧਰਮ ਦਾ ਜਾਣੂ ਸੀ, ਚਾਰੇ ਵੇਦ ਪੜ੍ਹਿਆ ਹੋਇਆ ਸੀ, ਸ਼ਾਸਤਰ ਪੜ੍ਹਿਆ ਹੋਇਆ ਸੀ, ਉਸਨੂੰ ਇਹ ਵੀ ਪਤਾ ਸੀ ਕਿ ਗਿਆਨ ਦੇ ਨਾਲ ਪ੍ਰਮੇਸ਼ਰ ਨਹੀਂ ਮਿਲਦਾ ਤੇ ਭਗਤੀ ਨਾਲ ਮਿਲਦਾ ਹੈ। ਕਰਮ ਦੇ ਵਿਚੋਂ ਉਹ ਲੰਘ ਚੁੱਕਿਆ ਸੀ, ਉਪਾਸ਼ਨਾ ਕਾਂਡ ਵਿਚ ਪਹੁੰਚਿਆ ਹੋਇਆ ਸ੍ਰੀ ਰਾਮ ਚੰਦਰ ਜੀ ਦੇ ਧਿਆਨ ਵਿਚ ਰਹਿੰਦਾ ਸੀ। ਲੇਕਿਨ ਰਾਮਚੰਦਰ ਜੀ ਦਾ ਕੋਈ ਪ੍ਰਤੱਖ ਧਿਆਨ ਬਣਦਾ ਨਹੀਂ ਸੀ, ਨਾ ਕੋਈ ਅੰਦਰੋਂ ਆਵਾਜ਼ ਆਉਂਦੀ ਸੀ, ਬਹੁਤ ਪਰੇਸ਼ਾਨ ਹੋ ਗਿਆ ਤੇ ਉਸ ਵੇਲੇ ਕਹਿਣ ਲੱਗਿਆ ਕਿ ਕਿੰਨੀ ਦੇਰ ਹੋ ਗਈ ਮੈਨੂੰ ਪ੍ਰਮੇਸ਼ਰ ਦਾ ਭਜਨ ਕਰਦੇ, ਮੇਰੀ ਤਾਂ ਜੀਭ ਵੀ ਘਸ ਗਈ ਰਾਮ-ਰਾਮ ਕਹਿੰਦੇ ਦੀ। ਪਰ ਅਜੇ ਤਕ ਵੀ ਉਹ ਤਾਂ ਬਹੁੜਿਆ ਨਹੀਂ ਹੈ।

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥*
*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥*

*ਅੰਗ - ੪੯੧*

ਪ੍ਰਭੂ! ਅਜੇ ਤੱਕ ਵੀ ਤੂੰ ਨਹੀਂ ਬਹੁੜਿਆ? ਬੁੱਢਾ ਸਰੀਰ ਹੋ ਗਿਆ ਤੇ ਕਿੱਥੇ ਚਲਿਆ ਗਿਆ ਤੂੰ? ਕਲਜੁਗ ਤੋਂ ਡਰਦਾ ਨਹੀਂ ਆ ਰਿਹਾ? ਬਹੁਤ ਵਿਰਲਾਪ ਕਰਦਾ ਹੈ। ਫੇਰ ਖਿਆਲ ਆਉਂਦਾ ਹੈ ਕਿ ਬਹੁਤ ਸਾਰੇ ਇਹ ਕਹਿੰਦੇ ਨੇ ਕਿ ਰਾਮ ਤਾਂ ਮਨੁੱਖ ਦਾ ਸਰੀਰ ਲੈ ਕੇ ਪ੍ਰਗਟ ਹੋ ਗਿਆ ਤੇ ਕਲਜੁਗ ਦੇ ਅੰਦਰ ਪ੍ਰਗਟ ਹੋ ਗਿਆ। ਉਹ ਤਾਂ ਇਸੇ ਪਟਨੇ ਦੇ ਅੰਦਰ ਅਨੇਕ ਕੌਤਕ

ਕਰ ਰਿਹਾ ਹੈ। ਫੇਰ ਖਿਆਲ ਆਉਂਦਾ ਹੈ ਕਿ ਓਹੀ ਬਾਲਕ ਜਿਹੜਾ ਭਗਤੀ ਨਹੀਂ ਕਰਨ ਦਿੰਦਾ ਕਿਸੇ ਨੂੰ, ਕਿਸੇ ਦੇ ਉਤੇ ਪਾਣੀ ਪਾ ਦਿੰਦਾ ਹੈ, ਕਿਸੇ ਦੇ ਕਪੜੇ ਚੁੱਕ ਕੇ ਵਗਾਹ ਕੇ ਮਾਰ ਦਿੰਦਾ ਹੈ, ਜਿਹਨੂੰ ਦੇਖ ਕੇ ਸਾਰੇ ਹੀ ਨੱਠ ਜਾਂਦੇ ਨੇ, ਕੋਈ ਨਹੀਂ ਇਥੇ ਸਮਾਧੀ ਲਾਉਂਦਾ, ਉਹਨੂੰ ਕਹਿੰਦੇ ਨੇ ਰਾਮ? ਐਸ ਤਰ੍ਹਾਂ ਦੀ ਦੁਚਿੱਤੀ ਵਿਚ ਪਿਆ ਹੋਇਆ ਹੈ। ਲੇਕਿਨ ਨੇਤਰਾਂ 'ਚੋਂ ਜਲ ਜਾ ਰਿਹਾ ਹੈ ਕਿ ਹੇ ਪ੍ਰਭੂ! ਮੈਨੂੰ ਤੂੰ ਆਪਣਾ ਦਰਸ਼ਨ ਦੇਹ। ਐਨੇ ਨੂੰ ਕੰਨਾਂ ਨੇ ਸੁਣਿਆ, ਦੜੰਮ ਕਰਕੇ ਆਵਾਜ਼ ਆਈ ਕੰਨਾਂ ਦੇ ਅੰਦਰ ਕਿ ਬਹੁਤ ਸਾਰੇ ਬੱਚਿਆਂ ਨੇ ਛਾਲਾਂ ਮਾਰ ਦਿਤੀਆਂ ਦਰਿਆ ਦੇ ਅੰਦਰ। ਪਾਣੀ ਦੇ ਅੰਦਰ ਛਾਲਾਂ ਮਾਰਦੇ ਨੇ, ਪੁੱਠੀਆਂ ਤਾਰੀਆਂ ਲਾਉਂਦੇ ਨੇ, ਜਿਥੇ ਕੋਈ ਬੈਠਾ ਹੈ ਉਥੇ ਹੀ ਆ ਕੇ ਪਾਣੀ ਦੇ ਉਂਜਲ ਭਰ-ਭਰ ਕੇ ਉਹਦੇ ਉਤੇ ਪਾਉਣ ਲਗ ਜਾਂਦੇ ਨੇ। ਨੱਠੇ ਜਾਂਦੇ ਨੇ ਜਿੰਨੇ ਸਮਾਧੀਆਂ ਲਾਈ ਬੈਠੇ ਨੇ। ਇਹ ਇਕੱਲਾ ਰਹਿ ਗਿਆ। ਨੇਤਰ ਖੋਲ੍ਹੇ ਏਸ ਨੇ, ਕੀ ਦੇਖਦਾ ਹੈ ਕਿ ਰਾਮਚੰਦਰ ਜੀ ਸਚਮੁੱਚ ਮੇਰੇ ਸਾਮ੍ਹਣੇ ਖੜ੍ਹੇ ਨੇ। ਉਹੀ ਧਨੁਸ਼ ਬਾਣ ਹੈ, ਉਹੀ ਸਭ ਕੁਛ ਹੈ, ਪੂਰੇ ਦਰਸ਼ਨ ਕਰਨ ਤੋਂ ਬਾਅਦ ਜਦੋਂ ਨਮਸਕਾਰ ਕਰਨ ਤੋਂ ਬਾਅਦ ਸੀਸ ਚੁੱਕਿਆ, ਤਾਂ ਗੁਰੂ ਮਹਾਰਾਜ ਖੜ੍ਹੇ ਨੇ। ਫੇਰ ਭੁਲੇਖਾ ਪੈ ਗਿਆ ਕਿ ਹੇ ਪ੍ਰਭੂ! ਮੇਰਾ ਭੁਲੇਖਾ ਇਕ ਵਾਰੀ ਦੂਰ ਕਰ ਦਿਓ। ਫੇਰ ਨਮਸਕਾਰ ਕਰੀ, ਸੀਸ ਚੁੱਕਿਆ ਤਾਂ ਹੈਰਾਨ ਹੋ ਗਿਆ ਕਿ ਹੁਣ ਤਾਂ ਕ੍ਰਿਸ਼ਨ ਮਹਾਰਾਜ ਖੜ੍ਹੇ ਨੇ, ਫੇਰ ਨਮਸਕਾਰ ਕਰੀ। ਫੇਰ ਅਮੰਨਾ ਆ ਗਿਆ ਕਿ ਇਹੀ ਨੇ ਸਭ ਕੁਛ। ਇਹੀ ਰਾਮ ਹੈ, ਇਹੀ ਕ੍ਰਿਸ਼ਨ ਹੈ। ਸੋ ਉਸ ਵੇਲੇ ਪਿਆਰ ਵਿਚ ਮਸਤ ਹੋ ਗਿਆ, ਸਾਧਸੰਗਤ ਜੀ! ਰੋਜ਼ ਗੁਰੂ ਮਹਾਰਾਜ ਉਹਦੇ ਕੋਲ ਜਾਂਦੇ ਤੇ ਇਕ ਵਾਰੀ ਜ਼ਰੂਰ ਉਸਨੂੰ ਦਰਸ਼ਨ ਦਿੰਦੇ।

ਦੋ ਵਜੇ ਜਾ ਕੇ ਇਹ ਬੈਠ ਜਾਂਦਾ ਸੀ, ਅੱਜ ਅੰਮ੍ਰਿਤ ਵੇਲੇ -

*ਤਿਨਾ ਦਰੀਆਵਾ ਸਿਉ ਦੋਸਤੀ*
*ਮਨਿ ਮੁਖਿ ਸਚਾ ਨਾਉ ॥* *ਅੰਗ - ੧੪੬*

ਜਿਹੜੇ ਬੰਦਗੀ ਕਰਨ ਵਾਲੇ ਨੇ, ਚਉਥੇ ਪਹਿਰ ਦੇ ਅੰਦਰ ਉਨ੍ਹਾਂ ਅੰਦਰ ਚਾਉ ਉਠ ਖੜ੍ਹਦਾ ਹੈ ਕਿ ਹੁਣ ਨਾਮ ਜਪੀਏ, ਸੌਂਈਏ ਨਾ ਤੇ ਉਸ ਸਮੇਂ ਗੰਗਾ ਦਰਿਆਉ ਪਵਿੱਤਰ ਸੀ ਹੁਣ ਵਰਗਾ ਨਹੀਂ ਸੀ ਕਿ ਗੰਦੇ ਨਾਲੇ ਉਹਦੇ ਵਿਚ ਪਾ ਦਿਤੇ। ਸ਼ੁੱਧ ਪਾਣੀ ਸੀਗਾ। ਬਿਮਾਰੀਆਂ ਦੂਰ ਹੁੰਦੀਆਂ ਸੀ ਇਸ਼ਨਾਨ ਕਰਨ ਨਾਲ। ਉਥੇ ਜਾ ਕੇ ਬੈਠ ਜਾਣਾ ਤੇ ਮਹਾਰਾਜ ਜੀ ਨੇ ਆਪਣੇ ਸਮੇਂ ਸਿਰ ਆਉਣਾ ਤੇ ਆ ਕੇ ਉਸ ਨੂੰ ਦਰਸ਼ਨ ਦੇਣਾ। ਅੱਜ ਅੰਮ੍ਰਿਤ ਵੇਲੇ ਬੈਠਾ ਹੈ, ਹਨ੍ਹੇਰਾ ਹੀ ਹਨ੍ਹੇਰਾ ਹੈ। ਉਥੇ ਦਾ ਇਕ ਰਾਜਾ ਤੇ ਰਾਣੀ ਆ ਕੇ ਬੈਠੇ ਨੇ ਤੇ ਉਹਨਾਂ ਨੇ ਨਮਸਕਾਰ ਕਰੀ ਤੇ ਨਾਲ ਇਹ ਕਹਿਣ ਲੱਗੇ ਕਿ ਰਾਜਨ! ਸਾਡੇ ਤੇ ਵੀ ਕੋਈ ਕ੍ਰਿਪਾ ਕਰੋ, ਆਪ ਨੂੰ ਐਨਾ ਚਿਰ ਹੋ ਗਿਆ ਜਪ-ਤਪ ਕਰਦਿਆਂ ਨੂੰ। ਸਾਨੂੰ ਕੋਈ ਪੁੱਤਰ ਦੀ ਦਾਤ ਅਜੇ ਤੱਕ ਪ੍ਰਾਪਤ ਨਹੀਂ ਹੋਈ। ਤੁਹਾਨੂੰ ਪਤਾ ਹੈ, ਜਿਹੋ ਜਿਹਾ ਵੀ ਰਾਜ ਹੈ ਏਸ ਮੁਗਲਾਂ ਦੇ ਰਾਜ ਦੇ ਅਧੀਨ, ਹੈ ਤਾਂ ਰਾਜ। ਰਾਜ ਭਾਗ ਹੈ, ਜਾਇਦਾਦ ਹੈ, ਬਹੁਤ ਸਾਰੇ ਬਜ਼ਾਰ ਨੇ, ਪਰ ਇਨ੍ਹਾਂ ਨੂੰ ਸਾਂਭਣ ਵਾਲਾ ਕੋਈ ਆਇਆ ਨਹੀਂ ਹੈ ਤੇ ਤੁਸੀਂ ਕ੍ਰਿਪਾ ਕਰੋ ਇਕ ਪੁੱਤਰ ਦੀ ਦਾਤ ਦਿਓ। ਕਹਿਣ ਲੱਗੇ, ਰਾਜਨ! ਰਾਣੀ ਸਾਹਿਬ! ਠੀਕ ਹੈ ਮੈਂ ਭਜਨ ਕਰਦਾ ਹਾਂ, ਮੇਰੇ ਭਜਨ ਨੂੰ ਫਲ ਨਹੀਂ ਸੀ ਲੱਗਿਆ, ਮੇਰੇ ਭਜਨ ਨੂੰ ਹੁਣ ਫਲ ਪਿਆ ਹੈ, ਹੁਣ ਤੱਕ ਤਾਂ ਐਵੇਂ ਹੀ ਸੀਗਾ, ਅਫਲ ਸੀ ਮੇਰਾ ਭਜਨ ਤੇ ਜਿੱਥੋਂ ਫਲ ਪਿਆ ਹੈ, ਉਸ ਨੂੰ ਤੁਸੀਂ ਯਾਦ ਕਰ ਲਓ। ਕਹਿਣ ਲੱਗੇ, ਅਸੀਂ ਉਸਨੂੰ ਜਾਣਦੇ ਨਹੀਂ। ਕਹਿਣ ਲੱਗਿਆ, ਜਾਣਨ ਦੀ ਲੋੜ ਨਹੀਂ, ਮੈਂ ਵੀ ਨਹੀਂ ਸੀ ਜਾਣਦਾ, ਉਹ ਸਭ ਨੂੰ ਜਾਣਦਾ ਹੈ -

***ਘਟ ਘਟ ਕੇ ਅੰਤਰ ਕੀ ਜਾਨਤ***
***ਭਲੇ ਬੁਰੇ ਕੀ ਪੀਰ ਪਛਾਨਤ।*** **ਚੌਪਈ**

ਉਹਨੂੰ ਯਾਦ ਕਰੋ ਪਿਆਰ ਦੇ ਨਾਲ ਆ ਜਾਏਗਾ। ਸੋ ਉਸ ਵੇਲੇ ਉਹ ਕਹਿਣ ਲੱਗੇ ਸਾਨੂੰ ਤਾਂ ਪੁੱਤਰ ਦੀ ਲੋੜ ਹੈ। ਸ਼ਿਵਦੱਤ ਨੇ ਕਿਹਾ ਕਿ ਪੁੱਤਰ ਕੀ -

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ ॥* *ਅੰਗ - ੭੧੪*

ਪੁੱਤਰ ਕੀ, ਜੋ ਮੰਗੋਂਗੇ ਉਹ ਮਿਲ ਜਾਏਗਾ।

ਕਹਿਣ ਲੱਗੇ, ਕਿਵੇਂ ਧਿਆਨ ਕਰੀਏ?

ਸ਼ਿਵਦੱਤ ਨੇ ਕਿਹਾ ਕਿ ਉਨ੍ਹਾਂ ਨੂੰ ਬਾਲਾ ਪ੍ਰੀਤਮ ਕਹਿੰਦੇ ਨੇ ਤੇ ਮੈਂ ਉਨ੍ਹਾਂ ਦਾ ਕਿਹੜਾ ਸਰੂਪ ਦੱਸਾਂ? ਮੈਨੂੰ ਤਾਂ ਓਹੀ ਰਾਮ ਲਗਦੇ ਨੇ, ਓਹੀ ਕ੍ਰਿਸ਼ਨ ਲਗਦੇ ਨੇ, ਮੈਨੂੰ ਤਾਂ ਓਹੀ ਪ੍ਰਮੇਸ਼ਰ ਲਗਦੇ ਨੇ। ਉਹ ਆਪ ਹੀ ਨੇ, ਸਭ ਕੁੱਛ ਜਾਣਦੇ ਨੇ, ਤੁਹਾਡੇ ਹਿਰਦੇ ਵਿਚ ਪਿਆਰ ਹੋਣਾ ਚਾਹੀਦਾ ਹੈ ਉਹ ਆਪ ਹੀ ਆ ਜਾਣਗੇ। ਸੋ ਉਸ ਦਿਨ ਤੋਂ ਬਾਅਦ ਕਹਿਣ ਲੱਗੇ ਕਿ ਤੁਸੀਂ ਐਉਂ ਕਰੋ, ਮੈਂ ਤਾਂ ਹੈਗਾ ਬ੍ਰਾਹਮਣ, ਰਾਜਾ ਹੁੰਦਾ ਹੋਇਆ ਵੀ ਇਥੇ ਬੈਠਦਾ ਹਾਂ, ਮੁੱਦਤਾਂ ਹੋ ਗਈਆਂ ਬੈਠਦੇ ਨੂੰ, ਲੋਕਾਂ ਨੂੰ ਕੋਈ ਅਸਚਰਜ ਨਹੀਂ ਹੁੰਦਾ, ਤੁਸੀਂ ਇਥੇ ਬੈਠੇ ਹੋਂ ਤਾਂ ਲੋਕ ਮੇਰੇ ਕੋਲ ਆਉਣਾ ਸ਼ੁਰੂ ਹੋ ਜਾਣਗੇ ਤੇ ਮੇਰੀ ਇਕਾਂਤ ਭੰਗ ਹੋ ਜਾਏਗੀ ਤੇ ਤੁਸੀਂ ਹੁਣ ਘਰ ਜਾਓ।

ਜਾ ਕੇ ਉਸ ਮੂਰਤੀ ਦਾ ਧਿਆਨ ਧਰੋ, ਆਪੇ ਹੀ ਆ ਜਾਏਗਾ।

ਸੋ ਘਰ ਚਲੇ ਜਾਂਦੇ ਨੇ। ਦੂਸਰੇ ਦਿਨ ਤੋਂ ਅੰਮ੍ਰਿਤ ਵੇਲੇ ਉਠਦੇ ਨੇ, ਮਨ ਵਿਚ ਬੜਾ ਚਾਓ ਆ ਗਿਆ। ਅੰਮ੍ਰਿਤ ਵੇਲੇ ਉਠ ਕੇ ਧਿਆਨ ਧਰਦੇ ਨੇ, ਮੂਰਤੀ ਦੇਖੀ ਨਹੀਂ ਹੈ ਕਿ ਕੌਣ ਹੈ ਜਿਸਦਾ ਅਸੀਂ ਧਿਆਨ ਧਰਦੇ ਹਾਂ। ਮਨ ਦੇ ਹਿਸਾਬ ਕਿਤਾਬ ਲਾ ਕੇ ਧਿਆਨ ਧਰਦੇ ਨੇ। ਸੋ ਇਸੇ ਤਰ੍ਹਾਂ ਜੋ ਨਕਸ਼ ਦੱਸੇ ਉਹਦੀ ਮਦਦ ਨਾਲ ਧਿਆਨ ਧਰ ਕੇ ਬਹਿ ਜਾਂਦੇ ਨੇ, ਦਿਨ ਚੜ੍ਹ ਜਾਂਦਾ ਹੈ, ਦੂਸਰੇ ਦਿਨ ਫੇਰ ਬਹਿ ਜਾਂਦੇ ਨੇ, ਫੇਰ ਦਿਨ ਚੜ੍ਹ ਜਾਂਦਾ ਹੈ ਤੇ ਬਾਰ-ਬਾਰ ਬੇਨਤੀਆਂ ਕਰਦੇ ਨੇ ਕਿ ਹੇ ਪ੍ਰਭੂ! ਤੂੰ ਏਸ ਮਹਲ ਵਿਚ ਆ ਜਾ, ਇਸ ਘਰ ਵਿਚ ਆ ਜਾ।

*ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ ॥*
*ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ ॥*
*ਅੰਗ - ੧੦੯੫*

*ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥*
*ਅੰਗ - ੧੦੯੪*

ਬਾਰ-ਬਾਰ ਹਿਰਦੇ 'ਚੋਂ ਬੜੇ ਪਿਆਰ ਦੇ ਨਾਲ ਬੇਨਤੀਆਂ ਕਰਦੇ ਨੇ, ਨੇਤਰਾਂ 'ਚੋਂ ਹੰਝੂ ਜਾਣ ਲਗ ਜਾਂਦੇ ਨੇ, ਫੇਰ ਸ਼ਿਵਦੱਤ ਜੀ ਦੇ ਪਾਸ ਜਾਂਦੇ ਨੇ, ਕਿ ਰਾਜਨ! ਪਰੋਹਤ ਜੀ! ਉਹ ਤਾਂ ਆਏ ਹੀ ਨਹੀਂ ਹਨ ਅਜੇ। ਬੜਾ ਉਨ੍ਹਾਂ ਦਾ ਧਿਆਨ ਧਰਦੇ ਹਾਂ, ਉਨ੍ਹਾਂ ਕੋਲ ਕੀ ਘਾਟ ਹੈ? ਸੁਣਿਆ ਹੈ ਇਕ ਸੇਠ ਨੂੰ ਵੀ ਉਨ੍ਹਾਂ ਨੇ ਪੁੱਤਰ ਦੀ ਦਾਤ ਦਿਤੀ, ਉਹਦੀ ਵੀ ਬਿਰਧ ਉਮਰਾ ਹੋ ਗਈ ਸੀ, ਸਭ ਨੇ ਜਵਾਬ ਦੇ ਦਿਤਾ ਸੀ ਕਿ ਤੇਰਾ ਪੁੱਤਰ ਨਹੀਂ ਹੋ ਸਕਦਾ ਤੇ ਮਾਧੋ ਸੇਠ ਨੂੰ ਵੀ ਉਨ੍ਹਾਂ ਨੇ ਪੁੱਤਰ ਦੀ ਦਾਤ ਦੇ ਦਿਤੀ। ਐਸਾ ਵੀ ਅਸੀਂ ਸੁਣਿਆ ਹੈ ਕਿ ਉਹ ਗਾਗਰਾਂ ਭੰਨ ਦਿੰਦੇ ਨੇ ਤੀਰਾਂ ਦੇ ਨਾਲ। ਪਹਿਲਾਂ ਘੜੇ ਭੰਨਦੇ ਸੀ, ਫੇਰ ਗਾਗਰਾਂ ਭੰਨਦੇ ਸੀ, ਮਾਤਾ ਨੇ ਗਾਗਰਾਂ ਲੈ ਦਿੱਤੀਆਂ ਕਿ ਖਾਰਾ ਹੀ ਹੋ ਜਾ ਤੂੰ।

ਸ਼ਿਵਦੱਤ ਕਹਿਣ ਲੱਗਿਆ ਕਿ ਏਸ ਗੱਲ ਨੂੰ ਸਮਝ ਨਹੀਂ ਸੀ ਸਕਿਆ ਕੋਈ, ਨਾ ਗਾਗਰਾਂ ਵਾਲਿਆਂ ਨੂੰ ਪਤਾ ਸੀ, ਨਾ ਘੜਿਆਂ ਵਾਲਿਆਂ ਨੂੰ ਪਤਾ ਸੀ, ਇਹ ਤਾਂ ਬਾਲਾ ਪ੍ਰੀਤਮ ਕਰੋੜਾਂ ਜਨਮਾਂ ਦੇ ਪਾਪ ਕੱਟ ਰਿਹਾ ਸੀ ਉਨ੍ਹਾਂ ਦੇ। ਗਾਗਰਾਂ ਨਹੀਂ ਸੀ ਤੋੜ ਰਿਹਾ ਜਮਾਂ ਦੇ ਸੰਗਲ ਤੋੜ ਰਿਹਾ ਸੀ। ਜਾਓ, ਤੁਸੀਂ ਯਾਦ ਕਰੋ ਉਨ੍ਹਾਂ ਨੂੰ।

ਕਿਉਂਕਿ ਪੁੱਤਰ ਦੀ ਵਾਸ਼ਨਾ ਐਸੀ ਹੈ ਸਾਧਸੰਗਤ ਜੀ! ਆਦਮੀ ਦੇ ਗਲੋਂ ਸਾਰੀ ਜ਼ਿੰਦਗੀ ਨਹੀਂ ਲਹਿੰਦੀ। ਮਰ ਜਾਂਦਾ ਹੈ, ਅਖੀਰ ਮਰਨ ਤੋਂ ਬਾਅਦ ਕੀ ਹੁੰਦਾ ਹੈ-

*ਅੰਤਿ ਕਾਲਿ ਜੋ ਲੜਿਕੇ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸੂਕਰ ਜੋਨਿ ਵਲਿ ਵਲਿ ਅਉਤਰੈ ॥ ਅੰਗ - ੫੨੬*

ਸੂਰ ਬਣ ਜਾਂਦਾ ਹੈ। ਸੂਰ ਬਣਨਾ ਤਾਂ ਪ੍ਰਵਾਨ ਕਰ ਲੈਂਦਾ ਹੈ ਪਰ ਪੁੱਤਰ ਦੀ ਵਾਸ਼ਨਾ ਨਹੀਂ ਛੱਡਦਾ। ਪ੍ਰਬਲ ਵਾਸ਼ਨਾ ਹੈ।

ਰਾਜੇ ਚੰਦ੍ਰਕੇਤੂ ਨੂੰ ਹੋਈ। ਐਸਾ ਲਿਖਿਆ ਹੋਇਆ ਹੈ ਕਿ ਉਸ ਨੇ ਇਕ ਕਰੋੜ ਵਿਆਹ ਕਰਾਇਆ ਸੀ। ਚਲੋ ਐਉਂ ਮੰਨ ਲਓ ਕਿ ਉਸ ਨੇ ਬੇਅੰਤ ਵਿਆਹ ਕਰਾਏ, ਗਿਣਤੀ ਤੋਂ ਬਾਹਰ। ਲੇਕਿਨ ਉਸ ਦੇ ਪੁੱਤਰ ਨਾ ਹੋਇਆ। ਅਖੀਰ ਵਿਸ਼ਿਸ਼ਟ, ਵਿਸ਼ਵਾਮਿਤਰ ਆਦਿ ਜਿਹੜੇ ਮਸ਼ਹੂਰ ਰਿਸ਼ੀ ਸੀ ਉਨ੍ਹਾਂ ਨੂੰ ਬੁਲਾ ਕੇ ਸੰਤ ਸਮਾਗਮ ਕਰਾਇਆ। ਕਹਿਣ ਲੱਗਿਆ, ਮੇਰੇ ਪੁੱਤਰ ਹੋਣਾ ਚਾਹੀਦਾ ਹੈ। ਮੈਂ ਮੂੰਹ ਦੇਖ ਲਵਾਂ ਇਕ ਵਾਰੀ ਪੁੱਤਰ ਦਾ, ਮੈਨੂੰ ਉਹ ਪਿਤਾ ਕਹਿ ਕੇ ਬੁਲਾ ਲਵੇ, ਬੱਸ ਮੇਰੀ ਐਨੀ ਵਾਸ਼ਨਾ ਹੈ। ਉਨ੍ਹਾਂ ਨੇ ਕਿਹਾ ਕਿ ਰਾਜਨ ਐਨੇ ਨਾਲ ਸਰਿਆ ਨਹੀਂ ਕਰਦਾ। ਪੁੱਤਰ ਹੁੰਦੇ ਸਾਰ ਅੱਗੇ ਗੀਤਾ ਪਸਰ ਜਾਂਦੀ ਹੈ।

ਅਖੀਰ ਇਹਦਾ ਜੋ ਨਤੀਜਾ ਨਿਕਲਦਾ ਹੈ ਉਹ ਦੁੱਖ ਵਿਚ ਨਿਕਲਦਾ ਹੈ, ਸੁੱਖ ਵਿਚ ਨਹੀਂ ਨਿਕਲਦਾ। ਸੁੱਖ ਨਹੀਂ ਕਿਸੇ ਨੇ ਪੁੱਤਰ ਤੋਂ ਪਾਇਆ, ਨਾ ਧਨ ਤੋਂ ਪਾਇਆ ਹੈ। ਸੁੱਖ ਤਾਂ ਵਾਹਿਗੁਰੂ ਦੇ ਨਾਮ ਵਿਚ ਹੈ, ਹੋਰ ਕਿਤੇ ਹੈ ਨਹੀਂ। ਐਵੇਂ ਦੁਨੀਆਂ ਖਪਦੀ ਫਿਰਦੀ ਹੈ ਕਿ ਮੇਰੀ ਜਾਇਦਾਦ ਕੌਣ ਸਾਂਭੇਗਾ। ਜੇ ਮਨ ਇਥੇ ਰਹਿ ਗਿਆ ਫੇਰ -

*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ਅੰਗ - ੫੨੬*

ਉਹਨੇ ਸੁੱਖ ਤਾਂ ਦਿੱਤਾ ਨਾ, ਭੂਤ ਬਣਾ ਦਿਤਾ ਸਾਨੂੰ। ਉਹਨੇ ਸੂਰ ਬਣਾ ਦਿਤਾ, ਇਸਤਰੀ ਨੂੰ ਯਾਦ ਕਰਦਾ-ਕਰਦਾ ਮਰ ਗਿਆ, ਕਹਿੰਦੇ ਵੇਸਵਾ ਬਣ ਜਾਂਦਾ ਹੈ। ਪੈਸੇ ਦੇ ਵਿਚ ਧਿਆਨ ਰਹਿ ਕੇ ਮਰ ਜਾਂਦਾ ਹੈ ਸੱਪ ਬਣ ਜਾਂਦਾ ਹੈ। ਇਹ ਚੀਜ਼ਾਂ ਨੇ ਸੁੱਖ ਤਾਂ ਦਿਤਾ ਨਾ ਦੁਖ ਹੀ ਦਿੰਦੀਆਂ ਨੇ।

ਸੋ ਕਹਿਣ ਲੱਗੇ ਤੁਸੀਂ ਪਿਆਰ ਕਰੋ। ਪਿਆਰ ਦੇ ਨਾਲ ਤੁਸੀਂ ਉਨ੍ਹਾਂ ਨੂੰ ਯਾਦ ਕਰਦੇ ਰਹੋ। ਤੁਸੀਂ ਮੇਰੇ

ਵਿਸ਼ਵਾਸ਼ ਨੂੰ ਆਪਣੇ ਹਿਰਦੇ ਵਿਚ ਥਾਂ ਦੇ ਦਿਓ। ਫੇਰ ਆ ਜਾਂਦੇ ਨੇ, ਆ ਕੇ ਫੇਰ ਉਸੇ ਤਰ੍ਹਾਂ ਦੇ ਨਾਲ ਬੇਨਤੀਆਂ ਕਰਦੇ ਨੇ।

*ਮਿਲੁ ਰਾਮ ਪਿਆਰੇ ਤੁਮ ਬਿਨੁ ਧੀਰਜੁ ਕੋ ਨ ਕਰੈ ॥*
*ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ*
*ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ ॥*
*ਵਰਤ ਨੇਮ ਸੰਜਮ ਕਰਿ ਥਾਕੇ*
*ਨਾਨਕ ਸਾਧ ਸਰਨਿ ਪ੍ਰਭ ਸੰਗਿ ਵਸੈ ॥ ਅੰਗ - ੪੦੮*

ਬਾਰ-ਬਾਰ ਬੇਨਤੀਆਂ ਕਰਦੇ ਨੇ, ਅਖੀਰ ਦੋਹਾਂ ਨੂੰ ਖਿਆਲ ਆਇਆ, ਐਉਂ ਤਾਂ ਨਹੀਂ ਕਿ ਆਪਣਾ ਪਿਆਰ ਕੱਚਾ ਹੈ, ਆਪਣਾ ਪਿਆਰ ਸੱਚਾ ਨਹੀਂ ਹੈ, ਇਹਦੇ ਵਿਚ ਜ਼ਰੂਰ ਕਮੀ ਹੈ। ਕੋਈ ਆ ਕੇ ਦੱਸ ਦੇਵੇ ਕਿ ਕਿਵੇਂ ਮਿਲਣਗੇ, ਕੋਈ ਮਿਲਾ ਦੇਵੇ। ਅਸੀਂ ਤਾਂ ਯਾਦ ਕਰ-ਕਰ ਕੇ ਥੱਕ ਗਏ। ਰੋਜ਼ ਅੰਮ੍ਰਿਤ ਵੇਲੇ ਬੈਠ ਜਾਂਦੇ ਹਾਂ ਦਿਲ ਵਿਚ ਖਿਆਲ ਆਉਂਦਾ ਹੈ, ਹੁਣ ਬਾਲਾ ਪ੍ਰੀਤਮ, ਦਸ਼ਮੇਸ਼ ਪਿਤਾ ਆ ਜਾਣਗੇ, ਹੁਣ ਵੀ ਆ ਜਾਣਗੇ ਲੇਕਿਨ ਅੱਜ ਤੱਕ ਸਾਡੀ ਜੋ ਮੰਗ ਹੈ ਉਸ ਨੂੰ ਖੈਰ ਨਹੀਂ ਪਈ, ਪ੍ਰਵਾਨ ਨਹੀਂ ਹੋਇਆ ਸਾਡੀ ਅਰਦਾਸ ਤੇ ਬੇਨਤੀਆਂ ਕਰਦੇ ਨੇ ਕਿ ਕੋਈ ਪਿਆਰਾ ਹੈ ਸੰਸਾਰ ਵਿਚ ਜਿਹੜਾ ਸਾਨੂੰ ਮਿਲਾ ਦੇਵੇ।

*ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ ॥*
*ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥ ਅੰਗ - ੩੭੪*

ਇਕ-ਇਕ ਘੜੀ ਔਖੀ ਬੀਤ ਰਹੀ ਹੈ, ਐਉਂ ਲਗਦਾ ਹੈ ਜਿਵੇਂ ਜੁਗ ਬੀਤ ਰਹੇ ਨੇ। ਨੇਤਰਾਂ 'ਚੋਂ ਜਲ ਜਾਂਦਾ ਹੈ। ਗਲਾ ਬੈਠ ਜਾਂਦਾ ਹੈ, ਹੁਣ ਤਰੀਕਾ ਵੀ ਹੈ ਕੋਈ ਕਿ ਕਿਵੇਂ ਮਿਲੀਏ? ਨਾ ਸਾਨੂੰ ਸੋਝੀ ਹੈ ਕਿ ਉਹ ਕਿੱਥੇ ਰਹਿੰਦੇ ਨੇ? ਕਿਹੋ ਜਿਹੇ ਹੈਗੇ ਨੇ ਪਤਾ ਲਗ ਜਾਵੇ ਤਾਂ ਵੀ ਅਸੀਂ ਜਾ ਕੇ ਮਿਲ ਲਈਏ। ਸਾਨੂੰ ਹੁਕਮ ਹੈ ਕਿ ਤੁਸੀਂ ਬੈਠੇ ਹੀ ਯਾਦ ਕਰੋ, ਆਪੇ ਆ ਜਾਣਗੇ।

*ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ ॥*
*ਦਰਸਨ ਕੀ ਮਨਿ ਆਸ ਘਨੇਰੀ*
*ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ ॥*
*ਅੰਗ - ੩੭੪*

ਹੈ ਕੋਈ ਐਸਾ ਸੰਸਾਰ ਵਿਚ? ਖਿਆਲ ਆਇਆ ਕਿ ਪਿਆਰ ਕੱਚਾ ਹੈ ਸਾਡਾ, ਗਰਜ਼ ਦਾ ਪਿਆਰ ਹਮੇਸ਼ਾ ਕੱਚਾ ਹੋਇਆ ਕਰਦਾ ਹੈ। ਜਿਸ ਪਿਆਰ ਦੇ ਅੰਦਰ ਗਰਜ਼ ਛੁਪੀ ਹੋਈ ਹੈ, ਉਹ ਪਿਆਰ ਨਹੀਂ ਚੱਲਿਆ ਕਰਦਾ। ਉਹ ਟੁੱਟ ਜਾਇਆ ਕਰਦਾ ਹੈ, ਅੱਧਵਾਟੇ। ਜੋ ਪਿਆਰ ਹੋਇਆ ਕਰਦਾ ਹੈ, ਉਹ ਬੇਗਰਜ਼ ਹੁੰਦਾ ਹੈ, ਕਦੇ ਮੰਗਦਾ ਨਹੀਂ। ਪਿਆਰ ਨੇ ਅੱਜ ਤੱਕ ਕੋਈ ਚੀਜ਼ ਮੰਗੀ ਨਹੀਂ ਹੈ, ਦਿੱਤਾ ਹੀ ਦਿੱਤਾ ਹੈ। ਅਸੀਂ ਤਾਂ ਪੁੱਤਰ ਮੰਗ ਰਹੇ ਹਾਂ, ਪਿਆਰ ਕਾਹਦਾ ਹੈ ਗੁਰੂ ਨਾਲ? ਸਾਡੀ ਤਾਂ ਸੌਦੇਬਾਜ਼ੀ ਹੈ, ਐਉਂ ਬੈਠ ਕੇ ਪੁੱਤਰ ਮੰਗਣਾ ਹੈ। ਸਾਡਾ ਪਿਆਰ ਤਾਂ ਨਾ ਹੋਇਆ ਨਾ। ਆਪਸ ਵਿਚ ਸਲਾਹ ਕਰਦੇ ਨੇ ਕਿ ਪੁੱਤਰ ਆਪਾਂ ਨੂੰ ਜ਼ਰੂਰ ਚਾਹੀਦਾ ਹੈ। ਰਾਣੀ ਕਹਿਣ ਲੱਗੀ ਕਿ ਜੇ ਉਹੀ ਮਿਲ ਜਾਣ ਸਭ ਕੁਛ ਹੋ ਜਾਏਗਾ ਆਪਣਾ। ਕਹਿੰਦੇ ਨੇ ਪੁੱਤਰ ਤੋਂ ਬਗੈਰ ਗਤੀ ਨਹੀਂ ਹੁੰਦੀ, ਜਿਹਨੂੰ ਗੁਰੂ ਮਿਲ ਗਿਆ, ਪ੍ਰਮੇਸ਼ਰ ਮਿਲ ਗਿਆ, ਉਹਦੀ ਗਤੀ ਵਿਚ ਕੋਈ ਕਸਰ ਰਹਿ ਜਾਂਦੀ ਹੈ? ਰਾਜਾ ਕਹਿਣ ਲੱਗਿਆ ਕਿ ਜਾਇਦਾਦ ਕੌਣ ਸਾਂਭੇਗਾ? ਰਾਣੀ ਨੇ ਕਿਹਾ ਕਿ ਕੋਈ ਸਾਂਭੇ ਨਾ ਸਾਂਭੇ ਆਪਾਂ ਨੂੰ ਕੀ ਹੈ, ਆਪ ਨੂੰ ਤਾਂ ਉਹ ਮਿਲਣਾ ਚਾਹੀਦਾ ਹੈ। ਪਿਆਰ ਦਾ ਰੁੱਖ ਬਦਲ ਗਿਆ। ਯਾਦ ਕਰਦੇ-ਕਰਦੇ ਪਿਆਰ, ਸੱਚਾ ਪਿਆਰ ਬਣ ਗਿਆ। ਕਿਉਂਕਿ ਜਿੰਨੀ ਦੇਰ ਤੱਕ ਪਿਆਰ, ਸੱਚਾ ਨਹੀਂ ਬਣਦਾ, ਆਦਮੀ ਦੇ ਅੰਦਰ ਮੰਗ ਕਾਇਮ ਹੈ, ਓਨਾ ਚਿਰ ਪਿਆਰ ਕੱਚਾ ਹੈ, ਜੇ ਤਾਂ ਦੇ ਦਿਤਾ ਤਾਂ ਪਿਆਰ ਹੈ ਨਾ ਦਿਤਾ ਤਾਂ ਖਤਮ ਹੋ ਗਿਆ। ਇਹ ਸੌਦੇਬਾਜ਼ੀ ਹੋਇਆ ਕਰਦੀ ✶♠। ਸੋ ਉਸ ਵੇਲੇ ਮਨ ਵਿਚ ਖਿਆਲ ਆ ਗਿਆ ਕਿ ਅਸੀਂ ਕੀ ਲੈਣਾ ਹੈ ਪੁੱਤਰ ਤੋਂ, ਹੁਣ ਉਹਨੂੰ ਪਿਆਰ ਕਰੋ। ਐਸਾ ਬਾਣੀ ਅੰਦਰ ਫੁਰਮਾਨ ਆਉਂਦਾ ਹੈ ਕਿ ਜੇ ਉਹਨੂੰ ਮਿਲਣਾ ਹੈ ਤਾਂ ਸਭ ਕੁਛ ਦੇ ਦੇ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥ ਅੰਗ - ੯੧੮*

ਜਾ ਜਾ ਪੁੱਛਦੇ ਨੇ ਸੁਹਾਗਣਾਂ ਨੂੰ ਕਿ ਤੁਹਾਨੂੰ ਕਿਸ ਤਰ੍ਹਾਂ ਮਿਲਿਆ ਹੈ?

*ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥*
*ਅੰਗ - ੧੮*

ਸਾਨੂੰ ਤਾਂ ਮਿਲਦਾ ਨਹੀਂ, ਅਸੀਂ ਤਾਂ ਧਿਆਨ ਧਰ-ਧਰ ਕੇ ਥੱਕ ਗਏ ਹਾਂ। ਬਾਣੀ ਵੀ ਪੜ੍ਹਦੇ ਹਾਂ, ਨਾਮ ਵੀ ਜਪਦੇ ਹਾਂ, ਸੇਵਾ ਵੀ ਕਰਦੇ ਹਾਂ। ਫੇਰ ਕੀ ਵਜ੍ਹਾ ਹੈ ਕੋਲ ਰਹਿੰਦਾ ਹੋਇਆ ਘੁੰਡ ਨਹੀਂ ਚੁੱਕਦਾ, ਨਾਲ ਰਹਿੰਦਾ ਹੋਇਆ ਬੋਲਦਾ ਨਹੀਂ ਹੈ। ਅਸੀਂ ਤਾਂ ਇਥੇ ਤੱਕ ਸੁਣਿਆ ਹੈ ਅੰਦਰ ਵਸਦਾ ਹੈ, ਜਿੱਥੇ ਤੂੰ ਵਸਦਾ ਹੈਂ, ਉਥੇ ਨਾਲ ਹੀ ਰਹਿੰਦਾ ਹੈ।

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥ ਅੰਗ - ੧੨੬੩*

ਮੈਂ ਦੀ ਕੰਧ ਬਣਾ ਲਈ। ਪੂਰੇ ਗੁਰੂ ਕੋਲ ਜਾਹ

ਉਹ ਇਸ ਕੰਧ ਨੂੰ ਤੋੜਨ ਦੀ ਜੁਗਤ ਦੱਸ ਦਏਗਾ –

*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥* ਅੰਗ – ੧੨੬੩

ਜਦੋਂ ਕੰਧ ਟੁੱਟ ਗਈ, ਫੇਰ ਮਿਲ ਜਾਏਗਾ ਭਾਈ।

*ਮੈ ਊਪਰਿ ਨਦਰਿ ਕਰੀ ਪਿਰਿ ਸਾਚੈ*
*ਮੈ ਛੋਡਿਅੜਾ ਮੇਰਾ ਤੇਰਾ ॥*
*ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ*
*ਇਤੁ ਮਾਰਗਿ ਭੈਣੇ ਮਿਲੀਐ ॥*
*ਆਪਨੜਾ ਪ੍ਰਭੁ ਨਦਰਿ ਕਰਿ ਦੇਖੈ*
*ਨਾਨਕ ਜੋਤਿ ਜੋਤੀ ਰਲੀਐ ॥* ਅੰਗ – ੫੬੧

ਜਵਾਬ ਮਿਲਦਾ ਹੈ ਕਿ ਮੇਰੇ ਪ੍ਰੀਤਮ ਨੇ ਤੇਰੇ ਤੇ ਨਿਗ੍ਹਾ ਕਰ ਦਿਤੀ ਮੈਂ 'ਮੇਰਾ ਤੇਰਾ' ਛੱਡ ਦਿਤਾ, ਉਹ ਮੇਰੇ ਵਿਚ ਹੈ ਤੇ ਮੈਂ ਉਹਦੇ ਵਿਚ ਹਾਂ, ਰਲ ਗਏ ਅਸੀਂ ਦੋਵੇਂ। ਪਤਾ ਨਹੀਂ ਲਗਦਾ –

*ਜਬ ਹਮ ਹੋਤੇ ਤਬ ਤੂ ਨਾਹੀ*
*ਅਬ ਤੂਹੀ ਮੈ ਨਾਹੀ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜ*
*ਲ ਕੇਵਲ ਜਲ ਮਾਂਹੀ ॥*
*ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥*
*ਜੈਸਾ ਮਾਨੀਐ ਹੋਇ ਨ ਤੈਸਾ ॥* ਅੰਗ – ੬੫੭

ਕਹਿੰਦੇ ਨੇ ਕਮਾਲ ਹੋ ਗਈ, ਜਦੋਂ ਮੈਂ ਹੁੰਦਾ ਹੈ ਉਹ ਨਹੀਂ ਹੁੰਦਾ, ਜਦੋਂ ਉਹ ਹੁੰਦਾ ਹੈ ਮੈਂ ਨਹੀਂ ਹੁੰਦਾ। ਸਉਂਪ ਦਿਤਾ –

*ਮੈ ਊਪਰਿ ਨਦਰਿ ਕਰੀ ਪਿਰਿ ਸਾਚੈ*
*ਮੈ ਛੋਡਿਅੜਾ ਮੇਰਾ ਤੇਰਾ ॥*
*ਸਭੁ ਮਨੁ ਤਨੁ ਜੀਉ ਕਰਹੁ*
*ਹਰਿ ਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ ॥*
*ਆਪਨੜਾ ਪ੍ਰਭੁ ਨਦਰਿ ਕਰਿ ਦੇਖੈ*
*ਨਾਨਕ ਜੋਤਿ ਜੋਤੀ ਰਲੀਐ ॥* ਅੰਗ – ੫੬੧

ਮਿਲਣਾ ਚਾਹੁੰਦਾ ਹੈਂ? ਆਹ ਜੀਵ ਹੈ ਨਾ, ਜਿਹਨੂੰ ਮੈਂ-ਮੈਂ ਕਰਦਾ ਹੈਂ, ਇਹ ਨੂੰ ਵੀ ਰੱਬ ਦਾ ਬਣਾ ਦੇ, ਇਹਨੂੰ ਭੁੱਲ ਕੇ ਵੀ ਨਾ ਯਾਦ ਕਰੀਂ। ਮੈਂ ਔਖਾ ਹਾਂ, ਮੈਂ ਦੁਖੀ ਹਾਂ।

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥* ਅੰਗ – ੭੫੭

ਇਸ ਦਾ ਜੋ ਨਿਰਣਾ ਹੈ, ਉਹ ਮੇਰਾ ਤੇਰਾ ਛੱਡ ਕੇ, ਇਸ ਤਰ੍ਹਾਂ ਕਹਿਣਾ ਪੈਂਦਾ ਹੈ –

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾ ਦਾ ਕਹਣਾ॥*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,*
*ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ ਖੰਜਰ ਪਿਆਲਾ*
*ਬਿੰਗ ਕਸਾਈਆਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸਥਰ ਚੰਗਾ,*
*ਭੱਠ ਖੇੜਿਆ ਦਾ ਰਹਣਾ॥*

**ਖਿਆਲ ਪਾਤਸ਼ਾਹੀ ੧੦**

ਐਂ ਤਾਂ ਨਹੀਂ ਪ੍ਰਮੇਸ਼ਰ ਮਿਲਦਾ, ਸਭ ਕੁਛ ਆਪਣੇ ਕੋਲ ਰੱਖ ਲਓ ਤੇ ਵਾਸ਼ਨਾ ਹੋਵੇ, ਹੇ ਪ੍ਰਭੂ! ਦਰਸ਼ਨ ਦਿਖਾ ਤੇਰੇ ਤੋਂ ਪੁੱਤਰ ਮੰਗਣਾ ਹੈ। ਤੇਰੇ ਤੋਂ ਸਿਹਤ ਮੰਗਣੀ ਹੈ ਦਰਸ਼ਨ ਤਾਂ ਦੇ ਜਾ। ਮਹਾਰਾਜ ਕਹਿੰਦੇ ਨੇ ਕਮਲਾ ਹੋਇਆ ਹੈਂ –

*ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥*
*ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥*

ਅੰਗ – ੧੩੭੮

ਨਾਲੇ ਲਭ ਲਈਂ ਫਿਰਦਾ ਹੈ ਕਿ ਜਦੋਂ ਦਰਸ਼ਨ ਹੋਣਗੇ ਫੇਰ ਪੁੱਤਰ ਮੰਗਾਂਗੇ। ਐਉਂ ਤਾਂ ਨਹੀਂ ਮਿਲਣਾ।

ਸੋ ਸਾਧਸੰਗਤ ਜੀ! ਉਹ ਸੱਚੇ ਦਿਲ ਨਾਲ ਆਰਾਧਣਾ ਕਰਨ ਲੱਗ ਗਏ। ਹੁਣ ਨੇਤਰਾਂ 'ਚੋਂ ਜਲ ਜਾਂਦਾ ਹੈ, ਖਿੱਚ ਪੈਂਦੀ ਹੈ, ਗੁਰੂ ਕਲਗੀਧਰ ਪਾਤਸ਼ਾਹ ਦੀ।

ਇਕ ਦਿਨ ਅਚਾਨਕ ਬੱਚਿਆਂ ਨੂੰ ਲੈ ਕੇ, ਸੌ ਬੱਚਾ ਹੋਣਾ ਹੈ। ਮਹਿਲਾਂ ਵਿਚ ਦਗੜ-ਦਗੜ ਕਰਦੇ ਆ ਗਏ। ਪਾਰਕ ਹੈ, ਘਾਹ ਲੱਗੇ ਹੋਏ ਨੇ, ਉਥੇ ਖੇਡ ਰਹੇ ਨੇ। ਬੇਅੰਤ ਕਿਸਮ ਦੀਆਂ ਖੇਲ੍ਹਾਂ ਖੇਲ੍ਹਦੇ ਨੇ। ਰੌਲਾ-ਗੌਲਾ ਸੁਣਦੇ ਨੇ, ਲੇਕਿਨ ਨੇਤਰ ਨਹੀਂ ਖੋਲ੍ਹਦੇ ਕਿ ਐਸਾ ਨਾ ਹੋਵੇ ਕਿ ਸਾਡਾ ਧਿਆਨ ਟੁੱਟ ਜਾਵੇ। ਧਿਆਨ ਦੇ ਵਿਚ ਸਮਾਏ ਹੋਏ ਨੇ, ਇਕ ਸੂਰਜ ਦੀ ਟਿੱਕੀ ਨਜ਼ਰ ਆ ਰਹੀ ਹੈ, ਉਹਦੇ ਵਿਚ ਕੀ ਦੇਖਦੇ ਨੇ ਕਿ ਮਨਮੋਹਣੀ ਸੂਰਤ ਹੈ ਛੋਟੇ ਜਿਹੇ ਸਮਝ ਲਓ ਕਿ ਬਾਲ ਅਵਸਥਾ ਦੇ, ਉਹਨੂੰ ਦੇਖ-ਦੇਖ ਕੇ ਖੁਸ਼ ਹੁੰਦੇ ਨੇ। ਐਨੇ ਨੂੰ ਦਗੜ-ਦਗੜ ਕਰਦੇ ਗੁਰੂ ਦਸ਼ਮੇਸ਼ ਪਿਤਾ, ਬਾਲਾ ਪ੍ਰੀਤਮ ਪੌੜੀਆਂ ਚੜ੍ਹ ਆਏ, ਸਿੱਧੇ ਜਾ ਕੇ ਜਿਥੇ ਰਾਣੀ ਦੇ ਮਹੱਲ ਸੀ ਉਹਦੇ ਵਿਚ ਜਾ ਵੜੇ। ਉਹ ਨੇਤਰ ਬੰਦ ਕਰੀ ਬੈਠੀ ਹੈ, ਬਹੁਤ ਅਨੰਦ ਆ ਰਿਹਾ ਹੈ, ਜੀਅ ਨਹੀਂ ਕਰਦਾ ਕਿ ਨੇਤਰ ਖੋਲ੍ਹੀਏ। ਜੀਅ ਨਹੀਂ ਕਰਦਾ ਕਿ ਕੋਈ ਗੱਲ, ਸੁਣਾਂ। ਇਹ ਨਹੀਂ ਜੀਅ ਕਰਦਾ ਕਿ ਨੇਤਰ ਖੋਲ੍ਹ ਕੇ ਮੈਂ ਦੇਖਾਂ ਕਿ ਕੌਣ ਆ ਗਿਆ। ਹੈਰਾਨੀ ਦੀ ਹੱਦ ਨਾ ਰਹੀ ਇਕ ਦਮ ਪਲਾਕੀ ਮਾਰ ਕੇ

ਗੋਦੀ 'ਚ ਬਹਿ ਗਏ, ਨਾਲ ਗਲ ਦੇ ਦੁਆਲੇ ਦੋਵੇਂ ਬਾਹਵਾਂ ਪਾ ਕੇ ਮਾਂ! ਮਾਂ! ਮਾਂ!, ਹੈਰਾਨ ਹੋ ਗਈ ਕਿ ਮੈਂ, ਮਾਂ? ਮੈਨੂੰ ਕੋਈ ਸੰਸਾਰ 'ਚ ਹੈ, ਜਿਹੜਾ ਮਾਂ ਕਹਿੰਦਾ ਹੈ। ਨੇਤਰ ਖੋਲ੍ਹੇ।

ਮਾਂ ਇਕ ਦਿਨ ਤੂੰ ਹੀਂ ਕਿਹਾ ਸੀ ਨਾ ਜਦੋਂ ਦੇਖ ਕੇ ਮੈਂ ਖੇਲ੍ਹਦਾ ਸੀ ਕਿ ਮੈਨੂੰ ਇਹਦੇ ਵਰਗਾ ਪੁੱਤਰ ਚਾਹੀਦਾ ਹੈ। ਮਾਂ! ਉਹੋ ਜਿਹਾ ਤਾਂ ਫੇਰ ਮੈਂ ਹੀ ਹਾਂ, ਹੋਰ ਤਾਂ ਕੋਈ ਹੈ ਨਹੀਂ ਤੇ ਮੈਂ ਹੀ ਤੇਰਾ ਪੁੱਤਰ ਹਾਂ। ਕਿੰਨੀ ਖੁਸ਼ੀ ਹੋਈ ਸਾਧਸੰਗਤ ਜੀ, ਇਹਦਾ ਅੰਦਾਜ਼ਾ ਕੋਈ ਲਗ ਨਹੀਂ ਸਕਦਾ। ਭਾਈ ਗੁਰਦਾਸ ਜੀ ਇਸ ਤਰ੍ਹਾਂ ਲਿਖਦੇ ਨੇ –

***ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ,***
***ਬੁਧਿ ਕੀ ਨ ਬੁਧਿ ਰਹੀ,***
***ਮਤਿ ਮੈ ਨ ਮਤਿ ਹੈ।***
***ਸੁਰਤਿ ਮੈ ਨ ਸੁਰਤਿਔ***
***ਧਯਾਨ ਮੈ ਨ ਧਯਾਨ ਰਹਯੋ,***
***ਗਯਾਨ ਮੈ ਨ ਗਯਾਨ ਰਹਯੋ***
***ਗਤਿ ਮੈ ਨ ਗਤਿ ਹੈ।***

***ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ,***
***ਰਤਿ ਮੈ ਨ ਰਤਿ ਰਹੀ ਪਤਿ ਰਤਿ ਪਤਿ ਹੈ।***
***ਅਦਭੁਤ ਪਰਮਦਭੁਤ ਬਿਸਮੈ ਬਿਸਮ,***
***ਅਸਚਰਜੈ ਅਸਚਰਜ ਅਤਿ ਅਤਿ ਹੈ।***
***ਕਬਿੱਤ ਭਾਈ ਗੁਰਦਾਸ ਜੀ***

ਨਾ ਸੁੱਧ ਹੈ, ਨਾ ਬੁੱਧ ਹੈ, ਨਾ ਮੱਤ ਹੈ। ਦਰਸ਼ਨ ਵਿਚ ਹੀ ਲੀਨ ਹੋ ਗਈ, ਆਪਣਾ ਆਪਾਂ ਦੋਹਾਂ ਨੂੰ ਹੀ ਭੁੱਲ ਗਿਆ।

ਹੁਣ ਬੋਲਿਆ ਨਹੀਂ ਜਾਂਦਾ, ਉਧਰੋਂ ਆਵਾਜ਼ ਆ ਰਹੀ ਹੈ ਮਾਂ-ਮਾਂ। ਐਡੀ ਮੋਹਣੀ, ਜਿਹਦੇ ਕਲਗੀਧਰ ਪਾਤਸ਼ਾਹ ਗੋਦੀ ਵਿਚ ਬੈਠ ਕੇ ਮਾਂ ਕਹਿ ਦੇਣ। ਕਿੱਡੇ ਭਾਗਾਂ ਵਾਲੀ ਮਾਂ ਸੀ ਉਹ। ਰਾਣੀ ਮੈਣੀ, ਫਤਹਿਚੰਦ ਰਾਜੇ ਦੀ ਘਰਵਾਲੀ। ਉਸ ਵੇਲੇ ਕੇਵਲ ਮਾਂ ਹੀ ਨਹੀਂ ਕਿਹਾ ਰੂਹਾਨੀ ਤੌਰ ਤੇ ਵੀ ਉਨ੍ਹਾਂ ਨੂੰ ਉਪਰ ਲੈ ਗਏ ਕਿ ਹੁਣ ਸਾਡਾ ਤੇ ਇਨ੍ਹਾਂ ਦਾ ਵਿਛੋੜਾ ਨਾ ਹੋਵੇ।

***ਦਰਸਨ ਧਿਆਨ ਦਿਬ ਦ੍ਰਿਸਟਿ ਪ੍ਰਗਾਸ ਭਈ,***
***ਕਰੁਨਾ ਕਟਾਛ ਦਿੱਬ ਦੇਹ ਪਰਵਾਨ ਹੈ।***
***ਕਬਿੱਤ ਭਾਈ ਗੁਰਦਾਸ ਜੀ***

ਖੁੱਲ੍ਹ ਗਿਆ ਨੇਤਰ ਜਿਹਨੂੰ ਤੀਸਰੀ ਅੱਖ ਆਖਦੇ ਨੇ, ਤੀਸਰਾ ਤਿਲ੍ਹ ਕਹਿੰਦੇ ਨੇ, ਬਿਅੰਨ ਅਖੜੀਆਂ ਕਹਿੰਦੇ ਨੇ। ਦਰਸ਼ਨ ਕਰਦੇ ਹੀ ਅੰਦਰਲਾ ਸਰੀਰ ਜਿਹੜਾ ਦਿਬਯ ਦੇਹ ਸੀ, ਉਹਦਾ ਵੀ ਪਤਾ ਲੱਗ ਗਿਆ।

***ਸਬਦ ਸੁਰਤਿ ਲਿਵ ਬਜਰ ਕਪਾਟ ਖੁਲੇ,***
***ਪ੍ਰੇਮ ਰਸ ਰਸਨ ਕੈ, ਅੰਮ੍ਰਿਤ ਨਿਧਾਨ ਹੈ।***
***ਕਬਿੱਤ ਭਾਈ ਗੁਰਦਾਸ ਜੀ***

ਲਿਵ ਲੱਗ ਗਈ ਸ਼ਬਦ ਦੇ ਨਾਲ, ਜਿਹੜੇ ਕਪਾਟ ਖੁਲ੍ਹਦੇ ਨਹੀਂ, ਤੜੱਕ ਦੇ ਕੇ ਖੁਲ੍ਹ ਗਏ। ਪ੍ਰੇਮ ਦਾ ਰਸ ਚੋ ਰਿਹਾ ਹੈ ਉਥੇ।

***ਚਰਨ ਕਮਲ ਮਕਰੰਦ ਬਾਸਨਾ ਸੁ ਬਾਸ,***
***ਹਸਤ ਪੂਜਾ ਪ੍ਰਨਾਮ ਸਫਲ ਸੁ ਗਯਾਨ ਹੈ।***
***ਕਬਿੱਤ ਭਾਈ ਗੁਰਦਾਸ ਜੀ***
***ਸਫਲ ਹੋ ਗਿਆ ਗਿਆਨ,***
***ਸਫਲ ਹੋ ਗਿਆ ਧਿਆਨ।***
***ਅੰਗ ਅੰਗ ਬਿਸਮ ਸ੍ਰਬੰਗ ਮੈ ਸਮਾਇ ਭਏ,***
***ਮਨ ਮਨਸਾ ਥਕਤ ਬ੍ਰਹਮ ਧਿਆਨ ਹੈ।***
***ਕਬਿੱਤ ਭਾਈ ਗੁਰਦਾਸ ਜੀ***

ਸਾਰੇ ਅੰਗ-ਅੰਗ ਦੇ ਅੰਦਰ ਬਿਸਮਾਦ ਛਾ ਗਿਆ, ਝਰਨ੍ਹਾਟਾਂ ਆਉਂਦੀਆਂ ਨੇ, ਮਹਾਨ ਪਿਆਰ ਦੀਆਂ ਲਹਿਰਾਂ ਮਹਿਸੂਸ ਹੋਣੀਆਂ ਸ਼ੁਰੂ ਹੋ ਗਈਆਂ।

ਸੋ ਐਸੀ ਅਵਸਥਾ ਬਣ ਗਈ। ਕਹਿਣ ਲੱਗੇ, ਮਾਂ! ਹੁਣ ਮੈਂ ਆ ਗਿਆ। ਹੁਣ ਤੂੰ ਪੁੱਤਰ ਦੀ ਵਾਸ਼ਨਾ ਛੱਡੀ ਤੇ ਮੈਂ ਤੇਰਾ ਪੁੱਤਰ ਬਣ ਗਿਆ। ਜੇ ਤੂੰ ਪੁੱਤਰ ਮੰਗਦੀ ਸੀ ਮੈਂ ਤਾਂ ਹੀ ਨਹੀਂ ਸੀ ਆਉਂਦਾ। ਮੈਂ ਤੇਰਾ ਪੁੱਤਰ ਬਣਨਾ ਸੀ, ਜਦੋਂ ਮੈਂ ਖੇਲ੍ਹਦਾ ਸੀ ਤਾਂ ਉਸ ਵੇਲੇ ਤੂੰ ਕਿਹਾ ਸੀ ਕਿ ਜੇ ਮੈਨੂੰ ਪੁੱਤਰ ਮਿਲੇ ਤਾਂ ਇਹੋ ਜਿਹਾ ਮਿਲਣਾ ਚਾਹੀਦਾ ਹੈ। ਸੋ ਇਹ ਤੇਰੀ ਵਾਸ਼ਨਾ ਪੂਰੀ ਨਹੀਂ ਸੀ ਹੋਣੀ।

ਸੋ ਇਸ ਤਰ੍ਹਾਂ ਬੜੀ ਰਾਤ ਲੰਘ ਗਈ। ਓਧਰ ਮਾਤਾ ਗੁਜਰੀ ਜੀ ਹੈਰਾਨ ਨੇ ਕਿ ਅਜੇ ਤੱਕ ਆਏ ਨਹੀਂ ਹਨ, ਕਿੱਥੇ ਚਲੇ ਗਏ। ਐਨਾ ਸਮਾਂ ਤਾਂ ਲਾਉਂਦੇ ਨਹੀਂ। ਮਾਮਾ ਕ੍ਰਿਪਾਲ ਜੀ ਨੂੰ ਭੇਜਿਆ ਕਿ ਜਾਓ ਤੁਸੀਂ ਪਤਾ ਕਰੋ। ਉਹ ਟੋਲਦੇ ਫਿਰਦੇ ਨੇ, ਅਖੀਰ ਜਾ ਕੇ ਲੈ ਕੇ ਆਏ। ਪੁੱਛਿਆ ਕਿ ਲਾਲ ਜੀ! ਐਨੀ ਦੇਰ ਲਾ ਦਿਤੀ। ਕਹਿੰਦੇ ਕਿ ਮਾਂ ਜੀ, ਮੈਂ ਇਕ ਮਾਂ ਹੋਰ ਬਣਾ ਲਈ। ਕਹਿੰਦੇ, ਹੈਂ ਮਾਂ ਤਾਂ ਇਕੋ ਹੀ ਹੁੰਦੀ ਹੈ, ਦੋ ਤਾਂ ਬਣਦੀਆਂ ਨਹੀਂ। ਇਕ ਮਿਆਨ ਵਿਚ ਦੋ ਤਲਵਾਰਾਂ ਤਾਂ ਪਈਆਂ ਨਹੀਂ ਕਦੇ। ਦੋ ਕਿਵੇਂ ਹੋਣਗੀਆਂ, ਮਾਂ ਤਾਂ ਇਕ ਹੋਏਗੀ। ਕਹਿੰਦੇ ਮਾਤਾ! ਆਹ ਤੈਨੂੰ ਮੈਂ ਦਿਖਾਵਾਂ। ਚੰਦ ਚਮਕਦਾ ਸੀ। ਪੂਰਾ ਜੋਬਨ ਤੇ ਸੀ ਤੇ ਘੜੇ ਭਰੇ ਪਏ ਸੀ ਪਾਣੀ ਦੇ। ਕਹਿੰਦੇ ਦੇਖੋ, ਆਹ ਘੜੇ ਵਿਚ ਕੀ ਹੈ, ਕਹਿੰਦੇ ਕਿ ਚੰਦਰਮਾ। ਕਹਿੰਦੇ ਦੂਸਰੇ ਵਿਚ ਕੀ

ਹੈ ਕਹਿੰਦੇ ਚੰਦਰਮਾ। ਕਹਿਣ ਲੱਗੇ, ਮਾਤਾ ਜੀ! ਐਉਂ ਹੀ ਹੈ। ਦੋਹਾਂ ਵਿਚ ਜਿਵੇਂ ਚੰਦਰਮਾ ਹੈ ਐਵੇਂ ਹੀ ਮੈਨੂੰ ਦੋਹਾਂ ਦਾ ਖਿਆਲ ਹੋਏਗਾ। ਸੋ ਮਹਾਰਾਜ ਜਿੰਨੀ ਦੇਰ ਤੱਕ ਉਥੇ ਰਹੇ ਬੜਾ ਪਿਆਰ ਕਰਦੇ ਰਹੇ। ਸਤਿਸੰਗ ਲਗਦਾ ਰਿਹਾ।

ਸੋ ਜਿਸ ਵਕਤ ਮਾਂ ਦੀ ਗੋਦੀ 'ਚ ਜਾ ਕੇ ਬੈਠੇ ਨੇ ਤਾਂ ਕਹਿਣ ਲੱਗੇ ਕਿ ਮਾਂ ਸਾਨੂੰ ਤਾਂ ਭੁੱਖ ਲੱਗੀ ਹੋਈ ਹੈ। ਕੁਛ ਦਿਓ ਖਾਣ ਲਈ। ਮਠਿਆਈ ਮੰਗਾਉਣ ਲੱਗੇ। ਮਹਾਰਾਜ ਨੇ ਕਿਹਾ ਕਿ ਮਠਿਆਈ ਨਹੀਂ, ਜਿਹੜੇ ਭੁੰਗਣੀਆਂ ਤੇ ਪੂਰੀਆਂ ਬਣਾਈਆਂ ਨੇ, ਉਹ ਦਿਓ। ਯਾਦ ਆ ਗਿਆ ਕਿ ਭੁੰਗਣੀਆਂ ਬਣਾ ਕੇ ਰੱਖੀਆਂ ਸੀ। ਉਸੇ ਵੇਲੇ ਜਾ ਕੇ ਲਿਆਉਂਦੇ ਨੇ। ਕਹਿੰਦੇ ਅਸੀਂ ਰੋਜ਼ ਆਇਆ ਕਰਾਂਗੇ, ਸਾਨੂੰ ਇਥੇ ਆਹੀ ਚੀਜ਼ ਦਿਆ ਕਰਨੀ ਹੈ ਰੋਜ਼। ਨਿੱਤ ਆਇਆ ਕਰਾਂਗੇ, ਸਾਰੇ ਬਾਲਕਾਂ ਨੂੰ ਪ੍ਰਸ਼ਾਦ ਪਾਣੀ ਦੇਣਾ ਹੈ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਨੇ ਬੜੇ ਕੌਤਕ ਉਥੇ ਕੀਤੇ ਤੇ ਹੁਣ ਸਮਾਂ ਆ ਗਿਆ ਪਿਤਾ ਜੀ ਦੀ ਚਿੱਠੀ ਆ ਗਈ ਕਿ ਹੁਣ ਤੁਸੀਂ ਹੌਲੀ-ਹੌਲੀ ਆ ਜਾਓ, ਪੰਜਾਬ ਦੇ ਅੰਦਰ, ਅਨੰਦਪੁਰ ਸਾਹਿਬ ਦੇ ਅੰਦਰ, ਸੰਸਾਰ ਦੀ ਹਾਲ-ਚਾਲ ਬਦਲ ਗਈ ਹੈ, ਸਮਾਂ ਬਹੁਤ ਖਰਾਬ ਆ ਗਿਆ ਹੈ। ਬਹੁਤ ਬੁਰਾ ਹਾਲ ਪਰਜਾ ਦਾ ਹੋ ਗਿਆ ਹੈ, ਜ਼ਬਰਦਸਤੀ ਧਰਮਸਾਲਾਂ ਢਾਹੀਆਂ ਜਾ ਰਹੀਆਂ ਨੇ, ਮੰਦਰ ਢਾਹੇ ਜਾ ਰਹੇ ਨੇ, ਤੁਸੀਂ ਆ ਜਾਓ। ਉਸ ਵਕਤ ਜਦੋਂ ਗੁਰੂ ਮਹਾਰਾਜ ਜੀ ਵਿਛੜਨ ਲੱਗੇ ਸਾਧਸੰਗਤ ਜੀ! ਇਹ ਤਾਂ ਜਿਹਨੇ ਉਸ ਵਕਤ ਦੇਖਿਆ ਹੋਵੇ, ਉਸਨੂੰ ਪਤਾ ਹੁੰਦਾ ਹੈ ਕਿ ਮੇਲ ਹੋ ਕੇ ਵਿਛੋੜਾ ਉਸ ਤੋਂ ਵੀ ਔਖਾ ਹੋਇਆ ਕਰਦਾ ਹੈ। ਜਿਸ ਵਕਤ ਪਤਾ ਲੱਗਿਆ ਸਾਰਿਆਂ ਨੂੰ, ਇਕੱਠ ਹੋ ਗਿਆ। ਕਹਿੰਦੇ ਮਹਾਰਾਜ! ਅਸੀਂ ਤਾਂ ਜਾਣ ਨਹੀਂ ਦੇਣਾ, ਸਾਡੇ ਉਤੋਂ ਦੀ ਲੰਘ ਜਾਓ। ਬਾਰ-ਬਾਰ ਬੇਨਤੀਆਂ ਕਰਦੇ ਨੇ ਕਿ ਆਪ ਕ੍ਰਿਪਾ ਕਰੋ, ਪੰਜਾਬ ਦੇਸ਼ ਵਿਚ ਬਹੁਤ ਗੜਬੜ ਹੈ, ਬਹੁਤ ਰੌਲਾ-ਰੱਪਾ ਪਿਆ ਹੋਇਆ ਹੈ ਤੇ ਇਥੇ ਹੀ ਤੁਸੀਂ ਰਹੋ। ਨਵਾਬ ਰਹੀਮ ਖਾਨ ਵੀ ਆਉਂਦੇ ਨੇ ਤੇ ਪੰਡਤ ਸ਼ਿਵਦੱਤ ਵੀ ਆਉਂਦਾ ਹੈ, ਹੋਰ ਵੀ ਆਉਂਦੇ ਨੇ, ਉਸ ਵੇਲੇ ਬਾਰ-ਬਾਰ ਬੇਨਤੀਆਂ ਕਰਦੇ ਨੇ ਕਿ ਬੜਾ ਮੁਸ਼ਕਲ ਹੋ ਜਾਏਗਾ। ਲੇਕਿਨ ਮਹਾਰਾਜ ਕਹਿੰਦੇ ਕਿ ਪਿਤਾ ਜੀ ਦੀ ਆਗਿਆ ਹੀ ਐਸੀ ਆਈ ਹੈ, ਸਾਨੂੰ ਜਾਣਾ ਹੀ ਪੈਣਾ ਹੈ ਤੇ ਆਪ ਇਕੱਲੇ-ਇਕੱਲੇ ਨੂੰ ਮਿਲਦੇ ਨੇ। ਰਹੀਮ ਖਾਨ ਨੂੰ ਕਹਿਣ ਲੱਗੇ ਰਹੀਮ ਖਾਨ! ਤੂੰ ਉਦਾਸ ਨਾ ਹੋ ਜਦੋਂ ਜਪੁਜੀ ਸਾਹਿਬ ਦਾ ਪਾਠ ਕਰੇਂਗਾ, ਜਦੋਂ ਤੂੰ ਕਹੇਂਗਾ 'ਕੇਤੀ ਛੁਟੀ ਨਾਲਿ' ਸਾਮ੍ਹਣੇ ਦੇਖੀਂ ਸਾਡਾ ਝਲਕਾਰਾ ਵੱਜਿਆ ਕਰੇਗਾ। ਕਿਸੇ ਨੂੰ ਵਸਤਰ ਦੇ ਦਿਤਾ, ਕਿਸੇ ਨੂੰ ਕੋਈ ਹੋਰ ਚੀਜ਼ ਦੇ ਦਿਤੀ, ਇਸ ਤਰ੍ਹਾਂ ਇਕ ਕਟਾਰ ਦਿਤੀ। ਜਿਸ ਵਕਤ ਮੈਣੀ ਰਾਣੀ ਕੋਲ ਗਏ, ਉਹ ਪਹਿਲਾਂ ਹੀ ਬਹੁਤ ਉਦਾਸ ਬੈਠੀ ਸੀ ਕਿ ਹੁਣ ਕੀ ਬਣੇਗਾ? ਇਨ੍ਹਾਂ ਨੇ ਚਲੇ ਜਾਣਾ ਹੈ, ਪੁੱਤਰ ਬਣੇ ਨੇ। ਹੁਣ ਬਣੇਗਾ ਕੀ? ਜਿਸ ਵਕਤ ਗਏ ਜਾ ਕੇ ਦੱਸਿਆ ਕਿ ਮਾਂ! ਮੈਂ ਪੰਜਾਬ ਨੂੰ ਜਾ ਰਿਹਾ ਹਾਂ। ਬੱਸ ਆਹ ਗੱਲ ਕਰਨ ਦੀ ਲੋੜ ਸੀ, ਦੜੰਮ ਕਰਕੇ ਗਿਰ ਗਈ, ਬੇਹੋਸ਼ ਹੋ ਗਈ, ਹੋਸ਼ ਨਹੀਂ ਰਹੇ। ਜਲ ਪਾਇਆ ਆਪ ਨੇ ਮੁਖ ਵਿਚ। ਐਸੀ ਹੀ ਅਵਸਥਾ ਹੁੰਦੀ ਹੈ ਸਾਧਸੰਗਤ ਜੀ! -

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥ ਨਾਦ*
*ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥ ਭਵਰੁ ਲੋਭੀ*
*ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*
*ਅੰਗ - ੭੦੮*

ਸਾਰੀ ਸੰਗਤ ਦੀ ਅਰਦਾਸ ਹੈ ਕਿ ਪਾਤਸ਼ਾਹ! ਤੁਸੀਂ ਪੰਜਾਬ ਚਲੇ ਜਾਣਾ ਹੈ, ਸਾਡੇ ਜੀਵਨ ਦਾ ਕੋਈ ਹੈ ਬੰਦੋਬਸਤ? ਕਿਉਂਕਿ -

*ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ॥*
*ਜਾ ਕੇ ਬਿਛੁਰਤ ਹੋਤ ਮਿਰਤਕਾ*
*ਗ੍ਰਿਹ ਮਹਿ ਰਹਨੁ ਨ ਪਾਈ ॥* *ਅੰਗ - ੧੨੦੭*

ਪਿਆਰੇ ਤੋਂ ਬਿਨਾਂ ਵੀ ਕਦੇ ਜੀਵਨ ਹੁੰਦਾ ਹੈ?

ਅਸੀਂ ਤਾਂ ਮਰ ਜਾਵਾਂਗੇ, ਪਾਤਸ਼ਾਹ!

ਸੋ ਰਾਣੀ ਬੇਹੋਸ਼ ਹੋ ਕੇ ਗਿਰ ਗਈ। ਕਿਉਂਕਿ ਪਿਆਰੇ ਜਿਹੜੇ ਹੁੰਦੇ ਨੇ, ਜਿਹਦਾ ਪਿਆਰ ਹੁੰਦਾ ਉਹਦੇ ਬਾਰੇ ਐਸਾ ਹੀ ਲਿਖਿਆ ਹੈ -

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ*
*ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥*
*ਅੰਗ - ੧੩੬੮*

ਸੱਚਾ ਪਿਆਰ ਗੁਰੂ ਕਲਗੀਰ ਪਾਤਸ਼ਾਹ ਨਾਲ ਸੀ, ਬੇਹੋਸ਼ ਹੋਈ ਪਈ ਹੈ ਰਾਣੀ, ਸਹਾਰਾ ਦਿੰਦੇ ਨੇ, ਜਲ ਮੂੰਹ ਵਿਚ ਪਾਇਆ, ਆਤਮਕ ਸਹਾਰਾ ਦਿਤਾ। ਨੈਣ ਖੁਲ੍ਹਦੇ ਨੇ, ਫੇਰ ਬੰਦ ਹੋ ਜਾਂਦੇ ਨੇ, ਫੇਰ ਮਹਾਰਾਜ ਨੇ ਸੰਭਾਲਿਆ, ਮਾਂ! ਐਨੀ ਉਦਾਸ ਨਾ ਹੋ, ਦਰਸ਼ਨ ਚਾਹੀਦੇ ਨੇ? ਆਹ ਫੜ ਕਟਾਰ, ਮੇਰੀ ਪੁਸ਼ਾਕ ਰੱਖ, ਆਹ ਮੇਰਾ ਗੁਟਕਾ ਰੱਖ, ਜਦੋਂ ਇਥੇ ਬੈਠ ਕੇ ਧਿਆਨ ਕਰਿਆ ਕਰੇਂਗੀ ਮੈਂ ਤੇਰੀ ਗੋਦੀ ਵਿਚ ਹੋਇਆ

ਕਰਾਂਗਾ। ਪਰ ਮੇਰੇ ਆਹ ਜਿਹੜੇ ਸਾਥੀ ਬੱਚੇ ਨੇ ਇਹ ਖੇਲ੍ਹਣ ਆਇਆ ਕਰਨਗੇ। ਜਦੋਂ ਤੂੰ ਇਨ੍ਹਾਂ ਨੂੰ ਭੂੰਗਣੀਆਂ ਦੇਵੇਂਗੀ, ਮੈਂ ਵਿਚ ਖੇਲ੍ਹਦਾ ਦਿਸਿਆ ਕਰਾਂਗਾ।

ਸੋ ਬਾਰ-ਬਾਰ ਸੰਗਤ ਬੇਨਤੀਆਂ ਕਰਦੀ ਹੈ ਕਿਉਂਕਿ ਦੁਖ ਹੈ -

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥*

*ਅੰਗ - ੧੧੦੦*

ਬੇਨਤੀ ਕਰਦੇ ਨੇ ਕਿ ਸਾਡੇ ਸਿਰਾਂ ਦੇ ਸਾਂਈਂ ਸਾਨੂੰ ਚਰਨਾਂ ਤੋਂ ਨਾ ਵਿਛੋੜੋ, ਅਸੀਂ ਤੁਹਾਡੇ ਨਾਲ ਡੂੰਘੀ ਪ੍ਰੀਤ ਪਾਈ ਹੈ। ਜਿਨ੍ਹਾਂ ਪਿਆਰਿਆਂ ਦੇ ਉਤੇ ਇਹ ਬੀਤਦੀ ਹੈ ਉਨ੍ਹਾਂ ਨੂੰ ਪਤਾ ਹੁੰਦਾ ਹੈ -

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥ ਅੰਗ - ੩੨੭*

ਦਿਲਾਸਾ ਦਿਤਾ ਕਿ ਦਰਸ਼ਨ ਹੁੰਦੇ ਰਹਿਣਗੇ, ਭਰੋਸਾ ਰੱਖੋ, ਨਿਹਚਾ ਰੱਖੋ। ਸਮਝਾ ਬੁਝਾ ਕੇ ਗੁਰੂ ਮਹਾਰਾਜ ਜਦੋਂ ਤੁਰਦੇ ਨੇ ਬੜੀ ਦੂਰ ਤੱਕ ਸੰਗਤ ਤੁਰੀ ਆਉਂਦੀ ਹੈ। ਅਖੀਰ ਮਹਾਰਾਜ ਜੀ ਨੇ ਕਿਹਾ ਕਿ ਇਸ ਤੋਂ ਅੱਗੇ ਨਹੀਂ ਤੁਸੀਂ ਜਾਣਾ, ਇਥੋਂ ਤੁਸੀਂ ਵਾਪਸ ਜਾਓ।

ਸੋ ਇਸ ਤਰ੍ਹਾਂ ਵੈਰਾਗ ਦੀ ਭਰੀ ਹੋਈ ਸੰਗਤ ਨੂੰ ਛੱਡ ਕੇ ਗੁਰੂ ਮਹਾਰਾਜ ਅਨੰਦਪੁਰ ਸਾਹਿਬ ਆ ਜਾਂਦੇ ਨੇ। 14 ਸਾਲ ਲੰਘ ਗਏ। ਆਪ ਦਾ ਬਚਨ ਸੀ ਕਿ ਸਤਿਸੰਗ ਕਰਿਓ, ਇਕੱਠੇ ਹੋਇਓ, ਹਰੀ ਦਾ ਭਜਨ ਕਰਿਓ। ਜਦੋਂ ਤੁਸੀਂ ਧਿਆਨ ਕਰੋਂਗੇ ਤੁਹਾਡਾ ਬਚਨ ਹੈ ਤੁਹਾਨੂੰ ਇਥੇ ਬੈਠਿਆਂ ਨੂੰ ਦਰਸ਼ਨ ਦੇਈ ਜਾਵਾਂਗੇ।

ਏਸ ਆਸ ਤੇ 14 ਸਾਲ ਨਿਕਲ ਗਏ ਕਿ ਦੇਖੋ ਸ੍ਰੀ ਰਾਮ ਚੰਦਰ ਜੀ ਨੂੰ ਬਨਵਾਸ ਹੋਇਆ ਸੀ, ਸਾਨੂੰ ਪਤਾ ਹੈ ਕਿ ਉਨ੍ਹਾਂ ਦਾ ਪਿਤਾ ਵਿਛੋੜਾ ਝੱਲ ਨਾ ਸਕਿਆ। ਪਰ ਅਸੀਂ ਤਾਂ ਤੁਹਾਡੇ ਵਿਚ ਰਹਾਂਗੇ, ਦੂਰ ਨਹੀਂ ਜਾਂਦੇ। ਕੋਈ ਗੱਲ ਨਹੀਂ, ਸਮਾਂ ਆਏਗਾ ਤੁਸੀਂ ਆਪ ਆ ਜਾਇਓ ਅਨੰਦਪੁਰ ਸਾਹਿਬ। 14 ਸਾਲ ਅੱਜ ਬੀਤ ਗਏ ਸੰਗਤ ਨੇ ਸਲਾਹ ਕਰੀ, ਬਹੁਤ ਸਾਰੇ ਬਿਰਧ ਹੋ ਗਏ। ਸ਼ਿਵਦੱਤ ਬਹੁਤ ਬਿਰਧ ਹੋ ਗਿਆ, ਇਕੋ ਲਾਲਸਾ ਰਹਿੰਦੀ ਹੈ ਕਿ ਹੇ ਕਲਗੀਧਰ ਪਿਤਾ! ਕਦੇ ਦਰਸ਼ਨ ਹੋ ਜਾਣ। ਤਾਂ ਉਸ ਵੇਲੇ ਸਾਰਿਆਂ ਨੇ ਸਲਾਹ ਕਰੀ, ਇਹ ਵੀ ਆ ਗਏ ਕਹਿਣ ਲੱਗੇ ਰਾਜਨ! ਮੈਨੂੰ ਗਰੀਬ ਬੁੱਢੇ ਨੂੰ ਵੀ ਦਰਸ਼ਨ ਕਰਾ ਦਿਓ। ਹੁਣ ਤਾਂ ਮੇਰਾ ਸਰੀਰ ਕੁੱਛ ਦਿਨ ਦਾ ਹੈ, ਕ੍ਰਿਪਾ ਕਰੋ। ਪਾਲਕੀ ਤਿਆਰ ਕਰੀ, ਜੋੜੀ ਬਣਾਈ ਗਈ ਤੇ ਉਹਦੇ ਵਿਚ ਇਨ੍ਹਾਂ ਨੂੰ ਬਿਠਾਇਆ ਗਿਆ। ਇਸ ਤਰ੍ਹਾਂ ਦੇ ਨਾਲ ਸੰਗਤ ਆਹਿਸਤਾ-ਆਹਿਸਤਾ ਮੰਜ਼ਲਾਂ ਕੱਟਦੀ ਹੋਈ ਗੁਰੂ ਮਹਾਰਾਜ ਦੇ ਨੇੜੇ ਪਹੁੰਚੀ। ਤਾਂ ਉਸ ਵੇਲੇ ਮਹਾਰਾਜ ਜੀ ਆਹੀ ਦਿਨ ਸੀਗਾ ਜਿਹੜਾ ਅੱਜ ਹੈ, ਅਚਾਨਕ ਮਹਾਰਾਜ ਜੀ ਅਨੰਦਪੁਰ ਸਾਹਿਬ ਤੋਂ ਘੋੜੇ ਤੇ ਸਵਾਰ ਹੋ ਕੇ ਚੱਲ ਪਏ। ਦੂਰ ਆ ਗਏ, ਜਦੋਂ ਆ ਕੇ ਸਾਰਿਆਂ ਨੂੰ ਦਰਸ਼ਨ ਦਿਤੇ ਤਾਂ ਹੈਰਾਨ ਹੋ ਗਏ ਕਿ ਐਸਾ ਪਿਆਰਾ ਸਤਿਗੁਰੂ! ਕਿ ਚੌਦਾਂ ਸਾਲ ਤੋਂ ਬਾਅਦ ਵੀ ਨਹੀਂ ਸਾਨੂੰ ਭੁੱਲਿਆ। ਉਸ ਵੇਲੇ ਸੰਗਤ ਦੀ ਖ਼ੁਸ਼ੀ ਦਾ ਕੀ ਅੰਦਾਜ਼ਾ ਹੈ, ਬੜੇ ਦਿਨ ਉਥੇ ਸੰਗਤ ਰਹੀ। ਫੇਰ ਸ਼ਿਵਦੱਤ, ਗੁਰੂ ਮਹਾਰਾਜ ਦੇ ਚਰਨਾਂ ਵਿਚ ਜਦੋਂ ਸਰੀਰ ਛੱਡਣ ਲੱਗਿਆ ਤਾਂ ਮਹਾਰਾਜ ਨੇ ਚੁੱਕ ਕੇ ਆਪਣੇ ਪੱਟ ਤੇ ਧਰ ਲਿਆ, ਕਿੰਨਾ ਧੰਨ ਸੀ ਏਸ ਦਾ ਪਿਆਰ।

ਸੋ ਸਾਧਸੰਗਤ ਜੀ! ਐਸਾ ਸਤਿਗੁਰੂ ਜਿਸਦੀ ਆਪਾਂ ਯਾਦ ਮਨਾਈ ਹੈ। ਯਾਦ ਵਿਚ ਆਓ, ਉਹਦੇ ਨਾਲ ਜੁੜੋ, ਜਿਹੜੇ ਟੁੱਟ ਚੁੱਕੇ ਹੋਂ, ਦੁਬਾਰਾ ਜੁੜੋ। ਉਹਨੇ ਨਹੀਂ ਸਾਨੂੰ ਭੁੱਲਣਾ, ਅਸੀਂ ਵੀ ਚਲੇ ਜਾਵਾਂਗੇ, ਫੇਰ ਸਾਡੇ ਬੱਚੇ ਆ ਜਾਣਗੇ, ਉਹ ਵੀ ਚਲੇ ਜਾਣਗੇ, ਉਨ੍ਹਾਂ ਦੇ ਬੱਚੇ ਆ ਜਾਣਗੇ, ਲੇਕਿਨ ਗੁਰੂ ਦਸ਼ਮੇਸ਼ ਪਿਤਾ ਐਸੇ ਤਰ੍ਹਾਂ ਰਹਿਣਗੇ ਜਿਵੇਂ ਆਹ ਸੂਰਜ, ਚੰਦ ਨੇ। ਉਨ੍ਹਾਂ ਨੇ ਸਭ ਦੇ ਦਿਲ ਵਿਚ ਐਨਾ ਪਿਆਰ ਪਾ ਲਿਆ ਜਿਨ੍ਹਾਂ ਨੂੰ ਅਸੀਂ ਅਜੇ ਜਾਣਦੇ ਵੀ ਨਹੀਂ ਉਨ੍ਹਾਂ ਨੂੰ ਵੀ ਉਹਦਾ ਪਿਆਰ ਆਉਣਾ। ਪਿਆਰ ਕਰੋ ਐਸੇ ਸਤਿਗੁਰੂ ਨੂੰ, ਜਿਹਨੇ ਸਭ ਕੁਛ ਵਾਰ ਦਿਤਾ, ਕੁਛ ਨਹੀਂ ਰੱਖਿਆ, ਨਾ ਕੋਈ ਸਾਹਿਬਜ਼ਾਦਾ, ਨਾ ਆਪਣਾ ਘਰ, ਨਾ ਆਪਣਾ ਆਪ, ਸਾਰਾ ਹੀ ਪਰਿਵਾਰ ਸਾਡੇ ਉਤੇ ਵਾਰ ਦਿਤਾ। ਸੋ ਉਸਦੀ ਅਸੀਂ ਅੱਜ ਯਾਦ ਮਨਾਉਂਦੇ ਹੋਏ ਕੁਛ ਫੈਸਲੇ ਕਰੋ ਮਨਾਂ ਦੇ ਅੰਦਰ, ਇਕ ਤਾਂ ਇਹ ਕਰੋ ਕਿ ਜਿਹੜੇ ਸ਼ਰਾਬ ਵਗੈਰਾ ਪੀਂਦੇ ਨੇ, ਉਹ ਗੁਰੂ ਦੇ ਨਾਲ ਪਿਆਰ ਪਾ ਲਓ ਭਾਈ, ਇਹ ਛੱਡ ਦਿਓ ਬੋਤਲ ਦਾ ਪਿਆਰ, ਕੁਛ ਨਹੀਂ ਹੁੰਦਾ ਇਨ੍ਹਾਂ ਚੀਜ਼ਾਂ ਦੇ ਅੰਦਰ। ਗੁਰੂ ਨੂੰ ਪਿਆਰ। ਉਸ ਗੁਰੂ ਨੂੰ ਬੜੀ ਆਸ ਸੀ, ਉਹ ਕਹਿ ਗਿਆ ਸੀ -

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥***

***(ਸਰਬ ਲੋਹ ਗ੍ਰੰਥ 'ਚੋਂ)***

ਸਾਡੇ ਵਿਚ ਹੀ ਰਹਿੰਦੇ ਨੇ।

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ।***

# ਚਉਥੈ ਪਹਰਿ ਸਬਾਹ ਕੈ
# ਸੁਰਤਿਆ ਉਪਜੈ ਚਾਉ

## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

**(ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)**

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਗੁਰੂ ਮਹਾਰਾਜ ਜੀ ਨੇ ਸਾਡੇ ਉਧਾਰ ਵਾਸਤੇ ਜੋ ਆਪਣਾ ਪਵਿੱਤਰ ਹੁਕਮਨਾਮਾ, ਉਪਦੇਸ਼ ਬਖਸ਼ਿਆ ਹੈ ਉਸ ਦੇ ਵਿਚ ਆਪ ਜੀ ਨੇ ਬੇਨਤੀ ਕੀਤੀ ਹੈ ਕਿ ਹੇ ਕਰੁਣਾ ਪਤੇ! ਦਇਆ ਕਰਨ ਵਾਲੇ ਦਇਆਲ (ਪ੍ਰਭੂ) ਜਿਸ ਦੇ ਵਿਚ ਹਰ ਵਕਤ ਹੀ ਦਇਆ ਰਹਿੰਦੀ ਹੈ, ਕਿਸੇ ਦੇ ਅਵਗੁਣ ਨਹੀਂ ਵਿਚਾਰਦਾ, ਕ੍ਰਿਪਾ ਕਰਕੇ ਮੇਰੀ ਇਕ ਬੇਨਤੀ ਜ਼ਰੂਰ ਸੁਣ ਲਓ ਤੇ ਉਸ ਨੂੰ ਆਪ ਜ਼ਰੂਰ ਮੰਨ ਲਓ। ਉਹ ਇਹ ਹੈ ਕਿ ਮੇਰਾ ਸਮਾਓ, ਮੇਰੀ adjustment ਸਾਧੂ ਦੀ ਸੰਗਤ ਵਿਚ ਹੋ ਜਾਵੇ, ਮੈਂ ਉਥੇ ਸਮਾਅ ਜਾਵਾਂ, ਮੈਨੂੰ ਕੋਈ ਉਸ ਥਾਂ ਦੇ ਉਤੇ ਗੈਰ ਨਾ ਸਮਝੇ, ਕੋਈ ਮੇਰੇ ਨਾਲ ਫਰਕ ਨਾ ਰਹੇ ਤੇ ਮੇਰੀ ਕੋਈ mal-adjustment ਨਾ ਹੋਵੇ, ਮੈਂ ਪੂਰੀ ਤਰ੍ਹਾਂ ਦੇ ਨਾਲ ਉਥੇ ਸਮਾਓ ਪ੍ਰਾਪਤ ਕਰ ਲਵਾਂ।

ਬਹੁਤ ਵੱਡੀ ਬਾਤ ਮਹਾਰਾਜ ਜੀ ਨੇ ਸਾਡੇ ਵਾਸਤੇ ਫੁਰਮਾਨ ਕੀਤੀ ਹੈ, ਜਿਸ ਨੂੰ ਅਸੀਂ ਕੋਈ ਧਿਆਨ ਦੇਣ ਵਾਸਤੇ ਤਿਆਰ ਨਹੀਂ ਹਾਂ ਤੇ ਨਾ ਸਾਡੀ ਸਮਝ 'ਚ ਇਹ ਗੱਲ ਆਵੇ ਕਿ ਕਿਉਂ ਇਹ ਬਚਨ ਕਿਹਾ ਹੈ? ਆਪ ਜੀ ਨੇ ਮੌਕੇ ਦੇ ਮੁਤਾਬਿਕ, ਬੱਚੇ ਦਾ ਨਾਮ ਰੱਖਣਾ ਹੈ, ਸੰਸਾਰ ਦੀ ਯਾਤਰਾ ਸ਼ੁਰੂ ਹੋਈ ਹੈ, ਨਵੇਂ ਜੀਵ ਦੀ। ਉਹ ਸਾਰਾ ਕੁਝ ਮਹਾਰਾਜ ਜੀ ਨੇ ਫੁਰਮਾਨ ਕਰ ਦਿਤਾ ਹੈ ਕਿ ਜਿਸ ਵਕਤ ਮਾਤਾ ਦੇ ਪੇਟ ਵਿਚ ਸੀ ਬੱਚਾ, ਉਸ ਵੇਲੇ ਜੋ ਵਾਤਾਵਰਣ ਸੀ ਉਹ ਅਜੀਬ ਸੀ, ਇਸ ਥਾਂ ਦੇ ਨਾਲੋਂ, ਉਸ ਵੇਲੇ ਇਕੱਲਾ ਸੀ ਇਕ ਤਰ੍ਹਾਂ ਦੇ ਨਾਲ ਸਮਾਧੀ ਵਿਚ ਸੀ। ਸੁਖਮਨਾ ਨਾੜੀ - ਇੜਾ, ਪਿੰਗਲਾ, ਸੁਖਮਨਾ ਜਿਸ ਦਾ ਆਖਰੀ ਸਿਰਾ ਦਸਵੇਂ ਦੁਆਰ ਨਾਲ ਜੁੜਿਆ ਹੋਇਆ ਹੈ, ਉਸ ਥਾਂ 'ਤੇ ਉਸ ਦੀ ਜਾਗ੍ਰਤ, consciousness (ਚੇਤਨਤਾ) ਟਿਕੀ ਹੋਈ ਸੀ, ਕੋਈ ਫੁਰਨਾ ਨਹੀਂ ਸੀ, ਅੱਗੇ-ਪਿੱਛੇ ਦਾ। ਕੋਈ ਫੁਰਨਾ ਨਾ ਹੋਣ ਕਰਕੇ, ਚਿਤ ਬਿਰਤੀ ਇਕਾਗਰ ਹੋਣ ਕਰਕੇ, ਇਕ ਦ੍ਰਿਸ਼ ਦਿਖ ਰਿਹਾ ਸੀ ਉਸ ਨੂੰ, ਇਕ ਸ਼ਬਦ ਸੁਣ ਰਿਹਾ ਸੀ। ਦੋ ਚੀਜ਼ਾਂ ਸਨ ਉਸ ਥਾਂ ਦੇ ਉਤੇ, ਇਕ ਦ੍ਰਿਸ਼ ਸੀ ਤੇ ਦੂਜਾ ਸ਼ਬਦ ਸੀ। ਸ਼ਬਦ ਕਿਹੜਾ ਸੀ? ਉਹ ਸ਼ਬਦ, ਜਿਸ ਨੂੰ ਨਾਮ ਆਖਿਆ ਜਾਂਦਾ ਹੈ -

*ਪ੍ਰਿਥਮੈ ਓਅੰਕਾਰ ਤਿਨ ਕਹਾ॥*
*ਸੋ ਧੁਨ ਪੂਰ ਜਗਤ ਮੋ ਰਹਾ॥*

ਨਾਮ ਉਸ ਸ਼ਬਦ ਦਾ 'ਓਅੰਕਾਰ' ਰੱਖ ਦਿਤਾ ਕਿਉਂਕਿ ਏਕੰਕਾਰ ਤੋਂ ਹੋਇਆ ਹੈ -

*ਏਕੰਕਾਰਹੁ ਸਬਦ ਧੁਨਿ ਓਅੰਕਾਰਿ ਅਕਾਰੁ ਬਣਾਇਆ।*

ਉਹ ਐਡੀ ਵੱਡੀ ਪ੍ਰਬਲ complete (ਸੰਪੂਰਨ) ਸ਼ਕਤੀ ਹੈ ਕਿ ਉਸ ਤੋਂ ਸਾਰੀਆਂ ਸ੍ਰਿਸ਼ਟੀਆਂ ਦਾ ਵਜੂਦ ਕਾਇਮ ਹੋਇਆ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥*
*ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥*
*ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥*
*ਨਾਮ ਕੇ ਧਾਰੇ ਆਗਾਸ ਪਾਤਾਲ ॥*
*ਨਾਮ ਕੇ ਧਾਰੇ ਸਗਲ ਆਕਾਰ ॥*
*ਨਾਮ ਕੇ ਧਾਰੇ ਪੁਰੀਆ ਸਭ ਭਵਨ ॥*
*ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥* *ਅੰਗ - ੨੮੪*

ਜਿੰਨਾਂ ਸੁਣਨਾ, ਗਿਆਨ, ਧਿਆਨ, ਵੇਦ, ਪੁਰਾਨ, 27 ਸਿਮ੍ਰਤੀਆਂ, ਸਾਸ਼ਤਰ, ਵਿਦਿਆ ਜੋ ਕੁਝ ਵੀ ਦੇਖਦੇ ਹਾਂ ਅਸੀਂ ਅਕਾਸ਼, ਪਾਤਾਲ, ਪੌਣ-ਪਾਣੀ, ਬੈਸੰਤਰ ਜਿੰਨੇ ਤੱਤ ਨੇ, ਇਹ ਸਾਰੇ ਨਾਮ ਦਾ manifestation (ਪ੍ਰਗਟਾਵਾ) ਨੇ, ਨਾਮ ਤੋਂ ਹੋਏ ਨੇ। ਉਹ ਨਾਮ ਧੁਨ ਹੈ, ਇਕ ਅਨੁਭਵ ਹੈ, ਧੁਨ ਰੂਪੀ ਜੋ ਸਾਰੇ ਸਮਾਇਆ ਹੋਇਆ ਹੈ। ਉਸ ਵੇਲੇ ਉਸ ਜੀਵ ਨੂੰ ਉਹ ਨਾਮ ਧੁਨ ਦੇ ਨਾਲ ਸੰਪਰਕ ਹੋਣ ਕਰਕੇ, ਉਹ ਧੁਨ ਸੁਣਦੀ ਸੀ ਤੇ ਹਰ ਸੁਆਸ ਦੇ ਵਿਚ ਉਹ ਯਾਦ ਰਹਿੰਦੀ ਸੀ -

*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥* *ਅੰਗ - ੨੫੧*

ਉਸ ਓਅੰਕਾਰ ਦੀ ਯਾਦ ਵਿਚ ਰਹਿੰਦਾ ਸੀ,

ਤੇ ਜਿਸ ਵਕਤ ਉਸ ਸਥਾਨ ਦੇ ਉਤੇ ਦੇਖਦਾ ਸੀ ਤਾਂ ਦ੍ਰਿਸ਼ ਕੀ ਸੀ? ਸੈਂਕੜੇ ਜਨਮ ਜਿਹੜੇ ਲੰਘ ਗਏ ਨੇ ਉਨ੍ਹਾਂ ਨੂੰ ਦੇਖ ਰਿਹਾ ਸੀ ਕਿ ਮੈਂ ਆਹ ਵੀ ਬਣਿਆ, ਆਹ ਵੀ ਬਣਿਆ, ਆਹ ਵੀ ਬਣਿਆ। ਇਕ deep dream (ਗੂੜ੍ਹੀ ਨੀਂਦ) ਵਿਚ ਸੀ, ਇਕ ਗਹਿਰੇ ਸੁਪਨੇ ਦੇ ਅੰਦਰ। ਇਹ ਸੁਪਨਾ ਜਿਹੜਾ ਸਾਨੂੰ ਆਉਂਦਾ ਹੈ ਇਹ ਹਾਲਾਤ ਦੇ ਮੁਤਾਬਿਕ ਆਉਂਦਾ ਹੈ। ਇਸ ਦੇ ਵਿਚ ਬਹੁਤੀ ਸੱਤਤਾ ਨਹੀਂ ਹੋਇਆ ਕਰਦੀ ਕਿ ਜ਼ਰੂਰ ਹੀ ਸੱਚੀ ਚੀਜ਼ ਹੈ ਜਿਹੜੀ ਅਸੀਂ ਦੇਖੀ ਹੈ ਪਰ ਉਹ ਜਿਹੜੀ dream stage (ਸੁਪਨ ਅਵਸਥਾ) ਸੀ ਉਹ ਆਪਣੇ ਪਿਛਲੇ ਜਨਮਾਂ ਨੂੰ, ਉਨ੍ਹਾਂ ਦੇ ਦੁਖਾਂ ਨੂੰ, ਸੁਖਾਂ ਨੂੰ ਅਨੁਭਵ ਕਰ ਰਿਹਾ ਸੀ, ਦੇਖ ਰਿਹਾ ਸੀ –

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥* *ਅੰਗ – ੧੭੬*

ਬੜੇ ਦ੍ਰਿਸ਼ ਇਸ ਨੇ ਦੇਖੇ। ਉਸ ਤੋਂ ਬਾਅਦ ਹੁਕਮ ਹੋਇਆ ਤੇ ਇਸ ਸੰਸਾਰ ਦੇ ਵਿਚ ਪ੍ਰਵੇਸ਼ ਕਰਕੇ ਨਵੀਂ ਸੂਰਤ ਲੈ ਕੇ ਆਇਆ। ਜਿਹੜੀਆਂ ਪਹਿਲੀਆਂ ਸੂਰਤਾਂ ਲੰਘ ਚੁੱਕੀਆਂ ਨੇ ਉਨ੍ਹਾਂ ਕਿਸੇ ਸੂਰਤ ਨਾਲ ਭੀ ਇਸ ਦੀ ਸੂਰਤ ਨਹੀਂ ਮਿਲਦੀ, ਸ਼ਕਲ ਨਹੀਂ ਮਿਲਦੀ, ਨਾ ਕਿਸੇ ਪਹਿਲਾਂ ਬੀਤ ਚੁਕੇ ਸੁਭਾਅ ਦੇ ਨਾਲ ਸੁਭਾਅ ਰਲਦਾ ਹੈ; ਨਿਰੋਲ ਨਵੀਨਤਾ ਲੈ ਕੇ ਆਇਆ ਹੈ, ਨਵੇਂ ਖਿਆਲ, ਨਵੀਆਂ ਚੀਜ਼ਾਂ, ਨਵੇਂ ਕੰਮ ਕਰੇਗਾ। ਉਸ ਵੇਲੇ ਇਸ ਦੇ ਅੰਦਰ ਇਕ ਲੋਚਾ ਹੁੰਦੀ ਸੀ ਕਿ ਮੈਂ ਖੁੰਝਿਆ ਹਾਂ, ਹਰ ਵਾਰੀ, ਕਈ ਵਾਰੀ ਮੈਂ ਮਨੁੱਖ ਬਣਿਆ ਲੇਕਿਨ ਮੈਂ ਆਪਣੇ target (ਨਿਸ਼ਾਨੇ) ਤਕ ਕਿਉਂ ਨਹੀਂ ਪਹੁੰਚ ਸਕਿਆ? ਕਿਉਂਕਿ ਮੇਰੇ ਉਤੇ ਮਾਇਆ ਦਾ ਅਸਰ ਪੈਂਦਾ ਰਿਹਾ। ਉਥੇ ਪੁਕਾਰ ਕਰਦਾ ਹੈ ਕਿ ਹੇ ਪ੍ਰਭੂ! ਹੁਣ ਤੂੰ ਮੈਨੂੰ ਏਸ ਕਠਨ ਤਪਸਿਆ ਵਿਚੋਂ ਕੱਢ ਲੈ ਕਿਉਂਕਿ ਮੈਂ ਪੁੱਠਾ ਲਟਕ ਰਿਹਾ ਹਾਂ ਤੇ ਹੁਣ ਮੈਂ ਇਸ ਨਾਮ ਧੁਨ ਨੂੰ ਭੁੱਲਾਂਗਾ ਨਹੀਂ, ਨਾਮ ਨੂੰ ਨਹੀਂ ਭੁੱਲਾਂਗਾ ਕਦੇ ਵੀ, ਹੁਣ ਜਿਹੜਾ ਮੈਨੂੰ ਗਿਆਨ ਹੋਇਆ ਹੈ ਉਸ ਨੂੰ ਨਹੀਂ ਭੁੱਲਾਂਗਾ, ਇਸ ਨੂੰ ਸਦਾ ਯਾਦ ਰੱਖਾਂਗਾ। ਇਸ ਨੂੰ ਯਾਦ ਰੱਖ ਕੇ ਮੈਂ ਇਸ ਜੀਵਨ ਸਮੇਂ ਵਿਚ ਹੀ ਜਿਥੇ ਪਹੁੰਚਣਾ ਹੈ ਉਥੇ ਪਹੁੰਚਾਂਗਾ – ਇਸੇ ਜਨਮ ਦੇ ਅੰਦਰ, ਜੋ ਤੂੰ ਬੜੀ ਕ੍ਰਿਪਾ ਦੇ ਨਾਲ ਮੈਨੂੰ ਸੰਸਾਰ ਵਿਚ ਭੇਜ ਕੇ ਦੇ ਰਿਹਾ ਹੈਂ।

ਮਹਾਰਾਜ ਕਹਿੰਦੇ ਹਨ ਇਹ ਇਰਾਦੇ ਸਾਰੇ ਠੀਕ ਸੀ। ਉਸ ਵੇਲੇ ਬਿਲਕੁਲ purified (ਨਿਰਮਲ) ਸੀ, ਕੋਈ ਮੈਲ ਨੇੜੇ ਮਨ ਵਿਚ ਨਹੀਂ ਸੀ, ਕੋਈ ਦੁਸ਼ਮਣ ਨਹੀਂ ਸੀ, ਕੋਈ ਆਪਣਾ ਨਹੀਂ ਸੀ, ਕੋਈ ਬੇਗਾਨਾ ਨਹੀਂ ਸੀ। ਜੇ ਸੀ ਤਾਂ ਇਕ ਪ੍ਰਮੇਸ਼ਰ ਦਾ ਕ੍ਰਿਸ਼ਮਾ ਇਸ ਦੇ ਸਾਮ੍ਹਣੇ ਸੀ ਤੇ ਉਸੇ ਦੀ ਜੋਤ ਘਟ-ਘਟ ਵਿਚ ਵਿਆਪਕ ਦੇਖ ਰਿਹਾ ਸੀ। ਉਸ ਜੋਤ ਤੋਂ ਬਗੈਰ ਹੋਰ ਇਸ ਨੂੰ ਕੋਈ ਨਜ਼ਰ ਨਹੀਂ ਸੀ ਆਉਂਦਾ ਪਰ ਕਹਿੰਦੇ ਐਸਾ ਹੋਇਆ – ਆਹ ਜਿਹੜਾ ਸੰਸਾਰ ਹੈ ਇਸ ਨੂੰ ਮਾਇਕ ਸੰਸਾਰ ਕਹਿੰਦੇ ਨੇ, ਮਾਇਆ ਦੀ ਸ਼ਕਤੀ ਹੈ ਇਥੇ। ਇਸ ਦੇ ਵਿਚ ਐਸੀ ਸ਼ਕਤੀ ਹੈ ਕਿ ਇਹ ਮੋਹਿਆ ਜਾਂਦਾ ਹੈ। ਕੋਈ ਵਿਰਲਾ ਹੈ ਜਿਹੜਾ ਨਾ ਮੋਹਿਆ ਜਾਵੇ। ਮਹਾਰਾਜ ਕਹਿੰਦੇ, 'ਖੰਡ ਬ੍ਰਹਿਮੰਡ ਜੋ ਕੁਝ ਵੀ ਨਜ਼ਰ ਆਉਂਦਾ ਹੈ, ਇਹ ਸਾਰੇ ਉਸ ਸ਼ਕਤੀ ਨੇ ਜਿਹੜੀ ਦਿਸਦੀ ਨਹੀਂ ਲੇਕਿਨ 'ਹੈ' ਜੇ ਗਹੁ ਨਾਲ ਦੇਖੀਏ ਤਾਂ ਹੈ ਵੀ ਨਹੀਂ, ਅਜੀਬ ਬਾਤ ਹੈ, ਇਸ ਨੂੰ ਅਨਰ ਬਚਨੀ ਕਹਿੰਦੇ ਨੇ, ਜਿਸ ਦਾ ਕੋਈ ਨਿਰਣਾ ਨਾ ਹੋ ਸਕੇ। ਉਹ ਸ਼ਕਤੀ ਐਸੀ ਪ੍ਰਬਲ ਹੈ ਕਿ ਹਰੇਕ ਦੇ consciousness (ਚੇਤਨਤਾ) ਦੇ ਉਤੇ ਪੜਦਾ ਪਾ ਦਿੰਦੀ ਹੈ ਤੇ ਉਸ ਨੂੰ ਮੋਹ ਲੈਂਦੀ ਹੈ –

ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਵਕਤ ਵਾਹਿਗੁਰੂ ਜੀ ਦੀ ਆਗਿਆ ਹੋਈ –

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ*
*ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਅੰਗ – ੯੨੧*

ਪਰਿਵਾਰ ਦਾ ਹੱਕ ਉਸ ਦੇ ਉਤੇ ਹੋ ਗਿਆ, 'ਮੇਰਾ' ਕਹਿਣ ਲਗ ਗਿਆ, ਸਾਰਾ ਪਰਿਵਾਰ ਉਸ ਨੂੰ ਮੇਰਾ ਪੁੱਤਰ, ਮੇਰਾ ਭਤੀਜਾ, ਮੇਰਾ ਭਾਣਜਾ, ਕਿਸੇ ਨੂੰ ਨਹੀਂ ਪਤਾ ਕਿ ਉਹ ਕਿਥੋਂ ਆਇਆ ਹੈ, ਕੌਣ ਹੈ? ਮਹਾਰਾਜ ਕਹਿੰਦੇ, ਨਾ ਇਹ ਇਸ ਜੀਵ ਨੂੰ ਯਾਦ ਹੈ –

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ ॥* *ਅੰਗ – ੯੯੯*

ਤੈਨੂੰ ਪਤਾ ਹੀ ਨਹੀਂ ਤੂੰ ਕਿੰਨੀ ਦੇਰ ਦਾ ਤੁਰਿਆ ਫਿਰਦਾ ਹੈਂ? ਕਿੰਨੀ ਦੇਰ ਹੋ ਗਈ ਤੈਨੂੰ ਘੁੰਮਦੇ ਨੂੰ ਤੇ ਕੋਈ ਤੈਨੂੰ ਥਹੁ ਨਹੀਂ ਹੈ। ਪੜ੍ਹ

ਲਿਖ ਜਾਂਦਾ ਹੈਂ, ਵੱਡੀਆਂ- ਵੱਡੀਆਂ ਡਿਗਰੀਆਂ ਹਾਸਲ ਕਰ ਲੈਂਦਾ ਹੈਂ, ਲਾਇਬ੍ਰੇਰੀਆਂ ਦੀਆਂ ਲਾਇਬ੍ਰੇਰੀਆਂ ਪੜ੍ਹ ਦਿੰਦਾ ਹੈਂ ਪਰ ਤੈਨੂੰ ਇਸ ਗੱਲ ਦੀ ਸੋਝੀ ਨਹੀਂ ਆਈ ਕਿ ਮੈਂ ਕੌਣ ਹਾਂ? ਕਿਥੋਂ ਆਇਆ ਹਾਂ? ਜੇ ਇਹ ਸੋਝੀ ਜਾਗ ਪਵੇ, ਕਿਸੇ ਕਿਤਾਬ ਪੜ੍ਹਨ ਦੀ ਲੋੜ ਹੀ ਨਹੀਂ ਹੈ - ਬਿਲਕੁਲ ਵੀ, ਇਕ ਅੱਖਰ ਵੀ ਪੜ੍ਹਨ ਦੀ ਲੋੜ ਨਹੀਂ। ਉਹ ਸਾਰੇ ਪੜ੍ਹਿਆਂ ਹੋਇਆਂ ਨਾਲੋਂ ਵੱਡਾ ਪੜ੍ਹਿਆ ਹੋਇਆ ਹੋਏਗਾ ਕਿਉਂਕਿ ਉਸ ਨੂੰ ਅਸਲੀ ਗੱਲ ਸਮਝ ਵਿਚ ਆ ਗਈ -

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*

*ਅੰਗ - ੪੬੭*

ਸੋ ਮਹਾਰਾਜ ਕਹਿੰਦੇ ਜਿਸ ਵਕਤ 'ਭਲਾ ਭਾਇਆ' ਪਰਿਵਾਰ ਨੂੰ ਬਹੁਤ ਚੰਗਾ ਲੱਗਿਆ ਤੇ ਪਰਿਵਾਰ ਦੀ ਉਸ ਦੇ ਉਤੇ ਮਲਕੀਅਤ ਹੋ ਗਈ, ਪਰਿਵਾਰ ਨੇ ਆਪਣਾ ਮੰਨ ਲਿਆ ਉਸ ਨੂੰ। ਜਿਥੋਂ ਤਕ ਵੀ ਲੰਮੀ ਲੜੀ ਹੈ, ਉਨ੍ਹਾਂ ਸਾਰਿਆਂ ਵਿਚ ਇਹ ਹੋ ਗਿਆ ਕਿ ਮੇਰਾ ਭਾਣਜਾ ਆ ਗਿਆ, ਮੇਰਾ ਭਤੀਜਾ ਆ ਗਿਆ।

ਇਧਰਲੇ ਪਾਸੇ ਇਸ ਦੇ ਉਤੇ ਵੀ ਅਸਰ ਹੋਇਆ, ਥੋੜ੍ਹੀ ਦੇਰ ਪਹਿਲਾਂ ਇਸ ਨੂੰ ਕੋਈ ਪਤਾ ਨਹੀਂ ਸੀ ਕਿ ਮੈਂ ਕਿਸੇ ਦਾ ਹਾਂ ਤੇ ਮੇਰਾ ਕੋਈ ਹੈ ਉਸ ਨੂੰ ਇਹ ਪਤਾ ਸੀ ਕਿ ਮੈਂ ਤਾਂ ਇਕ ਲੰਮੇ ਸਫ਼ਰ ਦਾ ਰਾਹੀ ਹਾਂ, ਰੂਪ ਵਟਾਉਂਦਾ ਆਇਆ ਹਾਂ, ਹਾਲਾਤ ਦੇ ਮੁਤਾਬਿਕ ਮੇਰੇ ਰੂਪ ਵਟਦੇ ਆਏ ਨੇ ਤੇ ਫਿਰਦੇ-ਫਿਰਦੇ ਨੂੰ ਇਹ ਰੂਪ ਮੈਨੂੰ ਮਿਲ ਗਿਆ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*

*ਅੰਗ - ੬੩੧*

ਮਾਨਸ ਦੇਹੀ ਮੈਨੂੰ ਪ੍ਰਾਪਤ ਹੋ ਗਈ। ਮਹਾਰਾਜ ਜੀ ਕਹਿੰਦੇ, ਹੋ ਤਾਂ ਗਈ ਲੇਕਿਨ ਜਿਸ ਕੰਮ ਨੂੰ ਕਰਨ ਵਾਸਤੇ ਆਇਆ ਸੀ ਉਸ ਦਾ ਅਜੇ ਤੂੰ 'ਓ ਅ' ਵੀ ਸ਼ੁਰੂ ਨਹੀਂ ਕਰਿਆ -

*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*

*ਅੰਗ - ੬੩੧*

ਤੈਨੂੰ ਵਾਰੀ ਮਿਲੀ ਸੀ ਪ੍ਰਭੂ ਨੂੰ ਮਿਲਣ ਵਾਸਤੇ ਤੇ ਅਜੇ ਤਕ ਤੇਰੇ ਯਾਦ ਵੀ ਨਹੀਂ ਆਉਂਦਾ। ਚਿਤ-ਚੇਤੇ ਵੀ ਨਹੀਂ ਹੈ ਤੇਰੇ ਕਿ ਮੈਂ ਵਾਹਿਗੁਰੂ ਨੂੰ ਮਿਲਣਾ ਸੀ; ਭੁੱਲਿਆ ਬੈਠਾ ਹੈਂ। ਹੋਇਆ ਕੀ?

*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ॥* *ਅੰਗ - ੯੨੧*

ਉਹ ਜਿਹੜੀ ਲਿਵ ਲੱਗੀ ਹੋਈ ਸੀ - ਨਾਮ ਦੀ ਧੁਨ ਦੇ ਨਾਲ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥* *ਅੰਗ - ੮੭੯*

ਉਹ ਇਕ ਦਮ ਭੁੱਲ ਗਈ। ਇਥੇ ਪੈਦਾ ਹੁੰਦੇ ਸਾਰ ਇਸ ਦੇ ਉਤੇ ਉਸ ਸ਼ਕਤੀ ਦਾ ਅਸਰ ਹੋ ਗਿਆ ਜਿਸ ਨੂੰ ਮਾਇਆ ਕਹਿੰਦੇ ਨੇ, ਭੁੱਲ ਕਹਿੰਦੇ ਨੇ, ignorance (ਅਗਿਆਨਤਾ) ਕਹਿੰਦੇ ਨੇ, ਅਵਿਦਿਆ ਕਹਿੰਦੇ ਨੇ, ਹਉਮੈ ਕਹਿੰਦੇ ਨੇ। ਇਸ ਨੂੰ ਇਹ ਅਸਰ ਹੋਣ ਦੇ ਨਾਲ ਉਧਰਲਾ ਪਾਸਾ ਭੁਲਦਾ ਚਲਾ ਗਿਆ, ਏਧਰ ਦੀ ਯਾਦ ਵਧਦੀ ਚਲੀ ਗਈ। ਜਿਵੇਂ ਅਸੀਂ ਕੋਈ ਲੰਮੀ ਰੱਸੀ ਲੈ ਕੇ ਕਿਸੇ ਗੋਲੇ ਜਾਂ ਚੀਜ਼ ਦੇ ਉਤੇ ਖਿੱਚੀਏ ਤੇ ਜਿਉਂ-ਜਿਉਂ ਰੱਸੀ ਖਿੱਚੀ ਹੋਈ ਉਧਰ ਤੋਂ ਘਟਦੀ ਜਾਏਗੀ ਤੇ ਏਧਰ ਵਧਦੀ ਜਾਏਗੀ। ਉਹ ਇਧਰਲੇ ਪਾਸੇ ਵਧਣ ਲਗ ਗਈ, 'ਮੇਰੀ' ਤੇ 'ਮੈਂ' ਜਾਗ ਪਈ। 'ਮੈਂ' ਹਸਤੀ ਬਣ ਗਈ ਤੇ ਨਾਲ 'ਮੇਰੀ' ਰੂਪ ਵਿਚ ਪਕੜ ਆ ਗਈ, ਮੋਹ ਆ ਗਿਆ। ਇਸ ਮੋਹ ਦੇ ਨਾਲ ਇਹਨੂੰ-

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥* *ਅੰਗ - ੧੩੭*

ਪੈਸੇ ਜੋੜਨ ਲੱਗ ਗਿਆ, ਮਕਾਨ ਬਣਾਉਣ ਲਗ ਗਿਆ ਕਿ ਮੇਰਾ ਬਣ ਜਾਵੇ, ਇਹ ਪਤਾ ਹੀ ਨਹੀਂ ਕਿ ਮੈਂ ਤਾਂ ਸੰਸਾਰ ਤੋਂ ਤੁਰ ਜਾਣਾ ਹੈ, ਮੈਂ ਕਰਾਂਗਾ ਕੀ ਜਿਹੜਾ ਐਨਾ ਬਣਾ ਰਿਹਾ ਹਾਂ, ਐਨਾ ਜੋੜ ਰਿਹਾ ਹਾਂ, ਕਿਸਨੂੰ ਮੈਂ ਦੇਵਾਂਗਾ? ਕੌਣ ਇਸ ਦਾ ਵਾਰਿਸ ਆਏਗਾ? ਵਾਰਿਸ ਵੀ ਇਸ ਨੇ ਦੱਸਿਆ ਕਿ ਜੋ ਮੇਰਾ ਪੁੱਤਰ ਹੋਵੇਗਾ ਉਹ ਇਸ ਦਾ ਵਾਰਿਸ ਹੋਏਗਾ। ਉਸ ਦੇ ਵਾਸਤੇ ਫੇਰ ਕਰਨਾ ਸ਼ੁਰੂ ਕਰ ਦਿਤਾ। ਅਖੀਰ ਇਹ ਹੋਇਆ ਕਿ ਜਦੋਂ ਵੱਡਾ ਹੋ ਗਿਆ ਤਾਂ ਇਸ ਦੇ ਟੀਚੇ, ਇਸ ਦੇ ਮਿੱਥੇ ਹੋਏ ਨਿਸ਼ਾਨੇ ਪੂਰੇ ਨਹੀਂ ਹੁੰਦੇ, ਪਰਿਵਾਰ ਇਸ ਦੇ ਕਹਿਣੇ ਵਿਚ ਨਹੀਂ ਚਲਦਾ, ਪੁੱਤਰਾਂ ਨੇ ਆਪਣਾ ਰਸਤਾ ਵੱਖਰਾ ਲੈ ਲਿਆ, ਵਿਆਹ-ਸ਼ਾਦੀਆਂ ਹੋ ਗਈਆਂ ਉਨ੍ਹਾਂ ਦੇ ਵਿਚ ਪਰਚ ਗਏ ਫੇਰ ਇਹ frustration (ਨਿਰਾਸਤਾ) ਵਿਚ ਆਉਂਦਾ ਹੈ, ਕ੍ਰੋਧ ਵਧਦਾ ਹੈ -

*ਅਠਵੈ ਕ੍ਰੋਧੁ ਹੋਆ ਤਨ ਨਾਸੁ॥ ਅੰਗ – ੧੩੭*

ਫੇਰ ਇਸ ਤਰ੍ਹਾਂ ਇਸ ਦੇ ਨਾਲ ਇਕ ਬੜਾ ਭਾਰਾ ਧੋਖਾ ਹੋ ਗਿਆ। ਮਹਾਰਾਜ ਕਹਿੰਦੇ ਉਹ ਹੋਇਆ ਇਸ ਕਰਕੇ ਕਿ ਇਹ ਮਾਇਆ ਸ਼ਕਤੀ ਜਿਹੜੀ ਹੈ ਜਿਸ ਨੇ ਖੰਡਾਂ-ਬ੍ਰਹਿਮੰਡਾਂ ਨੂੰ ਮੋਹ ਲਿਆ ਉਸ ਦੇ ਨਾਲ ਇਸ ਦਾ ਵਾਹ ਪਿਆ। ਇਸ ਦਾ ਇਲਾਜ ਇਸ ਨੇ ਕੋਈ ਨਾ ਸੋਚਿਆ। ਲੇਕਿਨ ਪਰਮੇਸ਼ਰ ਨੇ ਐਸੀ ਕਿਰਪਾ ਕੀਤੀ ਹੋਈ ਹੈ ਸੰਸਾਰ ਦੇ ਅੰਦਰ, ਜਿਨ੍ਹਾਂ ਨੇ ਇਸ ਮਾਇਆ ਨੂੰ ਪ੍ਰਤੱਖ ਰੂਪ ਵਿਚ ਦੇਖ ਲਿਆ, ਉਹ ਹਾਕਾਂ ਮਾਰਦੇ ਨੇ – ਉਚੀ-ਉਚੀ, ਜੀਵਾਂ ਨੂੰ ਸਮਝਾਉਂਦੇ ਫਿਰਦੇ ਨੇ ਕਿ ਤੁਸੀਂ ਕਿਹੜੇ ਕੰਮ ਵਾਸਤੇ ਆਏ ਸੀ –

*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ – ੧੭੬*

ਤੈਨੂੰ ਤਾਂ ਬਹੁਤ ਦੇਰ ਤੋਂ ਬਾਅਦ ਇਹ ਦੇਹੀ ਪ੍ਰਾਪਤ ਹੋਈ ਸੀ ਤੂੰ ਤਾਂ ਅਜੇ ਤਕ ਮਿਲ ਵੀ ਨਹੀਂ ਸਕਿਆ, ਇਰਾਦਾ ਵੀ ਨਹੀਂ ਕਰਿਆ, ਤੂੰ ਇਸ ਰਸਤੇ ਹੀ ਨਹੀਂ ਚਲਿਆ। ਨਤੀਜਾ ਕੀ ਹੁੰਦਾ ਹੈ ਫੇਰ ਇਹ ਇਸ ਸੰਸਾਰ ਤੋਂ ਚਲਿਆ ਜਾਦਾ ਹੈ –

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ- ੨੬੭*

ਪਤਾ ਲਗ ਗਿਆ ਕਿ ਇਕ ਵਾਰੀ ਨਹੀਂ, ਮੈਂ ਬਹੁਤ ਵਾਰੀ ਮਨੁੱਖ ਬਣ ਚੁੱਕਿਆ ਹਾਂ ਹਰ ਵਾਰੀ ਇਨ੍ਹਾਂ ਜਜ਼ਬਿਆਂ ਦੇ ਅਧੀਨ ਹੋ ਕੇ ਮੈਂ ਆਪਣੇ target (ਨਿਸ਼ਾਨੇ) ਤਕ ਨਹੀਂ ਪਹੁੰਚ ਸਕਿਆ; ਹੇ ਵਾਹਿਗੁਰੂ! ਹੁਣ ਤੂੰ ਮੈਨੂੰ ਰੱਖ ਲੈ।

ਸੋ ਮਹਾਰਾਜ ਜੀ ਕਹਿੰਦੇ ਇਸ ਦਾ ਇਕੋ ਹੀ ਤਰੀਕਾ ਹੈ ਕਿ ਤੱਤ-ਬੇਤੇ ਮਹਾਂਪੁਰਸ਼ ਦੀ ਸੰਗਤ ਵਿਚ ਸਮਾਓ ਕਰ। ਉਹ ਸਮਾਓ ਹੁੰਦਾ ਨਹੀਂ ਕਿਉਂਕਿ ਉਥੇ ਜਿਹੜੀ condition (ਸ਼ਰਤ) ਹੈ ਪਹਿਲੀ, ਉਹ ਪੂਰੀ ਨਹੀਂ ਕਰ ਸਕਦਾ। ਉਹ ਸੰਗਤ ਇਹ ਕਹਿੰਦੀ ਹੈ ਕਿ ਪਹਿਲਾਂ ਤੂੰ ਮਰਨਾ ਕਬੂਲ ਕਰ। ਤੇਰੇ ਅੰਦਰ ਜਿਹੜੀ ਹਉਮੈ ਹੈ ਇਸ ਨੂੰ ਤੂੰ ਖਤਮ ਕਰਨਾ ਪਹਿਲਾਂ ਕਬੂਲ ਕਰ, ਇਹ ਨਹੀਂ ਰਹਿਣੀ। ਜੇ ਤੇਰੀ ਇਹ ਰਹੇਗੀ ਫੇਰ ਤੂੰ ਸੰਗਤ ਵਿਚ ਸਮਾਅ ਨਹੀਂ ਕਰ ਸਕਦਾ –

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ – ੧੧੦੨*

ਤੇ ਨਿਮਰਤਾ ਧਾਰ, ਕਦੇ ਭੁੱਲ ਕੇ ਵੀ ਨਾ ਕਹੀਂ ਕਿ ਫਲਾਣਾ ਮਾੜਾ ਹੈ। ਜੇ ਮਾੜਾ ਕਹਿਣਾ ਹੈ ਤਾਂ ਆਪਣੇ ਆਪ ਨੂੰ ਕਹੀਂ –

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*
*ਅੰਗ- ੧੩੬੪*

ਸੋ ਉਸ ਸੰਗਤ ਵਿਚ ਜੇ ਸਮਾਓ ਹੋ ਜਾਵੇ। ਕਹਿੰਦੇ, ਉਸ ਸੰਗਤ ਦੇ ਵਿਚ ਕੇਵਲ ਨਾਮ ਦੀ ਵਰਤੋਂ ਹੁੰਦੀ ਹੈ – ਹਰ ਵਕਤ, ਹੋਰ ਕੋਈ ਚੀਜ਼ ਨਹੀਂ ਹੁੰਦੀ; ਜਾਂ ਹਰੀ ਦਾ ਜਸ ਹੁੰਦਾ ਹੈ ਤੇ ਜਾਂ ਨਾਮ ਦੀ ਵਰਤੋਂ ਹੈ। 'ਬਰਤਨ ਕੇਵਲ ਨਾਮ' ਹੈ ਉਸ ਥਾਂ ਦੇ ਉਤੇ, ਤੇ ਉਸ ਦੇ ਵਿਚ ਇਸ ਜੀਵ ਨੂੰ ਮਾਇਆ ਦਾ ਜਿਹੜਾ ਅਸਰ ਪਿਆ ਹੋਇਆ ਹੈ ਉਹ ਬਹੁਤ ਤਰੱਦਦ ਕਰਨਾ ਪੈਂਦਾ ਹੈ, ਮਿਹਨਤ ਕਰਨੀ ਪੈਂਦੀ ਹੈ ਜਿਸ ਦੇ ਨਾਲ ਉਹ ਲਹਿੰਦਾ ਹੈ। ਉਹ ਲਹਿੰਦਾ ਹੈ, ਮਹਾਰਾਜ ਕਹਿੰਦੇ, ਨਾਮ ਦੇ ਨਾਲ। ਜਦੋਂ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਫੇਰ ਉਸ ਦੀ ਕਮਾਈ ਕਰਦਾ ਹੈ –

*ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈ ਖੋਈ॥*
*ਭਾਈ ਗੁਰਦਾਸ ਜੀ*

ਉਸ ਮਾਇਆ ਦੇ ਵਿਚੋਂ ਆਪਣੇ ਆਪ ਨੂੰ ਅੱਗੇ ਕੱਢਦਾ ਹੈ ਫੇਰ ਜਦੋਂ ਇਸ ਮਾਇਆ ਦਾ ਅਸਰ ਚਲਿਆ ਜਾਂਦਾ ਹੈ ਫੇਰ ਇਸ ਨੂੰ ਸੋਝੀ ਆਉਂਦੀ ਹੈ ਕਿ ਮੈਂ ਕੌਣ ਸੀ? ਕਿਥੋਂ ਆਇਆ ਸੀ? ਮੇਰਾ ਕੀ ਸਰੂਪ ਹੈ? ਮੈਂ ਕਿਉਂ ਫਸ ਗਿਆ? ਕਿਹੜੀਆਂ-ਕਿਹੜੀਆਂ ਚੀਜ਼ਾਂ ਹਨ ਜਿਹੜੀਆਂ ਮੈਨੂੰ ਹੇਠਾਂ ਨੂੰ ਖਿੱਚੀ ਜਾਂਦੀਆ ਨੇ? ਫੇਰ ਜਾ ਕੇ ਕਿਤੇ ਜਾਗਰਤ ਦੇ ਘਰ 'ਚ ਆਉਂਦਾ ਹੈ, ਨਹੀਂ ਤਾਂ ਸੁੱਤੇ ਪਏ ਦੀ ਜ਼ਿੰਦਗੀ ਲੰਘ ਜਾਂਦੀ ਹੈ। ਇਸ ਨੂੰ ਪਤਾ ਹੀ ਨਹੀਂ ਕਿ ਜਿਹੜਾ ਕੁਝ ਮੈਂ ਕਰ ਰਿਹਾ ਹਾਂ ਇਸ ਦੀ ਕੀਮਤ ਕਿੰਨੀ ਕੁ ਹੈ? ਇਸ ਦੇ ਵਿਚੋਂ value (ਕੀਮਤ) ਕਿਸੇ ਚੀਜ਼ ਦੀ ਹੈ ਤਾਂ ਸਭ ਤੋਂ ਜ਼ਿਆਦੇ, ਮਹਾਰਾਜ ਕਹਿੰਦੇ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ – ੬੪੨*

ਸਾਰੇ ਸ਼੍ਰੋਮਣੀ ਕਰਮਾਂ ਦੇ ਵਿਚੋਂ ਹਰੀ ਦਾ ਜਸ ਤੇ ਸਾਧੂ ਦੀ ਸੰਗਤ। ਇਹ ਸ਼੍ਰੋਮਣੀ ਕਰਮ ਨੇ, ਦੋਵੇਂ ਇਕੱਠੇ ਕਰ ਦਿਤੇ ਮਹਾਰਾਜ ਨੇ ਕਿ ਸਾਧੂ ਦੀ ਸੰਗਤ ਸਹਿਤ ਹਰੀ ਦਾ ਜਸ ਪ੍ਰਾਪਤ ਹੋਵੇ, ਲੇਕਿਨ ਮਿਲਦਾ ਕਿਸ ਨੂੰ ਹੈ? ਕਹਿੰਦੇ ਜਿਸ ਦੇ ਮੱਥੇ ਵਿਚ ਦਰਗਾਹ

'ਚੋਂ ਲੇਖ ਲਿਖ ਦਿਤਾ –

*ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥*

*ਅੰਗ- ੭੪*

ਉਹ ਲੇਖ ਲਿਖਿਆ ਹੋਵੇ –

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ*
*ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ – ੨੦੪*

ਉਹ ਰਸਕ ਬੈਰਾਗੀ ਦਾ ਮੇਲ ਹੋ ਜਾਂਦਾ ਹੈ, ਜਿਹੜਾ ਹੁੰਦਾ ਗਿਆਨਵਾਨ ਹੈ ਲੇਕਿਨ ਪਰੇਮਸ਼ਰ ਦੇ ਨਾਲ ਉਸ ਦਾ ਪਿਆਰ ਹੁੰਦਾ ਹੈ, ਪਿਆਰ ਦੇ ਨਾਲ ਇਕ-ਮਿਕ ਹੋਇਆ ਹੁੰਦਾ ਹੈ, ਅਕਲ ਦੇ ਜ਼ੋਰ ਨਾਲ ਨਹੀਂ ਹੋਇਆ ਕਰਦਾ। ਅਕਲ ਦੇ ਜ਼ੋਰ ਨਾਲ ਜਿਹੜਾ ਹੁੰਦਾ ਹੈ ਉਹ ਕੇਵਲ ਗਿਆਨ ਹੁੰਦਾ ਹੈ। ਜਿਹੜਾ ਪਿਆਰ ਵੀ ਨਾਲ ਹੋਵੇ ਉਹ ਭਗਤੀ ਸਹਿਤ ਗਿਆਨ ਹੋਇਆ ਕਰਦਾ ਹੈ। ਭਗਤੀ ਸਹਿਤ ਗਿਆਨ ਦੇ ਵਿਚ ਕਸ਼ਿਸ਼ ਹੁੰਦੀ ਹੈ, ਖਿੱਚ ਹੁੰਦੀ ਹੈ ਉਸ ਸਖਸ਼ੀਅਤ ਦੇ ਅੰਦਰ ਅਪੱਣਤ ਹੁੰਦੀ ਹੈ। ਕਹਿੰਦੇ ਉਸ ਦਾ ਮੇਲ ਹੋ ਜਾਂਦਾ ਹੈ। ਉਸ ਦੇ ਨਾਲ ਫੇਰ ਨਿਸ਼ਾਨੀ ਕੀ ਹੁੰਦੀ ਹੈ –

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ – ੨੦੪*

ਇਹ ਜੋ ਹਨ੍ਹੇਰਾ ਪਿਆ ਹੋਇਆ ਹੈ ਸਾਡੇ ਮਨ ਦੇ ਅੰਦਰ illusion (ਭੁਲੇਖਾ) ਹੈ, ignorance (ਅਗਿਆਨਤਾ) ਹੈ। ਵਾਹਿਗੁਰੂ ਹਰੇਕ ਦੇ ਨਾਲ ਹੈ-

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*
*ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥ ਅੰਗ – ੬੭੭*

ਐਸਾ ਜੋ ਵਾਹਿਗੁਰੂ ਕਿਸੇ ਸਮੇਂ ਵੀ ਇਸ ਦੇ ਨਾਲੋਂ ਅਲਹਿਦਾ ਨਹੀਂ ਹੁੰਦਾ। ਉਹ ਮਨ ਦੇ ਹਨ੍ਹੇਰ ਕਰਕੇ ਤੇ ਦੂਜਾ ਸੁਰਤ ਸੁੱਤੀ ਹੋਣ ਕਰਕੇ ਉਸ ਦਾ ਅਨੁਭਵ ਨਹੀਂ ਇਸ ਦੇ ਅੰਦਰ ਜਾਗਦਾ। ਇਕ ਸੁਰਤ ਹੋਰ ਹੈ ਜਿਸ ਨੂੰ chemical (ਰਸਾਇਣਕ) ਸੁਰਤ ਕਹਿੰਦੇ ਹਨ, ਹਉਮੈ ਦੀ ਸੁਰਤ ਕਹਿੰਦੇ ਹਨ। ਉਸ ਦੇ ਵਿਚ ਤਾਂ ਇਹ ਜਾਗਦਾ ਹੈ ਹਰ ਵਕਤ ਲੇਕਿਨ ਜਿਹੜੀ ਅਸਲੀ ਸੁਰਤ ਹੈ, ਜਿਸ ਨੂੰ cosmic (ਬ੍ਰਹਿੰਮਡੀ) ਸੁਰਤ ਕਹਿੰਦੇ ਨੇ ਜਾਂ ਆਤਮਕ ਸੁਰਤ ਕਹਿੰਦੇ ਨੇ, ਉਸ ਦੇ ਵਿਚ ਨਹੀਂ ਇਹ ਜਾਗਦਾ, ਉਸ ਦੇ ਵਿਚ ਸੁੱਤਾ ਪਿਆ ਹੈ। ਮਹਾਰਾਜ ਕਹਿੰਦੇ ਜਦੋਂ ਪੂਰੇ ਮਹਾਂਪੁਰਸ਼ ਦਾ ਮੇਲ ਹੋ ਗਿਆ, ਉਸ ਦੀ ਸੰਗਤ ਵਿਚ ਇਸ ਦਾ ਸਮਾਓ ਹੋ ਜਾਏਗਾ ਫੇਰ ਇਹ-

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ- ੨੦੪*

ਹਨ੍ਹੇਰਾ ਮਿਟ ਜਾਏਗਾ, ਅੰਦਰ ਪ੍ਰਕਾਸ਼ ਹੋ ਜਾਏਗਾ। ਇਸ ਹਨ੍ਹੇਰੇ ਨੂੰ ਨਾ ਸੂਰਜ, ਨਾ ਚੰਦਰਮਾ, ਨਾ ਬਿਜਲੀ ਹਟਾ ਸਕਦੀ ਹੈ –

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*

*ਅੰਗ – ੪੬੩*

ਉਹ ਹਨ੍ਹੇਰਾ ਮਿਟ ਜਾਇਆ ਕਰਦਾ ਹੈ ਤੇ ਜਨਮਾਂ-ਜਨਮਾਂ ਦੀ ਸੁੱਤੀ ਪਈ ਸੁਰਤ ਨੂੰ ਜਾਗ ਆ ਜਾਂਦੀ ਹੈ, ਜਿਹੜੀ ਅਨੇਕਾਂ ਹੀ ਜੂਨੀਆਂ ਦੇ ਵਿਚੋਂ ਲੰਘ ਕੇ ਆਈ ਹੈ। ਜਦੋਂ ਜਾਗ ਆ ਗਈ ਤਾਂ ਇਸ ਨੂੰ ਅਸਲੀਅਤ ਦਾ ਗਿਆਨ ਹੋ ਜਾਂਦਾ ਹੈ, ਆਪਣੇ ਸਰੂਪ ਦੇ ਵਿਚ ਇਸ ਦੀ ਲੈਅਤਾ ਹੋ ਜਾਂਦੀ ਹੈ।

ਸੋ ਇਹ ਜਿਹੜੀ ਕ੍ਰਿਪਾ ਹੁੰਦੀ ਹੈ, ਇਹ, ਤਾਂ ਹੁੰਦੀ ਹੈ, ਮਹਾਰਾਜ ਕਹਿੰਦੇ, ਜੇ ਸਤਿਸੰਗ ਵਿਚ, ਸਾਧੂਆਂ ਦੀ ਸੰਗਤ ਦੇ ਵਿਚ ਸਮਾਓ ਹੋ ਜਾਵੇ ਅਤੇ ਨਾਮ ਦੀ ਪ੍ਰਾਪਤੀ ਹੋ ਜਾਵੇ।

ਸੋ ਇਸ ਤਰ੍ਹਾਂ ਦੇ ਨਾਲ ਸੰਖੇਪ ਵਿਚ ਬੇਨਤੀ ਕਰਦਾ ਹਾਂ ਕਿ ਸਾਡੇ ਅੱਗੇ ਇਕ ਬਹੁਤ ਵੱਡਾ ਕੰਮ ਹੈ – ਵੱਡਾ ਵੀ ਹੈ, ਛੋਟਾ ਵੀ ਹੈ। ਛੋਟੇ ਤੋਂ ਛੋਟਾ ਹੈ। ਮਹਾਰਾਜ ਕਹਿੰਦੇ ਇਸ ਸੁਰਤ ਨੂੰ ਭੁੱਲ ਜਾ ਤੂੰ-

*ਭੋਲਿਆ ਹਉਮੈ ਸੁਰਤਿ ਵਿਸਾਰਿ॥ ਅੰਗ – ੧੧੬੮*

ਇਹ ਜਿਹੜਾ ਤੂੰ 'ਮੈਂ' ਬਣਿਆ ਹੋਇਆ ਹੈਂ, ਮੈਂ ਫਲਾਣਾ, ਮੈਂ ਫਲਾਣਾ, ਮੈਂ ਪਾਠ ਕਰਦਾ ਹਾਂ, ਮੇਰਾ ਰੂਪ ਵਧੀਆ ਹੈ, ਮੈਂ ਰਹਿਤਾਂ-ਬਹਿਤਾਂ ਵਿਚ ਬਹੁਤ ਪੱਕਾ ਹਾਂ, ਮੈਂ ਦਾਨ ਕਰਦਾ ਹਾਂ, ਕਹਿੰਦੇ ਇਹ ਸਾਰੀ ਸੁਰਤ ਹਉਮੈ ਦੀ ਹੈ। ਜਦੋਂ ਤਕ ਤੂੰ ਇਸ ਨੂੰ ਨਹੀਂ ਭੁੱਲਦਾ ਅਸਲੀਅਤ ਦੇ ਵਿਚ ਨਹੀਂ ਤੂੰ ਜਾ ਸਕਦਾ, ਤੈਨੂੰ ਅਸਲੀਅਤ ਦੀ ਸੋਝੀ ਹੋ ਹੀ ਨਹੀਂ ਸਕਦੀ।

*(ਬਾਕੀ ਪੰਨਾ 42 'ਤੇ)*

# ਮੰਞ ਪਿਆਰਾ ਗੁਰੂ ਨੂੰ......।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।*
*ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ।*
*ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।*
*ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।*
*ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ।*
*ਭਾਈ ਗੁਰਦਾਸ ਜੀ, ਵਾਰ ੩੬/੧*

*ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥*
*ਕਰਿ ਉਪਦੇਸੁ ਝਿੜਕੇ ਬਹੁ ਭਾਤੀ*
*ਬਹੁੜਿ ਪਿਤਾ ਗਲਿ ਲਾਵੈ ॥*
*ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥*
*ਅੰਗ - ੬੨੪*

*ਧਾਰਨਾ - ਸਤਿਸੰਗਤ ਮੇਲਾ ਦੋ ਘੜੀਆਂ-੨*
*ਕਰ ਲੈ ਮਨਾਂ ਚਿਤ ਲਾ ਕੇ।*

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ - ੧੩੭੭*

ਸਾਧਸੰਗਤ ਜੀ! ਗੱਜ ਕੇ ਬੋਲਣਾ 'ਸਤਿਨਾਮੁ ਸ੍ਰੀ ਵਾਹਿਗੁਰੂ'। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਜਿੰਨਾਂ ਵੀ ਕਿਸੇ ਨੂੰ ਸਮਾਂ ਮਿਲਦਾ ਹੈ, ਕਿਉਂਕਿ ਸਮਾਂ ਮਿਲਣਾ, ਨਾ ਮਿਲਣਾ, ਆਪਣੇ ਅਖਤਿਆਰ ਦੀ ਬਾਤ ਨਹੀਂ ਹੈ। ਐਸਾ ਗੁਰਮਤਿ ਦਾ ਮੱਤ ਹੈ ਕਿ ਜਦੋਂ ਤਕ ਮੱਥੇ ਵਿਚ ਭਾਗ ਨਹੀਂ ਲਿਖੇ ਜਾਂਦੇ, ਸਤਿਸੰਗ ਪ੍ਰਾਪਤ ਨਹੀਂ ਹੋਇਆ ਕਰਦਾ। ਜੋ ਪੂਰਨ ਵਿਧੀ ਦੇ ਨਾਲ ਹੋਣਾ ਚਾਹੀਦੈ। ਤਰੁੱਟੀਆਂ ਰਹਿ ਜਾਂਦੀਆਂ ਹਨ, ਕਮਜ਼ੋਰੀਆਂ ਰਹਿ ਜਾਂਦੀਆਂ ਹਨ, ਗਲਤੀਆਂ ਰਹਿ ਜਾਂਦੀਆਂ ਹਨ। ਪੂਰਾ-ਪੂਰਾ ਲਾਭ ਨਹੀਂ ਹੁੰਦਾ। ਮਹਾਰਾਜ ਕਹਿੰਦੇ, ਜੇ ਥੋੜ੍ਹਾ ਜਿਹਾ ਚਿਰ ਵੀ ਹੋ ਜਾਵੇ, ਤਾਂ ਵੀ ਲਾਭ ਪ੍ਰਾਪਤ ਹੋ ਜਾਂਦੈ। ਗੁਰੂ ਦਾ ਦਰਸ਼ਨ, ਸੰਤਾਂ ਦੇ ਦਰਸ਼ਨ, ਗੁਰੂ ਦੀ ਬਾਣੀ ਦੀ ਵਿਚਾਰ, ਬਹੁਤ ਵੱਡਾ ਅਸਰ ਕਰਿਆ ਕਰਦੀ ਹੈ।

ਇਕ ਵਾਰੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਕਿਸੇ ਨਗਰ ਦੇ ਅੰਦਰ ਗਏ ਹੋਏ ਨੇ। ਉਥੇ ਇਕ ਗੁਰਸਿੱਖ ਦੇ ਪਾਸ ਠਹਿਰੇ ਹੋਏ ਨੇ। ਚਾਰ ਦਿਨ ਠਹਿਰਨ ਤੋਂ ਬਾਅਦ ਜਦੋਂ ਜਾਣ ਲੱਗੇ, ਉਸ ਗੁਰਸਿੱਖ ਨੇ ਮਹਾਰਾਜ ਨੂੰ ਵਿਦਾ ਕੀਤਾ ਤੇ ਨਾਲ ਹੀ ਬੇਨਤੀ ਕੀਤੀ ਕਿ ਮਹਾਰਾਜ! ਸੰਤਾਂ ਦੇ ਦਰਸ਼ਨ ਅਤੇ ਉਹਨਾਂ ਦੀ ਸੰਗਤ ਦਾ ਕੀ ਫਲ ਹੋਇਆ ਕਰਦੈ?

ਮਹਾਰਾਜ ਕਹਿੰਦੇ, ਅੱਗੇ ਵੀ ਪੁੱਛਿਆ ਹੈ ਕਿਸੇ ਤੋਂ?

ਕਹਿੰਦੇ, ਮਹਾਰਾਜ! ਉਹ ਤਾਂ ਐਨਾ ਜ਼ਿਆਦਾ ਦਸਦੇ ਨੇ ਕਿ ਮਨੁੱਖ ਦਾ ਮਨ, ਮੈਂ ਵੀ ਮਨੁੱਖ ਹਾਂ, ਮੰਨਣ 'ਚ ਨਹੀਂ ਆਉਂਦਾ ਕਿ ਐਨਾ ਫਲ ਵੀ ਹੋਇਆ ਕਰਦੈ।

ਕਹਿੰਦੇ, ਕਿਸ ਤਰ੍ਹਾਂ?

ਕਹਿੰਦੇ, ਮਹਾਰਾਜ! ਇਕ ਮਹਾਤਮਾ ਨੇ ਇਹ ਦਸਿਆ ਕਿ ਇਕ ਵਾਰੀ ਇਸ ਗੱਲ ਦੇ ਉਤੇ ਦੋ ਮੁਖੀ ਰਿਸ਼ੀ ਜੋ ਸਨ ਇਕ ਦਾ ਨਾਂ ਤਾਂ ਵਸ਼ਿਸ਼ਟ ਜੀ ਸੀ, ਜੋ ਸ੍ਰੀ ਰਾਮ ਚੰਦਰ ਜੀ ਦੇ ਅਧਿਆਤਮਿਕ ਗੁਰੂ ਸਨ। ਦੂਸਰਿਆਂ ਦਾ ਨਾਂ ਵਿਸ਼ਵਾਮਿੱਤਰ ਸੀ, ਜੋ ਆਪ ਜੀ ਦੇ ਸਸ਼ਤਰ ਗੁਰੂ ਸਨ। ਇਹਨਾਂ ਦੋਹਾਂ ਦੇ ਵਿਚਕਾਰ ਕੋਈ ਵਿਚਾਰ ਦੇ ਰੂਪ ਵਿਚ ਚਰਚਾ ਛਿੜ ਗਈ। ਇਕ ਵਾਦ-ਵਿਵਾਦ ਹੁੰਦੈ। ਇਕ ਸੰਵਾਦ ਹੁੰਦੈ। ਚੰਗੀ ਗੱਲ ਦਾ ਨਿਰਣਾ ਕਰਨ ਵਾਸਤੇ ਜੇ ਕੋਈ ਆਪਸ ਵਿਚ ਬਚਨ, ਪਰਸਪਰ ਚਲਦੇ ਰਹਿਣ, ਉਹ ਚੰਗਾ ਵਾਦ ਕਹਾਉਂਦੈ। ਜੇ ਐਵੇਂ ਹੀ ਜਿੱਦ ਦੇ ਨਾਲ ਕਰਨਾ ਹੈ ਤਾਂ ਵਿਵਾਦ ਕਹਾਉਂਦਾ ਹੈ। ਸੋ ਉਹਨਾਂ ਦੀ ਚਰਚਾ ਚੱਲਣ ਦੇ ਨਾਲ ਵਿਸ਼ਵਾਮਿੱਤਰ ਜੀ ਕਹਿਣ ਲੱਗੇ ਕਿ ਵਸਿਸ਼ਟ ਜੀ! ਤੁਸੀਂ ਸਦਾ ਹੀ ਸਤਿਸੰਗ ਦੇ ਬਾਰੇ ਕਹਿੰਦੇ ਰਹਿੰਦੇ ਹੋਂ ਤੇ ਪ੍ਰਮੇਸ਼ਰ ਦੇ ਚਾਰ ਦਰਵਾਜ਼ਿਆਂ ਵਿਚੋਂ ਇਕ ਦਰਵਾਜ਼ਾ ਸਤਿਸੰਗ ਦਾ ਹੈ। ਚਾਰ ਦਰਵਾਜ਼ੇ ਨੇ ਵਾਹਿਗੁਰੂ ਨੂੰ ਮਿਲਣ ਵਾਸਤੇ। ਇਕ ਸਤਿਸੰਗ ਹੋਇਆ ਕਰਦੈ, ਇਕ ਸਮ

ਹੋਇਆ ਕਰਦੈ, ਇਕ ਸੰਤੋਖ ਹੋਇਆ ਕਰਦੈ, ਇਕ ਵਿਚਾਰ ਹੁੰਦੈ। ਚਾਰਾਂ 'ਚੋਂ ਹੀ ਲੰਘਣਾ ਪੈਂਦੈ। ਚਾਰੋਂ ਹੀ ਦਰਵਾਜ਼ੇ ਪ੍ਰਮੇਸ਼ਰ ਨੂੰ ਮਿਲਾਉਣ ਦੀ ਸਮਰੱਥਾ ਰਖਦੇ ਨੇ। ਸੋ ਤੁਸੀਂ ਉਹਦੀ ਮਹਿਮਾ ਬਹੁਤ ਕਰਦੇ ਹੋਂ ਪਰ ਮੈਂ ਮੰਨ ਨਹੀਂ ਸਕਿਆ ਕਿ ਐਨੀ ਮਹਿਮਾ ਸਤਿਸੰਗ ਦੀ ਹੁੰਦੀ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*

*ਅੰਗ - ੫੪੯*

ਆਹ ਵੀ ਭਲਾ ਗੱਲ ਹੋ ਸਕਦੀ ਹੈ ਕਿ ਘੜੀ ਦੋ ਘੜੀ ਬੈਠ ਕੇ ਕਈ ਕਰੋੜ ਯੱਗਾਂ ਦਾ ਫਲ ਲੈ ਲਓ? ਮੇਰੇ ਵਿਚਾਰ ਵਿਚ ਤਾਂ ਇਹ ਬਾਤ ਜੋ ਕਹੀ ਗਈ ਹੈ, ਰੌਚਕ ਬਾਤ ਹੈ। ਤਿੰਨ ਕਿਸਮ ਦੀਆਂ ਬਾਤਾਂ ਹੁੰਦੀਆਂ ਨੇ - ਇਕ ਰੌਚਕ, ਇਕ ਭਿਆਨਕ ਅਤੇ ਯਥਾਰਥਕ। ਭਿਆਨਕ ਉਹ ਬਾਤ ਹੁੰਦੀ ਹੈ ਕਿ ਡਰ ਦੇ ਕੇ, ਕਿਸੇ ਨੂੰ ਚੰਗੇ ਕੰਮ ਵਿਚ ਲਾਉਣਾ। ਵੈਸੇ ਉਹ ਬਾਤ ਨਿਰਮੂਲ ਹੋਇਆ ਕਰਦੀ ਹੈ। ਜੋ ਡਰ ਦਿਤਾ ਜਾਂਦਾ ਹੈ ਉਹ ਹੁੰਦਾ ਨਹੀਂ। ਜਿਵੇਂ ਮਾਂ ਕਹਿ ਦਿੰਦੀ ਹੈ ਕਿ ਹਨ੍ਹੇਰੇ ਵਿਚ ਫਲਾਣੀ ਚੀਜ਼ ਬੈਠੀ ਹੈ, ਜਾਈਂ ਨਾ ਅੰਦਰ ਫਲਾਣੀ ਚੀਜ਼ ਪਈ ਹੈ, ਬੱਚਾ ਨਹੀਂ ਜਾਂਦਾ। ਮੰਤਵ ਇਹ ਹੁੰਦੈ ਕਿ ਬੱਚਾ ਹਨ੍ਹੇਰੇ ਵਿਚ ਜਾਏਗਾ, ਗਿਰ ਜਾਏਗਾ, ਕੋਈ ਚੀਜ਼ ਪਈ ਹੋਵੇ, ਕੋਈ ਜੀਵ ਹੋਵੇ, ਉਹਦੇ ਉਤੇ ਪੈਰ ਰੱਖ ਦੇਵੇਗਾ। ਸੋ ਉਹਨੂੰ ਇਕ ਖਾਲੀ ਡਰ ਦੇ ਦਿਤਾ ਜਾਂਦੈ। ਇਕ ਅਖਾਣ ਬਣਿਆ ਹੋਇਐ।

ਇਸੇ ਤਰ੍ਹਾਂ ਦੇ ਨਾਲ ਦੂਸਰੀ ਬਾਤ ਹੁੰਦੀ ਹੈ - ਰੋਚਕ। ਜਿਸ ਤਰ੍ਹਾਂ ਦੇ ਨਾਲ ਬਾਬਾ ਫਰੀਦ ਜੀ ਦੀ ਮਾਤਾ ਨੇ, ਜਦੋਂ ਫਰੀਦ ਜੀ ਨੂੰ ਕਿਹਾ ਕਿ ਫਰੀਦ! ਤੂੰ ਤੱਸਵੀ ਫੇਰਿਆ ਕਰ, ਖੁਦਾ ਦੇ ਨਾਮ ਦੀ। ਉਹਨੇ ਕਿਹਾ, ਮਾਤਾ! ਖੁਦਾ ਕੀ ਦਿੰਦੈ? ਉਹ ਸ਼ੱਕਰ ਖਾਇਆ ਕਰਦਾ ਸੀ, ਕਹਿੰਦੀ, ਫਰੀਦ! ਸ਼ੱਕਰ ਦਿੰਦੈ ਉਹ ਖਾਣ ਨੂੰ। ਫਰੀਦ ਜਦੋਂ ਮਾਲਾ ਫੇਰਦਾ ਸੀ, ਮਾਂ ਅੱਖ ਬਚਾ ਕੇ, ਉਹਦੇ ਆਸਣ ਦੇ ਥੱਲੇ ਸ਼ੱਕਰ ਰੱਖ ਦਿੰਦੀ ਸੀ। ਉਹ ਰੋਚਕ ਸੀ, ਰੁਚੀ ਲਾਉਣ ਵਾਸਤੇ ਬਾਤ ਕੀਤੀ ਜਾਂਦੀ ਸੀ। ਇਹ ਨਹੀ ਸੀਗਾ ਕਿ ਰੱਬ ਜ਼ਰੂਰ ਹੀ ਸ਼ੱਕਰ ਦਿੰਦੈ।

ਤੀਸਰੀ ਬਾਤ ਹੁੰਦੀ ਹੈ-ਯਥਾਰਥ। ਯਥਾਰਥ ਅਸਲੀ ਬਾਤ ਹੋਇਆ ਕਰਦੀ ਹੈ, ਜਿਸ ਨੂੰ ਸਤਿ ਦੀ ਬਾਤ ਕਹਿੰਦੇ ਨੇ।

ਸੋ ਕਹਿਣ ਲੱਗੇ, ਵਸਿਸ਼ਟ ਜੀ! ਮੈਨੂੰ ਇਸ ਤਰ੍ਹਾਂ ਲਗਦੈ ਕਿ ਰੋਚਕ ਬਾਤ ਹੈ। ਉਹ ਕਹਿੰਦੇ, ਵਿਸ਼ਵਾਮਿੱਤਰ ਜੀ! ਰੋਚਕ ਨਹੀਂ ਹੈ। ਉਹ ਕਹਿੰਦੇ, ਫੇਰ ਵਿਚਾਰ ਕਰਕੇ ਦੇਖ ਲਓ, ਸਤਿਸੰਗ 'ਚ ਕੀ ਹੁੰਦੈ ਦਰੀਆਂ ਵਿਛੀਆਂ ਹੁੰਦੀਆਂ ਨੇ। ਗਰਮੀ ਦਾ ਮਹੀਨਾ ਹੋਵੇ, ਜਲ ਹੁੰਦੈ। ਪੱਖੇ ਝੱਲਣ ਨੂੰ ਹੁੰਦੇ ਨੇ। ਕੋਈ ਤਕਲੀਫ ਨਹੀਂ ਹੁੰਦੀ। ਸਰਦੀ ਦਾ ਮਹੀਨਾ ਹੋਵੇ, ਸ਼ਾਮਿਆਨੇ ਲੱਗੇ ਹੋਏ ਹੁੰਦੇ ਨੇ। ਹਵਾ ਅੰਦਰ ਨਹੀਂ ਜਾਂਦੀ, ਗਰਮ ਚੀਜ਼ਾਂ ਪੀਣ ਨੂੰ ਮਿਲਦੀਆਂ ਨੇ ਤੇ ਆਰਾਮ ਦੇ ਨਾਲ ਜਗਿਆਸੂ ਬੈਠ ਕੇ ਬਚਨ ਸੁਣਦੇ ਨੇ। ਇਹਦੇ ਮੁਕਾਬਲੇ 'ਤੇ ਜੋ ਤਪ ਹੈ ਕਿ ਸੌ ਘੜਾ ਠਰ੍ਹੇ ਹੋਏ ਪਾਣੀ ਦਾ, ਰੋਜ਼ ਸਿਰ 'ਤੇ ਪਾਉਣਾ, ਉਹ ਵੀ ਛੇਤੀ ਦੇ ਕੇ ਨਹੀਂ, ਬੜੀ ਦੇਰ 'ਚ ਪਾਉਣਾ। ਇਕ ਚਾਟੀ ਲਾਈ ਜਾਂਦੀ ਹੈ ਉਹਦੇ ਵਿਚ ਇਕ ਅੰਗੂਠੇ ਜਿੰਨੀ ਗਲੀ ਕਰੀ ਜਾਂਦੀ ਹੈ ਤੇ ਉਹ ਚੌਂਕੀ ਇਕ ਅੱਡੇ ਦੇ ਉਤੇ ਰੱਖ ਕੇ, ਉਹਦੇ ਵਿਚ ਪਾਣੀ ਪਾਈ ਜਾਂਦੇ ਨੇ, ਉਹਦੇ ਹੇਠਾਂ ਬੈਠਾ ਹੁੰਦੈ, ਜਲ ਧਾਰਾ ਕਰਨ ਵਾਲਾ। ਦੋ ਘੰਟੇ ਲਗ ਜਾਣ, ਤਿੰਨ ਲਗ ਜਾਣ। 101 ਘੜਾ ਠਰ੍ਹੇ ਹੋਏ ਪਾਣੀ ਦਾ, ਰਾਤ ਨੂੰ ਬਾਹਰ ਰੱਖਿਆ ਹੋਇਆ, ਪੋਹ ਦੇ ਮਹੀਨੇ ਵਿਚ ਉਹਦੇ ਸਰੀਰ 'ਤੇ ਪੈਂਦਾ ਹੈ। ਫੇਰ ਉਹਦੀ ਤਾਕਤ ਨਹੀਂ ਹੈ ਕਿ ਉਠ ਖੜ੍ਹੇ, ਸਾਰੇ ਹੱਡ ਸੁੰਨ ਹੋ ਜਾਂਦੇ ਨੇ। ਉਹਨੂੰ ਚੁੱਕ ਕੇ, ਕਲਾਵਾ ਭਰ ਕੇ, ਕੰਬਲ ਦੇ ਕੇ ਜੋ ਧੂਣੀ ਹੁੰਦੀ ਹੈ, ਉਹਦੀ ਰਾਖ ਜਿਹੜੀ ਹੈ ਗਰਮ-ਗਰਮ ਹੈ, ਉਹਦੇ ਵਿਚ ਲਿਟਾ ਦਿਤਾ ਜਾਂਦਾ ਹੈ। ਰਾਖ ਮਲੀ ਜਾਂਦੀ ਹੈ ਉਹਦੇ ਉਤੇ, ਫੇਰ ਕਿਤੇ ਜਾ ਕੇ, ਜੋ ਸਰੀਰ ਵਿਚ ਜਮ ਗਿਆ ਹੁੰਦੈ, ਫੇਰ ਨਿੱਘ ਆਉਂਦੈ।

ਦੂਸਰਾ ਹੈ ਧੂਣੀਆਂ ਤਾਪਣੀਆਂ। ਜੇਠ ਦਾ ਮਹੀਨਾ, ਹਾੜ ਦਾ ਮਹੀਨਾ ਹੈ, ਸੂਰਜ ਤਪ ਰਿਹਾ ਹੈ। ਸਿਰ ਦੇ ਉਤੇ ਸੂਰਜ ਹੈ, ਐਵੇਂ ਹੀ ਅੱਗ ਲੱਗੀ ਪਈ ਹੈ, ਧਰਤੀ ਨੂੰ। ਚਾਰ ਧੂਣੀਆਂ - ਇਕ ਸਾਮ੍ਹਣੇ, ਇਕ ਪਿੱਛੇ, ਇਕ ਸੱਜੇ ਪਾਸੇ, ਇਕ ਖੱਬੇ ਪਾਸੇ; ਇਹ ਸਾਰੀਆਂ ਲਾ ਦਿਤੀਆਂ ਜਾਂਦੀਆਂ ਨੇ, ਉਹਦੇ ਵਿਚ ਬੈਠਾ ਹੁੰਦੈ। ਉਥੇ ਦੱਸੋ ਕਿੰਨੀ ਤਕਲੀਫ ਹੁੰਦੀ ਹੈ, ਖੂਨ ਸੁੱਕ ਜਾਂਦੈ। ਸੋ ਇਸ ਤਰ੍ਹਾਂ ਦੇ ਨਾਲ, ਉਹਦਾ ਮੁਕਾਬਲਾ ਕੀ ਕਰ ਲਏਗਾ, ਸਤਿਸੰਗ ਵਾਲਾ? ਇਸੇ ਤਰ੍ਹਾਂ ਬਹੁਤ ਬਾਤਾਂ ਕਰਕੇ ਦੱਸਿਆ ਕਿ ਇਹ ਰੋਚਕ ਬਾਤ ਹੈ, ਯਥਾਰਥ ਬਾਤ ਨਹੀਂ ਹੈ। ਯਥਾਰਥ ਬਾਤ ਹੈ ਕਿ ਤਪ ਦਾ ਜੋ ਫਲ ਹੈ ਉਹ ਯਥਾਰਥ ਹੈ। ਜਦੋਂ ਦੋਵੇਂ ਇਕ ਗੱਲ 'ਤੇ ਨਾ ਆਏ, ਫੇਰ

ਤੀਸਰੇ ਕੋਲ ਜਾਣਾ ਪੈਂਦੈ। ਬ੍ਰਹਮਾ ਜੀ ਕੋਲ ਗਏ। ਬ੍ਰਹਮਾ ਜੀ ਨੇ ਕਿਹਾ ਕਿ ਮੈਨੂੰ ਤਾਂ ਐਸ ਵੇਲੇ ਵਿਹਲ ਨਹੀਂ ਹੈ, ਤੁਸੀਂ ਸ਼ਿਵ ਜੀ ਮਹਾਰਾਜ ਕੋਲ ਚਲੇ ਜਾਓ। ਉਹਨਾਂ ਨੇ ਵੀ ਦੇਖ ਲਿਆ ਕਿ ਇਹਨਾਂ ਦਾ ਜਿਹੜਾ ਵਾਦ-ਵਿਵਾਦ ਹੈ ਇਹਦਾ ਫੈਸਲਾ ਪ੍ਰੈਕਟੀਕਲ ਗੱਲ ਬਿਨਾਂ ਨਹੀਂ ਹੋਣਾ। ਸੋ ਉਨ੍ਹਾਂ ਨੇ ਵਿਸ਼ਨੂੰ ਜੀ ਦੇ ਕੋਲ ਭੇਜ ਦਿਤੇ। ਉਥੇ ਉਹਨਾਂ ਨੇ ਕਿਹਾ ਕਿ ਮੈਂ ਤਾਂ ਇਸ ਵੇਲੇ ਰੋਜ਼ੀ ਦੇਣ ਵਿਚ ਰੁਝਿਆ ਹੋਇਆ ਹਾਂ। ਤੁਸੀਂ ਸ਼ੇਸ਼ ਨਾਗ ਜੀ ਦੇ ਕੋਲ ਚਲੇ ਜਾਓ। ਸ਼ੇਸ਼ ਨਾਗ ਦੇ ਕੋਲ ਗਏ, ਉਹ ਕਹਿਣ ਲੱਗੇ, ਦੇਖੋ ਮੈਨੂੰ ਨਹੀਂ ਹੈ ਫੁਰਸਤ, ਮੈਂ 2 ਹਜ਼ਾਰ ਨਾਮ, ਰੋਜ਼ ਪ੍ਰਮੇਸ਼ਰ ਦਾ ਨਵਾਂ ਉਚਾਰਨ ਕਰਦਾ ਹਾਂ। ਉਸ ਨਾਮ ਦੇ ਆਸਰੇ ਆਹ ਸਾਰੇ ਖੰਡ-ਬ੍ਰਹਿਮੰਡ ਖੜ੍ਹੇ ਨੇ। ਜੇ ਮੈਂ ਉਚਾਰਨ ਵਿਚ ਜ਼ਰਾ ਕੁ ਫਰਕ ਪਾ ਦੇਵਾਂ ਤਾਂ ਇਹ ਸਾਰੇ ਟੱਕਰਾਂ ਖਾ ਜਾਣਗੇ। ਪਹਿਲਾਂ ਮੈਨੂੰ ਫਲ ਦੇਵੋ, ਤਾਂ ਕਿ ਉਹ ਮੈਂ ਦੇ ਕੇ, ਧਰਤੀਆਂ ਜਿਹੜੀਆਂ ਡੋਲ੍ਹਣ ਨਾ, ਫੇਰ ਮੈਂ ਤੁਹਾਡੇ ਨਾਲ ਗੱਲ ਕਰ ਸਕਦਾ ਹਾਂ।

ਵਿਸ਼ਵਾਮਿੱਤਰ ਜੀ ਕਹਿਣ ਲੱਗੇ, ਚਲੋ ਮੈਂ 10 ਹਜ਼ਾਰ ਸਾਲ ਦੀ ਤਪੱਸਿਆ ਦਾ ਫਲ ਦਿੰਦਾ ਹਾਂ। ਜ਼ਰਾ ਕੁ ਪਾਸੇ ਹੋਣ ਲੱਗੇ, ਧਰਤੀਆਂ ਡੋਲ੍ਹ ਰਹੀਆਂ ਨੇ। ਕਹਿੰਦੇ, ਇਹ ਤਾਂ ਫਲ ਥੋੜ੍ਹਾ ਹੈ। 20 ਹਜ਼ਾਰ, 30 ਹਜ਼ਾਰ, 40 ਹਜ਼ਾਰ ਦਿੰਦੇ-ਦਿੰਦੇ ਅਖੀਰ 58 ਹਜ਼ਾਰ ਸਾਲ ਦੀ ਤਪੱਸਿਆ ਦਿਤੀ, ਵਿਸ਼ਵਾਮਿੱਤਰ ਜੀ ਨੇ। ਉਹਨੇ ਸਾਰੀ ਤਪੱਸਿਆ ਦੇ ਦਿਤੀ। ਫੇਰ ਧਰਤੀਆਂ ਡੋਲਣ ਤੋਂ ਨਾ ਹਟਣ। ਕਹਿੰਦੇ, ਹੋਰ ਦਿਓ। ਕਹਿੰਦੇ ਹੋਰ ਤਾਂ ਹੈ ਨਹੀਂ।

ਫੇਰ ਵਿਸਿਸ਼ਟ ਜੀ ਨੂੰ ਕਹਿਣ ਲੱਗੇ, ਤੁਸੀਂ ਦਿਓ।

ਉਹ ਕਹਿੰਦੇ, ਤੁਸੀਂ ਜਿਹੜਾ ਇਹਨਾਂ ਦਾ 58 ਹਜ਼ਾਰ ਸਾਲ ਦਾ ਜੋ ਤਪ ਹੈ, ਉਹਦਾ ਫਲ ਵਾਪਸ ਕਰ ਦਿਓ। ਮੈਂ ਸਿਰਫ ਵਿਧੀ ਪੂਰਵਕ ਕੀਤੀ ਹੋਈ, 100 ਮਿੰਟ ਦੀ ਸਤਿਸੰਗ ਦਾ ਫਲ ਅਰਪਣ ਕਰਦਾਂ। ਜਦੋਂ ਇਹ ਫਲ ਅਰਪਣ ਕਰਿਆ, ਉਸੇ ਵੇਲੇ ਜਿਹੜੀਆਂ ਧਰਤੀਆਂ ਸੀ, ਉਹਨਾਂ ਦੀ gravity ਕਾਇਮ ਹੋ ਗਈ ਤੇ ਫੇਰ ਡੋਲੀਆਂ ਨਹੀਂ। ਕਿਉਂਕਿ ਸਾਰੇ ਖੰਡ-ਬ੍ਰਹਿਮੰਡ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* *ਅੰਗ - ੨੮੪*

'ਨਾਮ' ਦੇ ਅਧਾਰ 'ਤੇ ਹੀ ਖੜ੍ਹੇ ਹਨ, ਨਹੀਂ ਤਾਂ ਕੁਛ ਵੀ ਨਾ ਰਹੇ ਇਥੇ। ਸੋ ਉਸ ਵੇਲੇ ਜਦੋਂ ਰੁਕ ਗਏ, ਤਾਂ ਕਹਿਣ ਲੱਗੇ, ਹੁਣ ਦੱਸੋ ਮੈਂ ਫੈਸਲਾ ਕੀ ਕਰਾਂ? ਤੁਸੀਂ ਆਪੇ ਹੀ ਫੈਸਲਾ ਕਰ ਲਓ, 58 ਹਜ਼ਾਰ ਸਾਲ ਦਾ ਤਪ ਦੇ ਦਿਤਾ। ਧਰਤੀਆਂ ਡੋਲਦੀਆਂ ਰਹੀਆਂ ਤੇ ਸਿਰਫ 4 ਘੜੀ ਦੀ, 98 ਮਿੰਟ ਜਾਂ 100 ਮਿੰਟ ਦੀ ਕੀਤੀ ਹੋਈ ਸਤਿਸੰਗ ਦਾ ਫਲ ਇਹਨਾਂ ਨੇ ਦਿਤਾ ਤੇ ਕਿੱਡਾ ਵੱਡਾ ਹੈ।

ਸੋ ਕਬੀਰ ਸਾਹਿਬ ਕਹਿੰਦੇ ਨੇ -

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਅੰਗ -੧੩੭੭*

ਤਾਂ ਉਹ ਪ੍ਰੇਮੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗਿਆ, ਆਹ ਗੱਲ ਮੇਰੇ ਮਨ ਨਹੀਂ ਲਗਦੀ। ਜਿਵੇਂ ਵਿਸ਼ਵਾਮਿੱਤਰ ਜੀ ਕਹਿੰਦੇ ਸੀ, ਇਸੇ ਤਰ੍ਹਾਂ ਮੈਂ ਵੀ ਇਹੀ ਕਹਿੰਦਾ ਹਾਂ ਕਿ ਜਾਂ ਇਹ ਅਤਿਕਥਨੀ ਹੈ ਜਾਂ ਇਹ ਰੋਚਕ ਬਾਤ ਹੈ, ਯਥਾਰਥ ਨਹੀਂ।

ਮਹਾਰਾਜ ਕਹਿੰਦੇ, ਚਲ ਤੂੰ ਖਹਿੜੇ ਪੈਨੈ ਤਾਂ ਅਸੀਂ ਤੈਨੂੰ ਪ੍ਰੈਕਟੀਕਲੀ ਸਮਝਾਉਂਦੇ ਹਾਂ। ਸਵੇਰੇ ਜਾਈਂ, ਚੜ੍ਹਦੇ ਵਲ ਨੂੰ, ਜਿਥੇ ਸਰੋਵਰ ਹੈ, ਉਥੇ ਜਾ ਕੇ ਤੈਨੂੰ ਦੱਸਣ ਵਾਲਾ ਆਏਗਾ, ਸੂਰਜ ਦੀ ਟਿੱਕੀ ਨਿਕਲਦੀ ਨਾਲ ਵਾਪਸ ਆ ਜਾਈਂ। ਉਥੇ ਦਰਖ਼ਤ ਦੇ ਥੱਲੇ ਖੜ੍ਹਾ ਰਿਹਾ। ਸਾਮ੍ਹਣੇ ਦਰਖ਼ਤ ਦੇ ਉਤੇ ਇਕ ਕਾਂ ਦਾ ਜੋੜਾ ਬੈਠਾ ਸੀ। ਵਾਪਸ ਆ ਗਿਆ। ਆ ਕੇ ਕਹਿਣ ਲੱਗਿਆ, ਪਾਤਸ਼ਾਹ! ਉਥੇ ਤਾਂ ਕੋਈ ਨਹੀਂ ਆਇਆ। ਕਹਿੰਦੇ, ਕੁਛ ਵੀ ਨਹੀਂ ਦੇਖਿਆ? ਕਹਿੰਦਾ, ਇਕ ਕਾਂਵਾਂ ਦਾ ਜੋੜਾ ਸੀ।

ਆਪ ਨੇ ਕਿਹਾ, ਕੱਲ੍ਹ ਨੂੰ ਫੇਰ ਜਾਈਂ।

ਦੂਸਰੇ ਦਿਨ ਗਿਆ। ਕੁਛ ਨਾ ਦੇਖਿਆ। ਕਾਂਵਾਂ ਦੀ ਜਗ੍ਹਾ ਉਥੇ ਬਗਲਿਆਂ ਦਾ ਜੋੜਾ ਬੈਠਾ ਸੀ। ਤੀਸਰੇ ਦਿਨ ਗਿਆ, ਫੇਰ ਵੀ ਕੁਛ ਨਾ ਦੇਖਿਆ ਉਥੇ ਹੰਸਾਂ ਦਾ ਜੋੜਾ ਬੈਠਾ ਸੀ, ਉਸੇ ਥਾਂ 'ਤੇ।

ਕਹਿੰਦਾ, ਪਾਤਸ਼ਾਹ! ਪੰਛੀ ਹੀ ਦਿਸਦੇ ਨੇ।

ਮਹਾਰਾਜ ਕਹਿੰਦੇ, ਅੱਜ ਫੇਰ ਜਾਈਂ।

ਜਦੋਂ ਚੌਥੇ ਦਿਨ ਗਿਆ। ਉਥੇ ਦੋ ਦੇਵ ਰੂਹਾਂ ਬੈਠੀਆਂ ਨੇ, ਇਹਦੀ ਇੰਤਜ਼ਾਰ ਕਰ ਰਹੀਆਂ ਨੇ। ਜਦੋਂ ਇਹ ਆਇਆ, ਉਸੇ ਵੇਲੇ ਇਹਦੇ ਚਰਨਾਂ 'ਤੇ

ਨਮਸ਼ਕਾਰ ਕਰਕੇ ਕਹਿਣ ਲੱਗੀਆਂ, ਧੰਨ ਹੈਂ ਪ੍ਰੇਮੀਆਂ ਤੂੰ ਧੰਨ ਹੈਂ। ਤੇਰਾ ਜਨਮ ਧੰਨ ਹੈ।

ਕਹਿਣ ਲੱਗਿਆ, ਕਿਹੜੀ ਗੱਲ ਦਾ ਧੰਨ ਹੈ, ਮੈਨੂੰ ਤਾਂ ਪਤਾ ਨਹੀਂ ਲਗਦਾ।

ਕਹਿੰਦੇ, ਦੇਖ ਤੂੰ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਬਚਨ ਸੁਣੇ ਨੇ, ਸਤਿਸੰਗ ਸੁਣਿਆ ਹੈ, ਚਾਰ ਦਿਨ ਤੇਰੇ ਘਰ ਰਹੇ ਨੇ। ਉਹਨਾਂ ਦੇ ਦਰਸ਼ਨ ਤੇ ਉਹਨਾਂ ਦੇ ਬਚਨਾਂ ਦਾ ਫਲ ਤੇਰੇ ਵਿਚ ਇਹ ਹੋਇਆ ਕਿ ਤੇਰੇ ਵਿਚ ਐਨੀ ਸ਼ਕਤੀ ਆ ਗਈ ਕਿ ਅਸੀਂ ਪਹਿਲੇ ਦਿਨ ਕਾਂ ਸੀਗੇ, ਤੇਰੇ ਦਰਸ਼ਨ ਕਰਕੇ ਬਗਲੇ ਬਣੇ। ਦੂਸਰੇ ਦਿਨ ਬਗਲੇ ਸੀ, ਤੀਸਰੇ ਦਿਨ ਅਸੀਂ ਹੰਸ ਬਣੇ। ਹੰਸਾ ਤੋਂ ਅੱਜ ਅਸੀਂ ਦੇਵਤੇ ਹੋ ਕੇ ਬੈਕੁੰਠ ਧਾਮ ਨੂੰ ਜਾ ਰਹੇ ਹਾਂ। ਦੇਖਦੇ-ਦੇਖਦੇ ਬਿਵਾਨ ਆ ਗਏ ਤੇ ਉਹ ਨਮਸ਼ਕਾਰਾਂ ਕਰਦੇ ਚਲੇ ਗਏ।

ਗੁਰਸਿੱਖ ਬਹੁਤ ਪ੍ਰਸੰਨ ਹੋਇਆ। ਮਹਾਰਾਜ ਕੋਲ ਆ ਗਿਆ। ਕਹਿੰਦਾ, ਸੱਚੇ ਪਾਤਸ਼ਾਹ! ਐਨਾ ਫਲ? ਮਹਾਰਾਜ ਕਹਿੰਦੇ, ਤੈਨੂੰ ਦ੍ਰਿਸ਼ਟਾਂਤ ਨਾਲ ਦਿਖਾਇਆ ਹੈ ਕਿਤੇ ਇਸ ਚੱਕਰ 'ਚ ਨਾ ਪੈ ਜਾਇਓ ਕਿ ਕਾਂਵਾਂ ਤੋਂ ਬਗਲੇ ਕਿਵੇਂ ਬਣ ਗਏ, ਬਗਲਿਆਂ ਤੋਂ ਹੰਸ ਕਿਵੇਂ ਬਣ ਗਏ। ਕਿਉਂਕਿ ਹਿਸਾਬੀ-ਕਿਤਾਬੀ ਮਨ ਹੁੰਦੈ ਮਨੁੱਖ ਦਾ। ਉਹ ਇਹਨਾਂ ਹਿਸਾਬਾਂ, ਜੋੜਾਂ-ਤੋੜਾਂ 'ਚ ਪੈ ਜਾਂਦੈ। ਕਹਿਣ ਲੱਗੇ, ਤੁਹਾਨੂੰ ਦ੍ਰਿਸ਼ਟਾਂਤ ਦੇ ਨਾਲ ਬਾਤ ਸੁਣਾਈ ਹੈ।

ਪਹਿਲਾਂ-ਪਹਿਲਾਂ ਆਦਮੀ ਜਦੋਂ ਸਤਿਸੰਗ 'ਚ ਜਾਂਦੈ। ਉਹਦੇ ਉਤੇ ਐਨੀ ਮੈਲ ਚੜ੍ਹੀ ਹੁੰਦੀ ਹੈ ਕਿ ਉਹ ਅੰਦਰੋਂ ਵੀ ਮੈਲਾ ਤੇ ਬਾਹਰੋਂ ਵੀ ਮੈਲਾ ਹੁੰਦੈ। ਉਹ ਸਤਿਸੰਗ ਦਾ ਅਧਿਕਾਰੀ ਨਹੀਂ ਹੁੰਦਾ, ਪਰ ਕੋਈ ਪੁੰਨ ਕਰਮ ਕਿਸੇ ਜਨਮ ਦਾ ਕੀਤਾ ਹੋਇਆ, ਉਹਦੇ ਅੱਗੇ ਆ ਕੇ ਉਸਨੂੰ ਸਤਿਸੰਗ 'ਚ ਲਿਆ ਕੇ ਬਿਠਾਂ ਦਿੰਦੈ। ਚਾਹੇ ਸ਼ਰਾਬ ਪੀਤੀ ਹੋਈ ਹੈ, ਚਾਹੇ ਕੋਈ ਗਲਤ ਚੀਜ਼ ਖਾਧੀ ਹੋਈ ਹੈ। ਪਰ ਉਹ ਪੁੰਨ ਕਰਮ ਸਤਿਸੰਗ 'ਚ ਲੈ ਜਾਂਦੇ ਨੇ। ਜਦੋਂ ਸਤਿਸੰਗ ਸੁਣਦੈ, ਹੌਲੀ-ਹੌਲੀ ਉਹਦੀ ਬਾਹਰਲੀ ਬਿਰਤੀ ਬਦਲਣ ਲਗ ਜਾਂਦੀ ਹੈ। ਬਾਹਰੋਂ ਵਿਕਾਰਾਂ ਤੋਂ ਹਟਣਾ ਸ਼ੁਰੂ ਹੋ ਜਾਂਦੈ। ਗਿਲਾਨੀ ਹੋ ਜਾਂਦੀ ਹੈ ਵਿਕਾਰਾਂ ਤੋਂ, ਪਰ ਅੰਦਰੋਂ ਰੁਚੀ ਨਹੀਂ ਮਰਦੀ। ਸੋ ਬਗਲੇ ਵਾਂਗੂੰ ਹੋ ਜਾਂਦੈ। ਬਾਹਰੋਂ ਚਿੱਟਾ ਹੈ ਲੇਕਿਨ ਅਜੇ ਅੰਦਰ ਡੱਡਾਂ ਖਾਣ ਦੀ ਰੁਚੀ ਹੈ। ਜਦੋਂ ਫੇਰ ਹੋਰ ਸਤਿਸੰਗ ਕਰਦੈ ਤਾਂ ਫੇਰ ਅੰਦਰੋਂ ਬਾਹਰੋਂ ਇਕੋ ਜਿਹਾ ਹੋ ਕੇ ਹੰਸ ਬਿਰਤੀ ਧਾਰਨ ਕਰਕੇ, ਸਾਰ ਤੇ ਅਸਾਰ ਨੂੰ ਸਮਝਣ ਦੇ ਕਾਬਲ ਹੋ ਜਾਂਦੈ। ਸਤਿ ਤੇ ਅਸਤਿ ਨੂੰ ਸਮਝਣ ਦੇ ਕਾਬਲ ਹੋ ਜਾਂਦੈ। ਗ੍ਰਹਿਣ ਕਰਨ ਵਾਲੀ ਚੀਜ਼ ਸੰਸਾਰ ਦੇ ਅੰਦਰ, ਆਤਮਾ ਹੈ ਅਤੇ ਤਿਆਗਣ ਵਾਲੀ, ਮਾਇਆ ਹੈ। ਜੋ ਕੁਝ ਬ੍ਰਹਿਮੰਡ ਵਿਚ ਦਿਸਦਾ ਹੈ ਇਹ ਸਭ ਤਿਆਗਣਯੋਗ ਹੈ, ਗ੍ਰਹਿਣ ਕਰਨ ਯੋਗ ਨਹੀਂ। ਇਹ ਵਿਚਾਰ ਸਤਿਸੰਗ ਦੇ ਵਿਚੋਂ ਪੈਦਾ ਹੋਣ ਕਰਕੇ, ਫੇਰ ਜਦੋਂ ਆਤਮਾ ਨੂੰ ਪਛਾਣ ਲਿਆ, ਉਸ ਵੇਲੇ ਪ੍ਰਮਾਤਮਾ ਨੂੰ ਪਛਾਣ ਲੈਂਦੈ। ਜਦੋਂ ਪ੍ਰਮਾਤਮਾ ਨੂੰ ਪਛਾਣ ਲਿਆ, ਫੇਰ ਇਹ ਸਚਖੰਡ ਦਾ ਵਾਸੀ ਹੋ ਜਾਇਆ ਕਰਦੈ। ਸੋ ਕਬੀਰ ਸਾਹਿਬ ਕਹਿੰਦੇ ਨੇ -

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ - ੧੩੭੭*

ਇਹਦੇ ਮੁਕਾਬਲੇ ਦੇ ਉਤੇ ਜੇ ਸਾਕਤ ਦੀ ਸੰਗਤ ਕੀਤੀ ਜਾਵੇ, ਕਹਿੰਦੇ ਉਹ ਦਾਗ ਲਾ ਜਾਂਦੀ ਹੈ ਪਿਆਰਿਓ -

*ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥*

*ਅੰਗ - ੧੩੭੧*

ਗੱਲ ਕਰਕੇ ਦੇਖ ਲਓ, ਕੋਲ ਜਾ ਕੇ ਦੇਖ ਲਓ। ਚੋਰ ਦੇ ਨੇੜੇ ਬੈਠ ਕੇ ਦੇਖ ਲਓ, ਮੈਂ ਨਹੀਂ ਚੋਰੀ ਕਰਦਾ, ਜਿੱਦਣ ਫਸ ਗਿਆ, ਤੇਰੇ ਨਾਲ ਕਿਹੜਾ ਹੁੰਦੈ। ਕਹੀ ਜਾਓ ਪੁਲਿਸ ਨੂੰ ਜਾ ਕੇ ਕਿ ਮੈਂ ਤਾਂ ਜੀ ਵੈਸੇ ਹੀ ਆਇਆ ਕਰਦਾ ਸੀ ਉਸ ਕੋਲ। ਕਹਿੰਦੇ ਨੇ, ਨਹੀਂ ਤੇਰਾ ਲਿੰਕ ਸੀ ਉਸ ਨਾਲ। ਕਹਿੰਦੇ -

*ਕਬੀਰ ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ ॥*
*ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ ॥*

*ਅੰਗ - ੯੬੫*

ਮੂਹਲੇ ਉਹਦੇ ਉਤੇ ਹੀ ਪੈਂਦੇ ਨੇ। ਸੋ ਇਕ ਸਤਿਸੰਗ ਹੈ, ਇਕ ਕੇਵਲ ਸੰਗ ਹੈ। ਸਤਿਸੰਗ ਦੇ ਵਿਚ ਪੂਰੀ ਵਿਧੀ ਨਾਲ ਜਦੋਂ ਅਸੀਂ ਆਉਂਦੇ ਹਾਂ ਤਾਂ ਪੂਰਾ-ਪੂਰਾ ਲਾਭ ਪ੍ਰਾਪਤ ਹੁੰਦੈ।

ਆਪ ਨੇ ਸਾਰਿਆਂ ਨੇ ਕਈ ਦਿਨ ਤੋਂ ਇਕ ਪ੍ਰਸੰਗ ਨੂੰ ਸੁਣਨਾ ਸ਼ੁਰੂ ਕੀਤੈ। ਇਕ ਆਮ ਗੁਰਸਿੱਖ, ਇਕ ਆਮ ਸਾਧਾਰਣ ਬੰਦਾ, ਜਿਹਨੂੰ ਨਾ ਰੱਬ ਦਾ ਪਤਾ, ਨਾ ਰੂਹਾਨੀਅਤ ਦਾ ਪਤਾ, ਨਾ ਇਹ ਪਤਾ ਕਿ ਮਰ ਕੇ ਕਿੱਥੇ ਜਾਈਦੈ। ਨਾ ਇਹ ਪਤਾ ਕਿ ਲੇਖੇ ਪੱਤੇ ਵੀ ਹੁੰਦੇ ਨੇ। ਨਾ ਇਹ ਪਤਾ ਕਿ ਮਨੁੱਖ ਜਨਮ ਵਿਚ ਆਉਣ ਦਾ ਕੀ ਫਾਇਦਾ ਹੈ? ਐਸਾ

ਗਿਆਨ ਤੋਂ ਸ਼ੂਨਯ ਆਦਮੀ ਇਕ ਕਬਰ ਨੂੰ ਮੱਥਾ ਟੇਕਣ ਵਾਲਾ, ਉਸ ਨੇ ਜਦੋਂ ਗੁਰਸਿੱਖ ਦੀ ਸਤਿਸੰਗ ਕੀਤੀ, ਉਹਦਾ ਪ੍ਰੇਰਿਆ ਹੋਇਆ ਗੁਰੂ ਪੰਜਵੇਂ ਪਾਤਸ਼ਾਹ ਦੇ ਕੋਲ ਆਉਂਦੈ। ਉਥੇ ਆ ਕੇ ਗੁਰੂ ਮਹਾਰਾਜ ਦੀ ਸੰਗਤ ਕਰਕੇ, ਉਹਦੇ ਉਤੇ ਬਹੁਤ ਅਸਰ ਹੋਇਆ ਕਿਉਂਕਿ ਉੱਤਮ ਅਧਿਕਾਰੀ ਸੀ। ਤਿੰਨ ਕਿਸਮ ਦੇ ਬੰਦੇ ਸੰਗਤ ਵਿਚ ਆਇਆ ਕਰਦੇ ਨੇ।

ਗੁਰੂ ਦਸਵੇਂ ਪਾਤਸ਼ਾਹ ਨੂੰ ਪੁੱਛਿਆ, ਮਹਾਰਾਜ! ਸਾਰਿਆਂ ਦੇ ਉਤੇ ਸਤਿਸੰਗ ਦਾ ਅਸਰ ਕਿਉਂ ਨਹੀਂ ਹੁੰਦਾ? ਸਤਿਸੰਗ ਤਾਂ ਸਾਰੇ ਹੀ ਕਰਦੇ ਨੇ। ਇਕ ਉਹ ਨੇ, ਜਿਨ੍ਹਾਂ ਦਾ ਜੀਵਨ ਬਦਲ ਜਾਂਦਾ ਹੈ, ਇਕ ਉਹ ਨੇ ਜਿਨ੍ਹਾਂ ਉਤੇ ਭੋਰਾ ਵੀ ਅਸਰ ਨਹੀਂ ਹੁੰਦਾ। ਬਚਨ ਤਾਂ ਆਪ ਦੇ ਮੁਖਾਰਬਿੰਦ ਤੋਂ ਸਾਰੇ ਹੀ ਸੁਣਦੇ ਨੇ, ਕਾਰਨ ਕੀ ਹੈ? ਪੰਜ ਤੱਤ ਦੇ ਸਾਰੇ ਹੀ ਬਣੇ ਹੋਏ ਹਾਂ। ਵਿਚ ਕਿਹੜੀ ਚੀਜ਼ ਗਲਤ ਹੈ, ਜਿਹਦੇ ਕਰਕੇ ਅਸਰ ਨਹੀਂ ਹੁੰਦਾ?

ਮਹਾਰਾਜ ਕਹਿਣ ਲੱਗੇ, ਚੰਗਾ ਪ੍ਰੈਕਟੀਕਲੀ ਸਮਝਾਉਂਦੇ ਹਾਂ। ਤਿੰਨ ਬਾਟੇ ਲੈ ਕੇ ਆਓ। ਤਿੰਨ ਬਾਟੇ ਲਿਆਂਦੇ, ਇਕ ਵਿਚ ਪਤਾਸ਼ੇ ਪਾ ਦਿਤੇ। ਇਕ ਵਿਚ ਮਿੱਟੀ ਦਾ ਡਲਾ ਪਾ ਦਿਤਾ। ਇਕ ਵਿਚ ਪੱਥਰ ਪੁਆ ਦਿਤਾ। ਇਕ ਪਹਿਰ ਤੋਂ ਬਾਅਦ ਕਹਿੰਦੇ, ਕੱਢੋ ਭਾਈ। ਜਦੋਂ ਪਤਾਸ਼ਿਆਂ ਵਾਲੇ ਨੂੰ ਕਿਹਾ ਕਿ ਪਤਾਸ਼ੇ ਕੱਢ। ਤਾਂ ਉਸ ਨੇ ਕਿਹਾ ਕਿ ਮਹਾਰਾਜ ਇਹਦੇ ਵਿਚ ਪਤਾਸ਼ੇ ਹੈ ਨਹੀਂ। ਵਿਚੇ ਘੁਲ-ਮਿਲ ਗਏ। ਦੂਸਰੇ ਨੂੰ ਕਿਹਾ ਕਿ ਡਲਾ ਕੱਢ? ਉਹਨੇ ਕਿਹਾ ਜੀ ਇਹ ਤਾਂ ਗਾਰਾ ਬਣਿਆ ਪਿਐ, ਡਲਾ ਨਹੀਂ ਰਿਹਾ ਜੀ ਹੁਣ। ਤੀਸਰੇ ਨੂੰ ਕਿਹਾ, ਪੱਥਰ ਕੱਢ। ਉਹਨੇ ਇਕ ਦਮ ਕੱਢ ਦਿਤਾ। ਕਹਿੰਦੇ, ਦੇਖ ਤਾਂ ਗਿੱਲਾ ਹੈ? ਲੂਅ ਚਲਦੀ ਸੀ, ਲੂਅ ਦਾ ਇਕੋ ਹੀ ਬੁੱਲਾ ਆਇਆ ਜਦੇ ਹੀ ਸੁੱਕ ਗਿਆ। ਕਹਿੰਦੇ, ਮਹਾਰਾਜ! ਕੱਢਦੇ-ਕੱਢਦੇ ਤਾਂ ਠੰਢਾ ਜਿਹਾ ਸੀਗਾ, ਆਹ ਤਾਂ ਫੇਰ ਉਹੋ ਜਿਹਾ ਹੀ ਹੋ ਗਿਆ।

ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਇਸੇ ਤਰ੍ਹਾਂ ਦੇ ਨਾਲ ਗੁਰੂ ਦੀ ਹਜ਼ੂਰੀ ਵਿਚ ਤਿੰਨ ਕਿਸਮ ਦੇ ਬੰਦੇ ਆਇਆ ਕਰਦੇ ਨੇ, ਇਕ ਤਾਂ ਉਹ ਹੁੰਦੇ ਨੇ ਜਿਹੜੇ ਘਰ ਤੋਂ ਪੂਰੇ ਸ਼ੌਂਕ ਦੇ ਨਾਲ ਇਸ ਗੱਲ ਨੂੰ ਜਾਨਣ ਵਾਸਤੇ ਆਉਂਦੇ ਨੇ ਕਿ ਮੇਰੇ ਭਲੇ ਵਾਸਤੇ ਕਿਹੜਾ-ਕਿਹੜਾ ਬਚਨ ਆ ਰਿਹੈ। ਉਹ ਬਚਨਾਂ ਦੇ ਵਿਚ ਘੁਲ-ਮਿਲ ਜਾਂਦੇ ਨੇ। ਆਪਣਾ ਗਿਆਨ, ਆਪਣੀ ਪੜ੍ਹਾਈ, ਆਪਣੀ ਜਾਣਕਾਰੀ ਸਭ ਗੁਰੂ ਦੇ ਚਰਨਾਂ 'ਚ ਭੇਟਾ ਕਰਕੇ ਉਹਨਾਂ ਬਚਨਾਂ ਵਿਚ ਲੀਨ ਹੋ ਜਾਇਆ ਕਰਦੇ ਨੇ। ਮਹਾਰਾਜ ਕਹਿੰਦੇ, ਉਹ ਤਾਂ ਹੈਗੇ ਪਤਾਸ਼ਿਆਂ ਵਰਗੇ ਸਰੋਤੇ।

ਦੂਜੇ ਉਹ ਹੁੰਦੇ ਨੇ, ਆਉਂਦੇ ਤਾਂ ਰੁਚੀ ਨਾਲ ਨੇ ਪਰ ਉਹਨਾਂ ਦੀਆਂ ਵਾਸ਼ਨਾਵਾਂ ਐਨੀਆਂ ਖਿੰਡੀਆਂ ਹੁੰਦੀਆਂ ਨੇ ਕਿ ਉਹਨਾਂ ਦੇ ਉਤੇ ਵਕਤੀ ਅਸਰ ਹੁੰਦੈ। ਪਹਿਲਾਂ ਤਾਂ ਸਤਿਸੰਗ 'ਚ ਹੋ ਜਾਂਦੈ। ਘੜੀ ਦੋ ਘੜੀ ਰਹਿੰਦੈ। ਦੋ ਦਿਨ, ਮਹੀਨਾ ਦੋ ਮਹੀਨੇ ਰਹਿੰਦੈ, ਚਾਰ ਮਹੀਨੇ ਰਹਿੰਦੈ। ਜਦੋਂ ਫੇਰ ਸੰਗਤ ਕਰਨੀ ਹਟ ਜਾਂਦੈ, ਫੇਰ ਮੁੜ ਕੇ ਉਹ ਉਸੇ ਹਾਲਤ ਵਿਚ ਆ ਜਾਇਆ ਕਰਦੈ। ਇਹ ਡਲ੍ਹਿਆਂ ਵਰਗੇ ਹੁੰਦੇ ਨੇ, ਮਿੱਟੀ ਦੀਆਂ ਢੀਮਾਂ ਵਰਗੇ। ਜਿੰਨਾਂ ਚਿਰ ਪਾਣੀ ਵਿਚ ਰਹੇ, ਗਾਰਾ ਬਣਿਆ ਰਿਹਾ। ਜਿੰਨਾਂ ਚਿਰ ਗਿੱਲ ਰਹੇ ਓਨਾਂ ਚਿਰ ਗਿੱਲੇ ਰਹੇ, ਜਦੋਂ ਗਿੱਲ ਖਤਮ ਹੋ ਗਈ, ਮੁੜ ਕੇ ਫੇਰ ਉਹੀ ਬਣ ਗਏ ਕਰਾਰੇ। ਮਤਲਬ ਜਦੋਂ ਮਹਾਂਪੁਰਸ਼ਾਂ ਤੋਂ, ਸਤਿਸੰਗ ਤੋਂ, ਟੁੱਟ ਜਾਣ, ਉਥੇ ਹੀ ਫੇਰ ਚਲੇ ਜਾਇਆ ਕਰਦੇ ਨੇ, ਜਿਥੋਂ ਮੋੜ ਖਾਧਾ ਸੀ।

ਤੀਸਰੇ ਪ੍ਰੇਮੀ ਸਾਧਸੰਗਤ ਜੀ! ਉਹ ਹੁੰਦੇ ਨੇ, ਜੋ ਤਰਕ ਲੈ ਕੇ ਘਰ ਤੋਂ ਆਉਂਦੇ ਨੇ। ਜੱਜ ਬਣ ਕੇ ਆਉਂਦੇ ਨੇ ਕਿ ਕੀ ਬੋਲਦਾ ਹੈ। ਉਹਦੇ ਵਿਚ ਗਲਤੀਆਂ ਕੱਢਣ ਵਾਲੇ ਤੇ ਫੇਰ ਕੇਵਲ smell ਕਰਨ ਵਾਲੇ ਹੁੰਦੇ ਨੇ। ਆਪਣੇ ਆਪ 'ਚ ਇਸ ਤਰ੍ਹਾਂ ਸਮਝਦੇ ਹਨ ਕਿ ਮੈਂ ਬਹੁਤ ਜਾਣਕਾਰ ਹਾਂ। ਜਿੰਨੀ ਜਾਣਕਾਰੀ ਉਹਨਾਂ ਕੋਲ ਹੈ ਉਹ ਕਹਿੰਦੇ ਨੇ ਬਹੁਤ ਹੈ। ਮੈਨੂੰ ਹੋਰ ਸਿੱਖਣ ਦੀ ਲੋੜ ਹੀ ਨਹੀਂ। ਉਹ ਜਿਹੜੇ ਹੁੰਦੇ ਨੇ ਉਹ ਪੱਥਰਵਤ ਹੁੰਦੇ ਨੇ। ਥੋੜ੍ਹੀ ਦੇਰ ਕੀਰਤਨ ਦੇ ਰਸ ਵਿਚ, ਉਹਨਾਂ ਉਤੇ ਕੁਛ ਅਸਰ ਹੁੰਦੈ, ਜਿਵੇਂ ਪੱਥਰ ਨੂੰ ਪਾਣੀ ਵਿਚ ਸੁੱਟਣ 'ਤੇ ਗਿੱਲ ਜਿਹੀ ਹੋ ਜਾਂਦੀ ਹੈ। ਠੰਢਾ ਹੋ ਜਾਂਦੈ। ਲੇਕਿਨ ਜਦੋਂ ਬਾਹਰ ਸੰਸਾਰ ਵਿਚ ਜਾਂਦੇ ਨੇ, ਜੋੜੇ ਪਾਉਣ ਤਕ ਉਹਨਾਂ ਦੇ ਮਨ ਅੰਦਰ ਸਤਿਸੰਗ ਦਾ ਅਸਰ wash (ਧੋਇਆ ਜਾਣਾ) ਹੋ ਜਾਇਆ ਕਰਦੈ। ਸੋ ਇਹ ਤਿੰਨੋ ਕਿਸਮ ਦੇ ਪ੍ਰੇਮੀ ਹੁੰਦੇ ਨੇ।

ਸੋ ਇਹ ਪ੍ਰੇਮੀ ਜਿਹੜਾ ਸੀ ਇਸਨੇ ਸਤਿਸੰਗ ਭੁੱਲ ਕੇ ਵੀ ਨਹੀਂ ਸੀ ਕਰੀ। ਬਚਨ ਸੁਣੇ ਹਿਰਦੇ 'ਚ ਸਮਾ ਲਏ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਦੇ ਦਰਸ਼ਨ ਕੀਤੇ। ਸੰਗ ਤੋਰ ਦਿਤਾ ਕਿ ਤੁਸੀਂ ਜਾਓ, ਜਿਥੇ ਜਾਣੈ, ਮੈਂ ਨਹੀਂ ਜਾਣਾ। ਸੋ ਉਸ ਵੇਲੇ ਗੁਰੂ ਮਹਾਰਾਜ ਕੋਲ ਬੇਨਤੀ ਕਰੀ, ਮਹਾਰਾਜ ਕਹਿਣ ਲੱਗੇ,

ਪ੍ਰੇਮੀਆ! ਮੁਸ਼ਕਲ ਹੈ ਗੱਲ ਕਿਉਂਕਿ ਤੇਰਾ ਆਲਾ-ਦੁਆਲਾ ਜਿਹੜਾ ਹੈ ਉਹ ਸਾਰੇ ਹੀ ਸਰਵਰੀਏ ਨੇ। ਘਰਵਾਲੀ ਤੇ ਬੱਚੇ ਵੀ ਤੇਰੇ ਸਾਰੇ, ਤੁਸੀਂ ਸਰਵਰ ਪੀਰ ਨੂੰ ਮੰਨਦੇ ਹੋਂ। ਭਰਾ ਤੇਰੇ ਵੀ ਉਹਨੂੰ ਮੰਨਦੇ ਨੇ ਤੂੰ ਇਕੱਲਾ ਗੁਰਸਿੱਖ ਕਿਵੇਂ ਰਹਿ ਜਾਏਂਗਾ? ਮੁਸ਼ਕਲ ਹੈ ਤੈਨੂੰ। ਜਦੋਂ ਇਸ ਨੇ ਬਾਰ-ਬਾਰ ਕਿਹਾ, ਮਹਾਰਾਜ ਕਹਿਣ ਲੱਗੇ, ਪ੍ਰੇਮੀਆ! 'ਨਾਮ' ਐਨਾ ਸਸਤਾ ਨਹੀਂ ਹੈ। ਨਾਮ ਦੇ ਵਾਸਤੇ ਪਹਿਲਾਂ ਪਾਤਰ ਹੋਣਾ ਚਾਹੀਦੈ। ਜਿਵੇਂ ਸ਼ੇਰਨੀ ਦੇ ਦੁੱਧ ਵਾਸਤੇ ਸੋਨੇ ਦਾ ਬਰਤਨ ਹੋਣਾ ਚਾਹੀਦੈ। ਨਹੀਂ ਤਾਂ ਦੂਸਰਿਆਂ ਦੇ ਵਿਚ ਛੇਕ ਪਾ ਦਿੰਦੈ, ਦੁੱਧ ਟਿਕਿਆ ਨਹੀਂ ਕਰਦਾ। ਇਵੇਂ ਜਿਵੇਂ 'ਨਾਮ' ਵਾਲਾ ਹਿਰਦਾ ਬਣਾਉਣ ਵਾਸਤੇ, ਰਹਿਤਾਂ ਹੋਇਆ ਕਰਦੀਆਂ ਨੇ। ਗੁਰੂ ਮਹਾਰਾਜ ਨੇ ਕੋਈ 20-30 ਰਹਿਤਾਂ ਦੱਸੀਆਂ ਨੇ। ਜੋ ਅੰਤਰੀਵ ਰਹਿਤ ਹੋਇਆ ਕਰਦੀ ਹੈ। ਦੋ ਰਹਿਤਾਂ ਨੇ ਇਕ ਕਮਿਊਨਟੀ ਦੀ ਰਹਿਤ ਹੋਇਆ ਕਰਦੀ ਹੈ, Uniformity (ਇਕਸਾਰਤਾ) ਵਾਸਤੇ। ਦੂਜੀਆਂ ਅੰਦਰਲੀਆਂ ਰਹਿਤਾਂ, ਜੋ ਸਾਡੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੀਆਂ ਹੋਈਆਂ ਨੇ। ਉਹ ਦੋਵੇਂ ਇਕੱਠੀਆਂ ਹੋ ਕੇ ਚੱਲਣ, ਫੇਰ 'ਨਾਮ' ਚੱਲਿਆ ਕਰਦੈ।

ਸੋ ਇਸ ਤਰ੍ਹਾਂ ਦੇ ਨਾਲ ਇਹਦੇ ਮਨ ਦੇ ਉਤੇ ਬਹੁਤ ਅਸਰ ਹੋਇਆ। ਮਹਾਰਾਜ ਕਹਿੰਦੇ, ਫੇਰ ਇਕ 'ਤੇ ਡੋਰੀ ਰੱਖ। ਉਸ ਵੇਲੇ ਇਹ ਘਰ ਚਲਿਆ ਗਿਆ, ਜਾ ਕੇ ਮੁਕਾਮ ਢਾਹੁਣਾ ਸ਼ੁਰੂ ਕਰ ਦਿਤਾ। ਘਰਵਾਲੀ ਰੋਕਦੀ ਹੈ ਕਿ ਬੱਚੇ ਮਰ ਜਾਣਗੇ। ਡੰਗਰ, ਪਸ਼ੂ ਮਰ ਜਾਣਗੇ। ਘਾਟਾ ਪੈ ਜਾਏਗਾ, ਤੂੰ ਪੀਰ ਨੂੰ ਨਰਾਜ਼ ਨਾ ਕਰ। ਫੇਰ ਤੂੰ ਮੁਖੀ ਹੁੰਦਾ ਹੋਇਐ, ਇਹ ਗੱਲ ਕਰ ਰਿਹੈਂ? ਕੋਈ ਅਣਜਾਣ ਬੰਦਾ ਕਰ ਲਏ ਤਾਂ ਕਰ ਲਏ, ਤੂੰ ਤਾਂ ਮੁਖੀ ਹੈਂ? ਤੇਰੀ ਮਾਨਤਾ ਬੜੀ ਹੈ ਉਥੇ ਦੇ ਲੋਕਾਂ ਦੇ ਅੰਦਰ। ਇਲਾਕੇ 'ਚ ਬੜੀ ਮਾਨਤਾ ਹੈ। ਫੇਰ ਤੂੰ ਸੰਗ ਲੈ ਕੇ ਤੁਰਦੈਂ। ਕੁਛ ਤਾਂ ਲੋਕ ਲਾਜ ਵਿਚ ਆ। ਕਿਉਂਕਿ ਲੋਕ ਲਾਜ ਜਿਹੜੀ ਹੈ ਸਾਧਸੰਗਤ ਜੀ! ਇਹ ਇਕ ਬੜੀ ਬਿਮਾਰੀ ਹੈ, ਬੰਦਿਆਂ ਦੇ ਵਿਚ। ਇਹ ਬਨਾਉਟੀ ਜੀਵਨ ਗੁਜ਼ਾਰਨ ਦੇ ਉਤੇ ਲੋਕਾਂ ਨੂੰ ਮਜ਼ਬੂਰ ਕਰਦੀ ਹੈ। ਅੰਦਰੋਂ ਆਦਮੀ ਹੋਰ ਤਰ੍ਹਾਂ ਹੁੰਦੈ, ਲੋਕ ਲਾਜ ਦਾ ਮਾਰਿਆ ਨਹੀਂ ਚਲਦਾ। ਲੇਕਿਨ ਲੋਕ ਤਾਂ ਕਦੇ ਵੀ ਕਿਸੇ 'ਤੇ ਪ੍ਰਸੰਨ ਨਹੀਂ ਹੁੰਦੇ। ਲੋਕ-ਵਾਸ਼ਨਾ ਇਸ ਨੂੰ ਆਖਦੇ ਨੇ। ਕਿੱਡਾ ਹੀ ਵੱਡਾ ਕਿਉਂ ਨਾ ਹੋਵੇ, ਲੋਕ ਉਹਦੇ ਵਿਚ ਨੁਕਸ ਜ਼ਰੂਰ ਕੱਢ ਦੇਣਗੇ।

ਸ੍ਰੀ ਰਾਮ ਚੰਦਰ ਜੀ ਮਹਾਰਾਜ ਜਦੋਂ ਰਾਵਣ ਨੂੰ ਜਿੱਤਣ ਤੋਂ ਬਾਅਦ ਅਯੁੱਧਿਆ ਪਹੁੰਚਦੇ ਨੇ। ਆਪ ਭੇਸ ਵਟਾ ਕੇ ਬੀਰ ਯਾਤਰਾ ਕਰ ਰਹੇ ਨੇ, ਪਬਲਿਕ ਦਾ ਹਾਲ ਦੇਖ ਰਹੇ ਨੇ। ਅੱਗੇ ਦੇਖਦੇ ਨੇ ਕਿ ਇਕ ਧੋਬੀ ਆਪਣੀ ਘਰਵਾਲੀ ਨੂੰ ਅੰਦਰ ਨਹੀਂ ਵੜਨ ਦਿੰਦਾ। ਉਹ ਕਹਿੰਦੀ ਹੈ ਕਿ ਮੈਂ ਕੀ ਗੁਨਾਹ ਕਰ ਦਿਤਾ ਕਿ ਤੂੰ ਮੈਨੂੰ ਅੰਦਰ ਨਹੀਂ ਵੜਨ ਦਿੰਦਾ? ਉਹ ਬਹੁਤ ਕੌੜਾ ਬੋਲਦੈ।

ਸ੍ਰੀ ਰਾਮ ਚੰਦਰ ਜੀ ਨੇ Intervene (ਦਖਲ) ਕਰਿਆ। ਕਹਿਣ ਲੱਗੇ, ਪੁਰਖਾ! ਕਿਉਂ ਤੂੰ ਇਸ ਦੇ ਨਾਲ ਲੜਦੈਂ, ਤੇਰੀ ਪਤਨੀ ਹੈ। ਕੀ ਕਸੂਰ ਕਰ ਦਿਤਾ, ਇਸ ਨੇ?

ਕਹਿਣ ਲੱਗਿਆ, ਇਹਨੇ ਬੜਾ ਭਾਰੀ ਕਸੂਰ ਕਰਿਐ। ਮੈਂ ਧੋਬਘਾਟ 'ਤੇ ਕੱਪੜੇ ਧੋਣ ਗਿਆ ਹੋਇਆ ਸੀ। ਇਹ ਮੈਨੂੰ ਬਗੈਰ ਪੁੱਛੇ, ਆਪਣੇ ਪਿਤਾ ਦੇ ਘਰ ਚਲੀ ਗਈ। ਇਹ ਕੋਈ ਛੋਟਾ ਕਸੂਰ ਹੈ?

ਉਹ ਕਹਿਣ ਲੱਗੀ, ਮੇਰੇ ਪਿਤਾ ਸਖ਼ਤ ਬਿਮਾਰ ਹੋ ਗਏ। ਸੁਨੇਹਾ ਆਇਆ ਕਿ ਛੇਤੀ ਆ ਜਾਓ, ਮੂੰਹ ਦੇਖ ਜਾ, ਆ ਕੇ। ਧੋਬਘਾਟ ਜਿੰਨੀ ਦੂਰ ਹੈ, ਓਨੀਓਂ ਦੂਰ ਮੇਰੇ ਪੇਕੇ ਸੀਗੇ ਤੇ ਮੈਂ ਕਿਹਾ ਕਿ ਮੈਂ ਹੁਣੇ ਜਾ ਕੇ ਆ ਜਾਂਦੀ ਹਾਂ। ਮੈਂ ਗਈ ਹਾਂ, ਖੜ੍ਹੀ-ਖੜ੍ਹੀ ਆ ਗਈ ਹਾਂ। ਹੁਣ ਮੈਂ ਇਹਦੀ ਇਜਾਜ਼ਤ ਨਾਲ ਜਾਵਾਂਗੀ, ਦੋ-ਚਾਰ ਦਿਨ ਰਹਿਣ ਵਾਸਤੇ। ਹੁਣ ਤਾਂ ਮੈਂ ਇਕ ਦਮ ਦੇਖ ਆਈ ਹਾਂ ਕਿ ਮੇਰੇ ਪਿਤਾ ਦਾ ਕੀ ਹਾਲ ਹੈ। ਮੋਹ ਸੀ ਮੇਰੇ ਮਨ ਦੇ ਅੰਦਰ।

ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ ਕਿ ਪੁਰਖਾ! ਇਹ ਤਾਂ ਐਡੀ ਵੱਡੀ ਕੋਈ ਗੱਲ ਨਹੀਂ ਹੈ।

ਕਹਿਣ ਲੱਗਿਆ, ਵਾਹ ਜੀ ਵਾਹ! ਤੁਸੀਂ ਮੈਨੂੰ ਰਾਮ ਚੰਦਰ ਸਮਝ ਲਿਆ ਕਿ 9 ਮਹੀਨੇ ਸੀਤਾ ਰਾਵਣ ਦੇ ਮਹਿਲਾਂ 'ਚ ਰਹੀ 'ਤੇ ਘਰ ਵਾੜ ਲਈ। ਬਹੁਤ ਕਠੋਰ ਬਾਤ ਕਹਿ ਦਿਤੀ।

ਸ੍ਰੀ ਰਾਮ ਚੰਦਰ ਜੀ ਨੇ ਦੇਖਿਆ, ਸਾਰਿਆਂ ਦੇ ਮਨਾਂ ਦੇ ਵਿਚ ਹੀ ਇਹ ਬਾਤ ਸੀ। ਉਹਨਾਂ ਨੇ ਸੀਤਾ ਜੀ ਦਾ ਤਿਆਗ ਕਰ ਦਿਤਾ। ਬਾਲਮੀਕ ਦੇ ਆਸ਼ਰਮ ਦੇ ਵਿਚ ਸੀਤਾ ਜੀ ਜਾ ਕੇ ਰਹੇ।

ਜਦੋਂ ਰਾਜ ਭਾਗ ਸ੍ਰੀ ਰਾਮ ਚੰਦਰ ਜੀ ਕਰ

ਰਹੇ ਨੇ ਤਾਂ ਪੂਰਬ ਵਲ ਚਲੇ ਗਏ। ਉਥੇ ਇਕ ਖੂਹ ਦੇਖਿਆ, ਪਾਣੀ ਪੀਣ ਨੂੰ ਜੀਅ ਕਰਿਆ। ਡੋਲ੍ਹ ਲਿਆ, ਡੋਲ੍ਹ ਲੈ ਕੇ ਪਾਣੀ ਕੱਢਿਆ, ਲਛਮਣ ਜੀ ਨਾਲ ਨੇ। ਬੀਰ-ਯਾਤਰਾ ਕਰ ਰਹੇ ਨੇ। ਹੋਰ ਕੋਈ ਨਾਲ ਤੀਸਰਾ। ਪਾਣੀ ਪੀ ਕੇ ਜਦੋਂ ਬੈਠੇ ਤਾਂ ਕਿਸਾਨ ਜੋ ਹੱਲ ਚਲਾਉਂਦਾ ਸੀ ਉਹ ਵੀ ਆ ਗਿਆ। ਉਹਨਾਂ ਨੇ ਦੇਖਿਆ ਕਿ ਅਜੀਬ ਰੂਪ ਹੈ ਕਿਸਾਨ ਦਾ। ਇਕ ਟੋਪ ਲਿਆ ਹੋਇਐ ਤਾਰਾਂ ਦਾ ਸਿਰ 'ਤੇ ਤੇ ਇਕ ਤਾਰਾਂ ਦਾ ਕੋਟ ਪਾਇਆ ਹੋਇਐ, ਗੋਡਿਆਂ ਤਕ ਦੇ ਬੂਟ ਪਾਏ ਹੋਏ ਨੇ। ਦੂਸਰੇ ਪਾਸੇ ਬਲਦਾਂ ਦੇ ਉਤੇ ਤਾਰਾਂ ਦੇ ਝੁੱਲ ਪਾਏ ਹੋਏ ਨੇ। ਉਹਨਾਂ ਦੇ ਫੁਟਲਸ ਪਾਏ ਹੋਏ ਨੇ, ਲੱਤਾਂ ਦੇ ਉਤੇ।

ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ, ਪੁਰਖਾ! ਅਜੀਬ ਹਾਲਤ ਬਣਾਈ ਹੈ, ਕੀ ਗੱਲ? ਇਹੋ ਜਿਹੀ ਵਰਦੀ ਪਾਈ ਹੈ?

ਕਹਿੰਦਾ, ਮਹਾਰਾਜ! ਇਹ ਜਿਹੜੀ ਧਰਤੀ ਹੈ, ਇਥੇ ਇਕ ਪੰਛੀ ਹੈ ਉਹਦੀ ਚੁੰਝ ਬੜੀ ਤਿੱਖੀ ਹੈ। ਜੇ ਉਹ ਚੁੰਝ ਮਾਰ ਦੇਵੇ, ਮਾਸ ਕੱਢ ਕੇ ਲੈ ਜਾਂਦੈ। ਉਹਦੇ ਵਾਸਤੇ ਅਸੀਂ ਇਹ ਤਾਰਾਂ ਦਾ ਟੋਪ ਲਿਆ ਹੋਇਆ, ਕੋਟ ਪਾਇਆ ਹੋਇਐ ਤੇ ਬਲਦਾਂ ਦੇ ਉਤੇ ਝੁੱਲ ਦਿਤੇ ਹੋਏ ਨੇ। ਮਹਾਰਾਜ! ਇਸ ਧਰਤੀ 'ਚ ਇਕ ਬਿੱਛੂ ਹੈ ਜੇ ਪੱਥਰ ਦੇ ਵਿਚ ਡੰਗ ਮਾਰ ਦੇਵੇ, ਖਿੱਲ ਬਣਾ ਦਿੰਦੈ। ਉਹਦੇ ਬਚਾਓ ਵਾਸਤੇ ਪੈਰਾਂ ਵਿਚ ਬੂਟ ਪਾਏ ਹੋਏ ਨੇ, ਬਲਦਾਂ ਦੇ ਵੀ ਪਾਏ ਹੋਏ ਨੇ।

ਸ੍ਰੀ ਰਾਮ ਚੰਦਰ ਜੀ ਨੇ ਸੁਭਾਵਿਕ ਕਿਹਾ ਕਿ ਪੁਰਖਾ! ਹੋਰ ਐਨੀ ਜ਼ਮੀਨ ਪਈ ਹੈ, ਇਹ ਧਰਤੀ ਛੱਡ ਦੇ, ਉਥੇ ਚਲਿਆ ਜਾਹ।

ਦੇਖਣ ਲਗ ਗਿਆ, ਨਰਾਜ਼ ਹੋ ਗਿਆ। ਕਹਿੰਦਾ, ਵਾਹ ਜੀ ਵਾਹ! ਤੁਸੀਂ ਮੈਨੂੰ ਬੜਾ ਉਪਦੇਸ਼ ਦੇ ਰਹੇ ਹੋਂ।

ਕਹਿਣ ਲੱਗੇ, ਉਪਦੇਸ਼ ਚੰਗਾ ਨਹੀਂ?

ਕਹਿਣ ਲੱਗਿਆ, ਤੁਸੀਂ ਮੈਨੂੰ ਕੀ ਸਮਝ ਲਿਆ? ਆਪਣੀ ਇਸਤ੍ਰੀ ਤੇ ਆਪਣੀ ਭੂਮੀ ਕੋਈ ਵੀ ਨਹੀਂ ਛੱਡਦਾ ਹੁੰਦਾ। ਚਾਹੇ ਕਿਹੋ ਜਿਹੀ ਨੁਕਸ ਵਾਲੀ ਕਿਉਂ ਨਾ ਹੋਵੇ।

ਸ੍ਰੀ ਰਾਮ ਚੰਦਰ ਜੀ ਲੱਛਮਣ ਨੂੰ ਕਹਿਣ ਲੱਗੇ, ਸੁਣ ਲਿਆ। ਇਕ ਪਾਸੇ ਤਾਂ ਉਹ ਨੇ, ਇਕ ਪਾਸੇ ਇਹ ਨੇ, ਹੁਣ ਦਸ ਕਿੱਧਰ ਹੋਈਏ।

ਜਦੋਂ ਆਦਮੀ ਸਤਿ ਦੇ ਉਤੇ ਡੱਟ ਗਿਆ ਫੇਰ ਲੋਕ ਲਾਜ ਕੋਈ ਨਹੀਂ ਹੁੰਦੀ। ਰੋਜ਼ ਤਜਰਬੇ 'ਚ ਆਉਂਦੈ। ਬਿਮਾਰ ਨੇ, ਬੱਚੇ ਸਾਂਭਦੇ ਨਹੀਂ ਹਨ, ਦਵਾਈ ਲਿਆ ਕੇ ਨਹੀਂ ਦਿੰਦੇ। ਨਾਉਂ ਤੇ ਕਨਾਉਂ ਧਰਦੇ ਨੇ। ਅਸੀਂ ਕਿਹੈ ਕਿ ਆਸ਼ਰਮ ਬਣਿਆ ਹੋਇਆ ਹੈ, ਉਥੇ ਬਿਰਧ ਰਹਿੰਦੇ ਨੇ, ਉਥੇ ਚਲੇ ਜਾਓ, ਪ੍ਰਸ਼ਾਦਾ ਪਾਣੀ ਉਥੇ ਮਿਲਦਾ ਹੈ, ਸਭ ਕੁਛ ਮਿਲਦਾ ਹੈ। ਕੋਈ ਅਸੀਂ ਚਾਰਜ ਨਹੀਂ ਕਰਦੇ। ਉਥੇ ਗੁਰੂ ਕਾ ਲੰਗਰ ਹੈ ਛਕ, ਨਾਮ ਜਪ, ਆਪਣਾ ਉਧਾਰ ਕਰ। ਤੈਨੂੰ ਕੋਈ 'ਓਏ' ਨਹੀਂ ਕਹਿੰਦਾ ਹੈ, ਨਿਰਾਦਰ ਕਿਉਂ ਸਹਿੰਦਾ ਹੈਂ?

ਕਹਿਣ ਲੱਗੇ, ਬਾਬਾ ਜੀ! ਚਲੇ ਤਾਂ ਜਾਈਏ। ਲੋਕ ਸਾਨੂੰ ਟਿਕਣ ਨਹੀਂ ਦੇਣਗੇ ਕਿ ਗੁਰਦੁਆਰੇ ਬੈਠਾ ਰੋਟੀਆਂ ਖਾਂਦੈ। ਚੰਗਾ, ਮੈਂ ਕਿਹਾ ਜੇ ਇਸ ਤਰ੍ਹਾਂ ਲੋਕ ਲਾਜ ਵਿਚ ਰਹਿਣੈ ਫੇਰ ਗਾਲ੍ਹਾਂ ਖਾਈ ਜਾਹ। ਗਾਲ੍ਹਾਂ ਨਾਲੋਂ ਤਾਂ ਚੰਗੇ ਨੇ ਲੰਗਰ ਦੇ ਪ੍ਰਸ਼ਾਦੇ। ਭਲਾ ਹੋਊ ਤੇਰਾ। ਸੋ ਇਹ ਲੋਕ-ਲਾਜ ਹੋਇਆ ਕਰਦੀ ਹੈ।

ਘਰਵਾਲੀ ਕਹਿੰਦੀ ਹੈ, ਤੂੰ ਲੋਕ ਲਾਜ ਤਾਂ ਮੰਨ। ਭਾਈ ਮੰਝ ਨੇ ਕੋਈ ਗੱਲ ਨਹੀਂ ਮੰਨੀ। ਅਖੀਰ ਮੁਕਾਮ ਢਾਹ ਦਿਤਾ। ਲੋਕ ਕੋਠਿਆਂ 'ਤੇ ਖੜ੍ਹੇ ਦੇਖਦੇ ਨੇ, ਸਾਰੇ। ਗਲੀ 'ਚ ਭੀੜ ਹੋਈ-ਹੋਈ ਹੈ, ਕਹਿੰਦੇ, ਪਾਗਲ ਹੋ ਗਿਆ ਇਹ। ਉਹ ਕਹਿੰਦਾ, ਜੋ ਮੈਂ ਹੋਣਾ ਸੀ ਹੋ ਗਿਆ -

*ਕੋਈ ਭਲਾ ਕਹਉ ਭਾਵੈ ਬੁਰਾ ਕਹਉ*
*ਹਮ ਤਨੁ ਦੀਓ ਹੈ ਢਾਰਿ ॥* *ਅੰਗ - ੫੨੮*

ਸੋ ਜਦੋਂ ਗੁਰੂ ਮਹਾਰਾਜ ਕੋਲ ਆਉਂਦੈ, ਆ ਕੇ ਸਾਰੀ ਹਾਲਤ ਦੱਸੀ। ਮਹਾਰਾਜ ਨੇ ਪੁਛਿਆ ਕਿ ਕੀ ਤੈਨੂੰ ਕੋਈ ਹਟਾਉਂਦਾ ਨਹੀਂ ਸੀ? ਦਸਿਆ ਕਿ ਮਹਾਰਾਜ! ਹਟਾਉਂਦੇ ਸੀ, ਕਹੀ ਖੋਂਹਦੇ ਸੀ ਤੇ ਮੈਂ ਕਿਹਾ, ਮੈਂ ਜਿਥੇ ਜਾਣਾ ਸੀ, ਚਲਿਆ ਗਿਆ। ਮਹਾਰਾਜ ਨੇ ਦੇਖਿਆ ਕਿ ਅਧਿਕਾਰੀ ਹੈ। ਮਹਾਰਾਜ ਨੇ ਰਹਿਤਾਂ ਦਸ ਕੇ 'ਨਾਮ' ਦੀ ਜੁਗਤ ਦਸੀ ਕਿ ਇਸ ਤਰ੍ਹਾਂ ਦੇ ਨਾਲ 'ਨਾਮ' ਜਪਣਾ ਹੈ -

*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
*ਅੰਗ - ੯੩੮*

ਸਬਦਿ ਸੁਰਤਿ ਦਾ ਮਾਰਗ ਗੁਰਸਿੱਖੀ ਦਾ ਮਾਰਗ

ਹੈ। ਪਹਿਲਾਂ ਜੋ ਮਾਰਗ ਸੀ ਇਹ ਬਾਤ ਗੋਰਖਨਾਥ ਨਾਲ ਹੋਈ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ, ਸੁਮੇਰ ਪਰਬਤ 'ਤੇ। ਉਹਨੇ ਇਹ ਗੱਲ ਕਹੀ ਕਿ ਹੇ ਨਾਨਕ! ਤੂੰ ਸਾਡਾ ਮੱਤ ਧਾਰਨ ਕਰ ਲੈ, ਰਿੱਧੀਆਂ-ਸਿੱਧੀਆਂ ਬੇਅੰਤ ਆ ਜਾਂਦੀਆਂ ਨੇ ਤੇ ਤੂੰ ਹੱਠ ਯੋਗ ਧਾਰਨ ਕਰ ਲੈ। ਨਿਉਲੀ, ਧੋਤੀ, ਬਸਤੀ, ਕਪਾਲੀ ਆਦਿ ਜਿਹੜੀਆਂ ਛੇ ਕਿਰਿਆ ਨੇ ਇਹ ਤੂੰ ਧਾਰਨ ਕਰ ਲੈ। ਇਹਦੇ ਨਾਲ ਅਸੀਂ ਤੈਨੂੰ ਫੇਰ ਪ੍ਰਾਣ ਚੜ੍ਹਾਉਣ ਦੀ ਜਾਚ ਦਸਾਂਗੇ। ਪਹਿਲਾਂ ਕੁੰਡਲਨੀ ਨਾੜੀ ਦੇ ਉਤੇ ਭੁਚੰਗਾ ਨਾੜੀ ਚੜ੍ਹੀ ਹੋਈ ਹੈ। ਉਹਦਾ ਮੂੰਹ ਖੋਲਾਂਗੇ। ਫੇਰ ਉਥੋਂ ਸਵਾਸ ਮੇਰੂ ਦੰਡ ਤਾਈਂ ਦਾਖਲ ਕਰਕੇ ਮੂਲਧਾਰ ਚੱਕਰ 'ਚੋਂ ਹੁੰਦੇ ਹੋਏ, ਪੰਜ ਚੱਕਰਾਂ 'ਚੋਂ, ਅਨਾਹਤ ਚੱਕਰ 'ਚੋਂ, ਉਪਰੋਂ ਕੰਠ ਚੱਕਰ 'ਚੋਂ, ਆਗਿਆ ਚੱਕਰ ਤਕ ਲਿਜਾ ਕੇ ਤ੍ਰਿਕੁਟੀ ਛੇਦ ਕੇ ਦਸਵੇਂ ਦੁਆਰ ਦੇ ਵਿਚ ਸਥਿਤੀ ਕਰਾ ਦੇਵਾਂਗੇ। ਜਦੋਂ ਦਸਵੇਂ ਦੁਆਰ 'ਚ ਸਥਿਤੀ ਹੋਏਗੀ ਬੇਅੰਤ ਸ਼ਕਤੀਆਂ ਪਿੱਛੇ ਲਗ ਜਾਣਗੀਆਂ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ -

*ਨਾਟਕ ਚੇਟਕ ਕੀਕੀਏ ਕੁਕਾਜਾ।*
*ਪ੍ਰਭ ਲੋਗਨ ਕੋ ਆਵਤ ਲਾਜਾ।*

ਗੁਰੂ ਦਸਵੇਂ ਪਾਤਸ਼ਾਹ ਨੇ ਫੁਰਮਾਈ ਹੈ ਇਹ ਗੱਲ।

*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥*
*ਅੰਗ - ੫੯੩*

ਕਹਿੰਦੇ, ਨਾਮ ਦੀ ਬਾਤ ਹੋਰ ਹੈ। ਰਿੱਧੀ-ਸਿੱਧੀ ਕੁਛ ਨਹੀਂ। ਸੋ ਉਹਨਾਂ ਨੇ ਕਿਹਾ ਕਿ ਹੇ ਨਾਨਕ! ਫੇਰ ਤੂੰ ਕਿਵੇਂ ਸੰਸਾਰ ਨੂੰ ਤਾਰ ਦੇਵੇਂਗਾ? ਤੇਰੇ ਕੋਲ ਕੋਈ ਨਵਾਂ ਰਸਤਾ ਹੈ?

ਮਹਾਰਾਜ ਕਹਿੰਦੇ, ਅਸੀਂ ਹੱਠ-ਯੋਗ ਨਹੀਂ ਕਰਨਾ। ਗ੍ਰਿਹਸਤ ਵਿਚ ਰਹਿ ਕੇ ਗ੍ਰਿਹਸਤੀ, ਬਿਹੰਗਮਪੁਣੇ 'ਚ ਰਹਿ ਕੇ ਬਿਹੰਗਮ। ਕੋਈ ਵੀ ਹੈ ਚਾਹੇ ਗ੍ਰਿਹਸਤੀ ਹੈ, ਚਾਹੇ ਬਿਹੰਗਮ ਹੈ, ਕੋਈ ਵੀ ਜਾਤੀ ਹੈ, ਚਾਹੇ ਬ੍ਰਾਹਮਣ ਹੈ, ਖੱਤਰੀ ਹੈ, ਚਾਹੇ ਵੈਸ਼ ਹੈ, ਚਾਹੇ ਸ਼ੂਦਰ ਹੈ। ਹਰ ਬੰਦੇ ਦਾ ਅਧਿਕਾਰ ਹੋਏਗਾ 'ਨਾਮ' ਜਪਣ ਦਾ। ਕਾਰੋਬਾਰ ਕਰਦੇ ਹੋਏ ਨੂੰ ਵੀ ਵਿਚੇ ਹੀ ਉਸ ਨੂੰ 'ਨਾਮ' ਜੁਗਤ ਜਿਹੜੀ ਹੈ, ਉਹ ਉਸ ਨੂੰ ਤਾਰਨ ਨੂੰ ਸਮਰੱਥ ਹੋਏਗੀ। ਸਾਡਾ ਮਾਰਗ ਸਬਦਿ ਤੇ ਸੁਰਤਿ ਦਾ ਹੈ। ਸਰੀਰ ਤਾਂ ਇਕ ਮਸ਼ੀਨ ਹੈ, ਇਹਦੇ ਵਿਚ ਜੇ ਸੁਰਤ ਨਾ ਹੋਵੇ ਤਾਂ ਸਰੀਰ ਕੁਛ ਵੀ ਨਹੀਂ। ਇਹ ਦੋ ਚੀਜ਼ਾਂ ਦੇ ਆਸਰੇ ਚਲਦਾ ਹੈ। ਇਕ ਤਾਂ awareness ਹੈ ਜਿਹਨੂੰ ਸੁਰਤ ਕਹਿੰਦੇ ਨੇ। ਜਾਗਰਤ। ਦੂਸਰਾ ਇਹਦੇ ਵਿਚ ਚੇਤਨਤਾ ਹੈ, ਧੁਨ ਹੈ ਨਾਮ ਦੀ। ਉਹ ਧੁਨ, ਜਿਸ ਨੂੰ ਓਅੰਕਾਰ ਦੀ ਧੁਨ ਕਹਿੰਦੇ ਨੇ -

*ਨਿਰੰਕਾਰੁ ਆਕਾਰੁ ਹੋਇ ਏਕੰਕਾਰ ਅਪਾਰੁ ਸਦਾਇਆ।*
*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ*

ਉਹ ਧੁਨ ਹਰੇਕ ਦੇ ਅੰਦਰ ਹੈ। ਇਹਦੇ ਅੰਦਰ ਵੀ ਹੈ, ਧਰਤੀ ਦੇ ਅੰਦਰ ਵੀ ਹੈ, ਤਾਰਿਆਂ ਦੇ ਅੰਦਰ, ਸੂਰਜ ਦੇ ਅੰਦਰ, ਚੰਦਰਮਾ ਦੇ ਅੰਦਰ ਵੀ ਹੈ। ਕਹਿੰਦੇ ਨੇ ਉਸ ਧੁਨ ਨੂੰ ਕਿ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ - ੨੮੪*

ਅਸੀਂ ਇਹ ਜਿਹੜੀ ਚੇਤਨਤਾ ਹੈ, ਆਦਮੀ ਦੇ ਅੰਦਰ ਸੁਰਤ ਹੈ ਇਹ ਧੁਨ ਦੇ ਨਾਲ ਜੋੜ ਦੇਣੀ ਹੈ। ਸੋ ਫੇਰ ਉਸ ਧੁਨ ਨੇ ਇਹਨੂੰ ਨਿਰੰਕਾਰ ਅਵਸਥਾ 'ਚ, ਅਫੁਰ ਅਵਸਥਾ 'ਚ ਆਪਣੇ ਆਪ ਹੀ ਲੈ ਜਾਣੈ। ਕਿਉਂਕਿ ਸ਼ਬਦ ਉਥੋਂ ਆ ਰਿਹੈ। ਜਿਥੋਂ ਆ ਰਿਹੈ, ਉਥੇ ਹੀ ਲੈ ਜਾਇਆ ਕਰਦੈ। ਸੋ ਸਾਡਾ ਰਸਤਾ ਇਹ ਹੈ। ਘਰ-ਬਾਰ ਛੱਡਣ ਦਾ ਨਹੀਂ ਹੈ-

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ॥ ਅੰਗ - ੯੩੮*

ਸੋ ਸਬਦਿ ਤੇ ਸੁਰਤਿ ਦਾ ਮਾਰਗ ਦਸ ਕੇ ਕਿਹਾ ਕਿ ਜਿਹੜਾ ਚੇਲਾ ਹੈ ਇਹ ਤਾਂ ਹੈਗੀ-ਸੁਰਤਿ। ਜਿਹੜਾ ਗੁਰੂ ਹੈ ਇਹ ਹੈ-ਸਬਦਿ -

*ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥*
*ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥*
*ਅਕਥ ਕਥਾ ਲੇ ਰਹਉ ਨਿਰਾਲਾ ॥*
*ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥ ਅੰਗ - ੯੪੩*

ਮਹਾਰਾਜ ਫੁਰਮਾਉਣ ਲੱਗੇ ਕਿ -

*ਨਾਮ ਤਤੁ ਸਭ ਹੀ ਸਿਰਿ ਜਾਪੈ ॥*
*ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ॥ ਅੰਗ - ੯੪੩*

ਨਾਮ ਦਾ ਤੱਤ ਹਰੇਕ ਦੇ ਵਿਚ ਸਮਾਇਆ ਹੋਇਆ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - ੨੯੩*

ਸੋ ਜਦੋਂ ਨਾਮ ਤੱਤ ਦੇ ਨਾਲ ਸੁਰਤਿ ਮਿਲ ਗਈ ਤਾਂ -

*ਤਤੋ ਤਤੁ ਮਿਲੈ ਮਨੁ ਮਾਨੈ ॥ ਅੰਗ - ੯੪੩*

ਉਸ ਵੇਲੇ ਜਿਹੜਾ ਜੀਵ ਤੱਤ ਹੈ, ਉਹ ਪਰਮ ਤੱਤ ਵਾਹਿਗੁਰੂ ਦੇ ਨਾਲ ਮਿਲ ਜਾਇਆ ਕਰਦੈ -

*ਦੂਜਾ ਜਾਇ ਇਕਤੁ ਘਰਿ ਆਨੈ ॥ ਅੰਗ - ੯੪੩*

ਉਸ ਵੇਲੇ ਦਵੈਤ ਜਿਹੜੀ ਹੈ, ਵਾਹਿਗੁਰੂ ਤੋਂ ਬਗੈਰ ਹੋਰ ਦੇਖਣਾ, ਉਹ ਖਤਮ ਹੋ ਜਾਂਦੀ ਹੈ। ਉਹ ਅਦਵੈਤ ਦੇ ਵਿਚ ਆ ਜਾਇਆ ਕਰਦੈ। ਵਾਹਿਗੁਰੂ ਹੀ ਦਿਸਦਾ ਹੈ ਉਸ ਨੂੰ -

*ਬੋਲੈ ਪਵਨਾ ਗਗਨੁ ਗਰਜੈ ॥*
*ਨਾਨਕ ਨਿਹਚਲੁ ਮਿਲਣੁ ਸਹਜੈ ॥ ਅੰਗ - ੯੪੩*

ਪ੍ਰਾਣ ਬੋਲਦੇ ਨੇ ਤੇ ਦਸਵੇਂ ਦੁਆਰ ਦੇ ਅੰਦਰ ਅਨਹਦ ਦੀ ਗੂੰਜ ਪੈਂਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ -

*ਸਬਦੁ ਗੁਰੂ ਗੁਰ ਜਾਣੀਐ ਗੁਰਮੁਖਿ ਹੋਇ*
*ਸੁਰਤਿ ਧੁਨ ਚੇਲਾ। ਭਾਈ ਗੁਰਦਾਸ ਜੀ*

ਜਿਹੜਾ ਸ਼ਬਦ ਹੈ ਗੁਰੂ ਦਾ, ਇਹਨੂੰ ਜਦੋਂ ਚੇਲਾ ਫੜਦੈ, ਉਸ ਵੇਲੇ -

*ਸਾਧ ਸੰਗਤਿ ਸਚਖੰਡ ਵਿਚਿ*
*ਪ੍ਰੇਮ ਭਗਤਿ ਪਰਚੈ ਹੋਇ ਮੇਲਾ। ਭਾਈ ਗੁਰਦਾਸ ਜੀ*

ਸਾਧਸੰਗਤ ਵਿਚ ਸਚਖੰਡ ਦੇ ਰੂਪ ਵਿਚ ਸ਼ਬਦ ਦੇ ਨਾਲ ਇਹਦਾ ਮਨ ਪਰਚਦੈ, ਫੇਰ ਇਹਦਾ ਸ਼ਬਦ ਨਾਲ ਮੇਲਾ ਹੁੰਦੈ -

*ਗਿਆਨੁ ਧਿਆਨੁ ਸਿਮਰਣੁ ਜੁਗਤਿ*
*ਕੂੰਜ ਕੁਰਮ ਹੰਸ ਵੰਸੁ ਨਵੇਲਾ। ਭਾਈ ਗੁਰਦਾਸ ਜੀ*

ਤਿੰਨ ਜੁਗਤਾਂ ਦਸੀਆਂ ਨੇ ਇਥੇ। ਇਕ ਗਿਆਨ ਦੀ, ਇਕ ਧਿਆਨ ਦੀ, ਇਕ ਸਿਮਰਨ ਦੀ। ਸਿਮਰਨ ਕਹਿੰਦੇ ਨੇ ਯਾਦ ਨੂੰ। ਯਾਦ ਕਹਿੰਦੇ, ਕੂੰਜ ਵਰਗੀ ਹੋਣੀ ਚਾਹੀਦੀ ਹੈ -

*ਊਡੇ ਊਡਿ ਆਵੈ ਸੈ ਕੋਸਾ*
*ਤਿਸੁ ਪਾਛੈ ਬਚਰੇ ਛਰਿਆ ॥*
*ਤਿਨ ਕਵਣੁ ਖਲਾਵੈ ਕਵਣੁ ਚੁਗਾਵੈ*
*ਮਨ ਮਹਿ ਸਿਮਰਨੁ ਕਰਿਆ ॥ ਅੰਗ - ੧੦*

ਇਹ ਯਾਦ ਰਖਦੀ ਹੈ ਬੱਚਿਆਂ ਨੂੰ। ਇਹਨੂੰ ਵਾਤਸਲ ਪਿਆਰ ਕਹਿੰਦੇ ਨੇ। ਉਹ ਨਕਸ਼ਾ ਅੱਖਾਂ ਦੇ ਮੂਹਰੇ ਰਖਦੀ ਹੈ ਹਰ ਵਕਤ ਕਿ ਹੁਣ ਮੈਂ ਬੱਚਿਆਂ ਨੂੰ ਚੋਗ ਦੇਣੈ, ਚੋਗ ਇਥੋਂ ਦਿੰਦੀ ਹੈ, ਬੱਚਿਆਂ ਦੇ ਮੂੰਹ ਵਿਚ ਪੈਂਦੈ। ਆਪਣੇ ਆਪ ਹੀ ਬੱਚਿਆਂ ਨੂੰ ਟਰੇਨਿੰਗ ਹੁੰਦੀ ਹੈ। ਜਦੋਂ ਇਥੋਂ ਫੇਰ ਵਾਪਸ ਜਾਂਦੀ ਹੈ ਸਰਦੀਆਂ ਕੱਟ ਕੇ। ਕਿਉਂਕਿ ਯਾਦ ਨਾਲ ਜੁੜਿਆ ਹੁੰਦੈ ਬੱਚਾ, ਉਥੇ ਆਪਣੇ ਆਪ ਹੀ ਬੱਚਾ ਆਪਣੀ ਮਾਂ ਨੂੰ ਪਛਾਣ ਲੈਂਦੈ ਤੇ ਉਹਦੇ ਕੋਲ ਆ ਜਾਂਦੈ। ਕਹਿੰਦੇ, ਸਿਮਰਨ ਤਾਂ ਹੋਣਾ ਚਾਹੀਦੈ ਇਸ ਤਰ੍ਹਾਂ ਦੇ ਨਾਲ।

ਦੂਸਰੀ ਅਵਸਥਾ ਹੋਇਆ ਕਰਦੀ ਹੈ, ਧਿਆਨ ਦੀ। ਧਿਆਨ ਹੋਣਾ ਚਾਹੀਦੈ ਕੱਛੂ ਵਰਗਾ। ਕੱਛੂ ਆਂਡੇ ਬਾਹਰ ਦਿੰਦੈ, ਰਹਿੰਦਾ ਪਾਣੀ ਵਿਚ ਹੈ। ਉਥੇ ਧਿਆਨ ਦੇ ਨਾਲ ਪਕਾਉਂਦੈ ਉਹਨਾਂ ਨੂੰ। ਹੀਟ ਨਹੀਂ ਦਿੰਦਾ, ਧਿਆਨ ਦੇ ਨਾਲ ਹੀ ਹੀਟ ਦਿੰਦੈ।

ਧਿਆਨ ਇਕ ਸ਼ਕਤੀ ਹੈ ਸਾਧਸੰਗਤ ਜੀ। ਪ੍ਰਤੱਖ ਸ਼ਕਤੀ ਹੈ ਧਿਆਨ। ਐਵੇਂ ਨਹੀਂ ਹੈਗੀ। ਬਹੁਤ ਸਾਰੀਆਂ ਚੀਜ਼ਾਂ ਹੁਣ ਐਸੀਆਂ ਨੇ ਜਿਹਦੇ ਨਾਲ ਸਾਨੂੰ ਗੱਲ ਸਮਝ ਆਉਣੀ ਸੁਖਾਲੀ ਹੋ ਗਈ। ਸਾਇੰਸ ਨੇ ਅਧਿਆਤਮਵਾਦ ਨੂੰ ਬਹੁਤ ਸਰਲ ਕਰ ਦਿਤਾ। ਆਹ ਮੇਰੇ, ਆਹ ਇਕ ਕਾਲਾ ਜਿਹੜਾ ਮਾਈਕ, ਲੱਗਿਆ ਹੋਇਐ ਇਹਦੇ ਨਾਲ ਤੁਸੀਂ ਕੁਛ ਨਾ ਜੋੜੋ, ਸਾਮ੍ਹਣੇ ਪਿਆ ਮਾਈਕ, ਇਹ ਵੀ ਨਾ ਰੱਖੋ, ਕੁਛ ਨਾ ਰੱਖੋ, ਇਹਦੀ ਅਵਾਜ਼ ਸਾਰੇ ਸੁਣੀ ਜਾਏਗੀ ਤੁਹਾਨੂੰ। ਕੋਈ ਤਾਰ ਨਹੀਂ, ਕੁਛ ਨਹੀਂ ਹੈ ਇਹਦੇ ਵਿਚ। ਕਈ ਮੀਲ ਤਕ ਆਵਾਜ਼ ਇਹਦੀ ਜਾ ਸਕਦੀ ਹੈ। ਢੰਗ ਹੈ ਇਹਦਾ। ਜਦੋਂ ਇਹ ਚੀਜ਼ ਜਾਂਦੀ ਹੈ ਤਾਂ ਰਸਤੇ ਵਿਚ ਕੋਈ ਚੀਜ਼ ਤਾਂ ਹੈ ਨਹੀਂ ਕਿ ਤੁਰੀ ਜਾਂਦੀ ਨਜ਼ਰ ਆਉਂਦੀ ਹੈ। ਧਿਆਨ ਤਾਂ ਇਸ ਤੋਂ ਵੀ ਪ੍ਰਪੱਕ ਸ਼ਕਤੀ ਹੈ। ਧਿਆਨ ਆਦਮੀ ਨੂੰ ਖਿੱਚ ਲੈਂਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦੇ ਚਰਨਾਂ ਦਾ ਧਿਆਨ ਦੇਵੀ ਦਾਸ ਨੇ ਧਰਿਆ। ਉਹਦੀਆਂ ਅੱਖਾਂ ਦੇ ਵਿਚ ਸਲਾਈਆਂ ਫਿਰ ਰਹੀਆਂ ਸੀ। ਮਹਾਰਾਜ ਜੀ ਦੇ ਚਰਨਾਂ ਵਿਚ ਖੂਨ ਨਿਕਲਣਾ ਸ਼ੁਰੂ ਹੋ ਗਿਆ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਲਹਿਰੇ ਗਾਗੇ ਦੀਵਾਨ ਵਿਚ ਬੈਠੇ ਨੇ। ਏਧਰ ਭਾਈ ਬਿਧੀ ਚੰਦ ਪੱਟੀ ਵਿਚੋਂ ਦੁਸ਼ਾਲੇ ਲੈ ਕੇ ਜਦੋਂ ਪੁਲਿਸ ਮਗਰ ਪੈ ਗਈ, ਭੱਠ ਵਿਚ ਛਾਲ ਮਾਰੀ। ਏਧਰਲੇ ਪਾਸੇ ਗੁਰੂ

ਮਹਾਰਾਜ ਉਸੇ ਵੇਲੇ ਕਹਿਣ ਲੱਗ ਗਏ ਕਿ ਮਸ਼ਕਾਂ ਲਿਆਓ ਪਾਣੀ ਦੀਆਂ, ਸਾਡੇ ਉਪਰ ਛੇਤੀ ਪਾਓ। ਕਿਉਂਕਿ ਗਰਮ ਭੱਠ ਸੀ, ਧਿਆਨ ਉਹਨੇ ਗੁਰੂ ਛੇਵੇਂ ਪਾਤਸ਼ਾਹ ਦਾ ਧਰ ਲਿਆ।

ਭਾਈ ਗੋਂਦਾ ਕਾਬਲ ਵਿਚ ਬੈਠਾ ਹੈ, ਗੁਰੂ ਸੱਤਵੇਂ ਪਾਤਸ਼ਾਹ ਕੀਰਤਪੁਰ ਸਾਹਿਬ ਬੈਠੇ ਨੇ। ਭਾਈ ਗੋਂਦੇ ਨੇ ਗੁਰੂ ਦੇ ਚਰਨਾਂ ਦਾ ਧਿਆਨ ਧਰ ਲਿਆ। ਗੁਰੂ ਮਹਾਰਾਜ ਚਾਰ ਵਜੇ ਸ਼ਾਮ ਤੱਕ ਉਠ ਨਾ ਸਕੇ। ਇਹ ਗੱਲ ਸਮਝ ਵਿਚ ਆ ਜਾਣੀ ਚਾਹੀਦੀ ਹੈ ਸਾਡੇ।

ਆਹ ਥੋੜ੍ਹੇ ਸਾਲ ਹੋਏ ਜਦੋਂ ਰਾਕਟ ਮੰਗਲ ਤਾਰੇ 'ਤੇ ਭੇਜਿਆ ਸੀ। ਇਥੋਂ ਚੌਦਾਂ ਕਰੋੜ ਕਿਲੋਮੀਟਰ ਦੂਰ ਮੰਗਲ ਤਾਰਾ ਹੈ। ਉਥੇ ਜਾ ਕੇ ਰਾਕਟ ਦੇ ਵਿਚੋਂ ਜਿਹੜੀ ਮਸ਼ੀਨ ਸੀ ਉਹਦੀ ਇਕ ਬਾਂਹ ਕੰਮ ਨਹੀਂ ਸੀ ਕਰਦੀ। ਇਕ ਪੇਚ ਨਿਕਲ ਗਿਆ ਉਥੋਂ। ਇਥੋਂ ਰੀਮੋਟ ਕੰਟਰੋਲ ਦੇ ਨਾਲ, ਉਹਦੀ ਬਾਂਹ ਨੂੰ ਸੈੱਟ ਕਰਕੇ, ਉਥੋਂ ਮਿੱਟੀ ਦਾ ਨਮੂਨਾ ਲੈ ਕੇ ਆਏ। ਵਿਚਾਲੇ 14 ਕਰੋੜ ਮੀਲ ਦੇ ਵਿਚ ਤਾਂ ਕੁਛ ਵੀ ਨਹੀਂ ਹੈ ਇਕ ਬੈਟਰੀ ਲੱਗੀ ਹੋਈ ਹੈ। ਰੀਮੋਟ ਕੰਟਰੋਲ 'ਚ ਕੀ ਹੁੰਦੈ, ਰੋਜ਼ ਤੁਸੀਂ ਵਰਤਦੇ ਹੋਂ। ਟੈਲੀਵੀਜ਼ਨ ਦੇ ਸਾਮ੍ਹਣੇ ਬੈਠ ਕੇ ਨੰਬਰ ਦਬਦੇ ਹੋਂ। ਅਮਰੀਕਾ 'ਚ ਬਹੁਤ ਚੈਨਲ ਨੇ ਨੰਬਰ ਦੱਬੀ ਜਾਓ ਓਹੀ ਆਈ ਜਾਂਦਾ ਹੈ। ਉਹ ਕਿਹੜੀ ਚੀਜ਼ ਹੈ ਜਿਹੜੀ ਦਬਦੀ ਹੈ, ਵਿਚਾਲੇ-ਵਿਚਾਲੇ ਤਾਂ ਕੁਛ ਵੀ ਨਹੀਂ ਹੈ ਉਹਦੇ। ਸੋ ਜਦੋਂ ਇਹ materialistic (ਪਦਾਰਥਵਾਦੀ) ਚੀਜ਼ਾਂ ਕੰਮ ਕਰਦੀਆਂ ਨੇ ਫੇਰ ਤਾਂ ਧਿਆਨ ਤਾਂ super ਚੀਜ਼ ਹੈ, ਸਾਧਸੰਗਤ ਜੀ। ਸੋ ਇਹ ਕੱਛੂ, ਧਿਆਨ ਦੇ ਨਾਲ ਬੱਚੇ ਪਾਲ ਲੈਂਦੈ ਨੇ। ਇਸ ਤੋਂ ਉਤੇ ਹੁੰਦੈ ਗਿਆਨ। ਗਿਆਨ, ਹੰਸ ਵਰਗਾ ਹੋਣਾ ਚਾਹੀਦੈ। ਹੰਸ ਦੇ ਵਿਚ ਇਹ ਸਿਫਤ ਹੈ ਕਿ ਸਾਰ ਚੀਜ਼ ਲੈਂਦੈ, ਜਿਹੜੀ ਨਾ ਸਹੀ ਹੋਵੇ, ਉਹ ਨਹੀਂ ਲੈਣੀ। ਦੁੱਧ ਰੱਖ ਦਿਓ ਉਹਦੇ ਸਾਮ੍ਹਣੇ। ਚੁੰਝ ਮਾਰ ਕੇ ਪਿੱਛੇ ਹਟ ਕੇ ਬੈਠ ਜਾਏਗਾ ਤੇ ਜਦੋਂ ਫੁੱਟੀਆਂ ਬਣ ਜਾਂਦੀਆਂ ਨੇ, ਨੇੜੇ ਆ ਕੇ ਫੁੱਟੀਆਂ ਖਾ ਲੈਂਦੈ। ਪਾਣੀ ਨੂੰ ਉਸੇ ਤਰ੍ਹਾਂ ਦੇ ਨਾਲ ਛੱਡ ਜਾਇਆ ਕਰਦੈ। ਸੋ ਭਾਈ ਗੁਰਦਾਸ ਜੀ ਦਸਦੇ ਨੇ ਕਿ ਬੰਦਗੀ ਕਰਨ ਦੀ ਜਿਹੜੀ ਜੁਗਤੀ ਹੈ ਉਹ ਇਹ ਹੈ ਭਾਈ! ਸਿਮਰਨ ਕਰਨੈ, ਕੂੰਜ ਵਰਗਾ ਕਰੋ, ਧਿਆਨ ਕਰਨੈ, ਕੱਛੂ ਵਰਗਾ ਕਰੋ, ਗਿਆਨ ਦੇ ਵਿਚ ਆਉਣੈ ਤਾਂ ਹੰਸ ਵਾਂਗੂੰ ਰਹੋ -

*ਗਿਆਨੁ ਧਿਆਨੁ ਸਿਮਰਣੁ ਜੁਗਤਿ*
*ਕੁੰਜ ਕੁਰਮ ਹੰਸ ਵੰਸੁ ਨਵੇਲਾ।*
*ਬਿਰਖਹੁ ਫਲ ਫਲ ਤੇ ਬਿਰਖੁ ਗੁਰ ਸਿਖ*
*ਸਿਖ ਗੁਰ ਮੰਤ੍ਰ ਸੁਹੇਲਾ।* *ਭਾਈ ਗੁਰਦਾਸ ਜੀ*

ਕਹਿੰਦੇ, ਸਿੱਖ, ਗੁਰੂ ਬਣ ਜਾਂਦੈ। ਉਸ ਤੋਂ ਫੇਰ ਸਿੱਖ ਬਣਦੈ। ਫੇਰ ਉਹ ਗੁਰੂ ਬਣ ਜਾਂਦੈ। ਕਹਿੰਦੇ ਇਹ ਮੰਤ੍ਰ ਉਸੇ ਨੂੰ ਗੁਰੂ ਬਣਾ ਲਿਆ ਕਰਦੈ -

*ਵੀਹਾਂ ਅੰਦਰਿ ਵਰਤਮਾਨ ਹੋਇ ਇਕੀਹ ਅਗੋਚਰੁ ਖੇਲਾ।*

ਵੀਹਾਂ ਦੇ ਵਿਚ ਸੰਸਾਰ ਵਿਚ ਰਹਿੰਦਾ ਹੋਇਆ, ਸੰਸਾਰ ਤੋਂ ਉਪਰ ਜਿਹੜੀ 21ਵੀਂ ਅਵਸਥਾ ਹੈ, ਨਿਰੰਕਾਰ ਦੀ, ਉਹਦੇ ਵਿਚ ਖੇਲ੍ਹਦੈ।

*ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖ ਆਦੇਸੁ ਵਹੇਲਾ।*
*ਸਿਫਤਿ ਸਲਾਹਣੁ ਅੰਮ੍ਰਿਤ ਵੇਲਾ।* *ਭਾਈ ਗੁਰਦਾਸ ਜੀ*

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਘਰ ਦੀ ਜਿਹੜੀ ਜੁਗਤ ਹੈ, ਗੁਰੂ ਮਹਾਰਾਜ ਨੇ ਸਮਝਾ ਦਿਤੀ ਕਿ ਭਾਈ ਮੰਝ! ਇਸ ਤਰ੍ਹਾਂ ਦੇ ਨਾਲ ਤੂੰ ਨਾਮ ਜਪੀਂ।

ਸੋ ਜੁਗਤ ਤੋਂ ਬਗੈਰ ਬਾਤ ਨਹੀਂ ਬਨਿਆ ਕਰਦੀ। ਬਾਕੀ ਇਲਮ ਜਿਹੜੇ ਨੇ, ਕੋਈ ਲੈ ਲਓ ਤੁਸੀਂ, ਟੈਲੀਵੀਜ਼ਨ ਲੈ ਲਓ, ਕੈਮਰਾ ਲੈ ਲਓ, ਇਹਦੀ ਕਿਤਾਬ ਨਾਲ ਬਣੀ ਹੁੰਦੀ ਹੈ। ਉਹ ਕਿਤਾਬ ਦੇ ਨਾਲ ਦੇਖਣਾ ਪੈਂਦੈ ਕਿ ਜੁਗਤ ਕੀ ਹੈ? ਕਿਹੜਾ ਬਟਨ ਦੱਬਣ ਨਾਲ ਕਿਹੜੀ ਚੀਜ਼ ਆਏਗੀ। ਜਿਹੜਾ ਅਧਿਆਤਮਕ ਮਾਰਗ ਹੈ ਇਹਦੀ ਕੋਈ ਕਿਤਾਬ ਨਹੀਂ ਬਣੀ ਹੋਈ। ਇਹ ਤਾਂ ਸੰਤਾਂ ਤੋਂ ਪੁੱਛ-ਪੁੱਛ ਕੇ ਚਲਣਾ ਪੈਂਦੈ ਕਿਉਂਕਿ ਪ੍ਰਕ੍ਰਿਤੀ ਦੇ ਹਿਸਾਬ ਨਾਲ ਬਾਤ ਹੁੰਦੀ ਹੈ। ਗਿਆਨ ਸਭ ਦਾ ਆਪਣਾ-ਆਪਣਾ ਹੈ। ਇਕੱਠਾ ਅਨੁਭਵ ਨਹੀਂ ਹੁੰਦਾ ਸਿਰਫ ਇਕ ਅਨੁਭਵ ਇਕੱਠਾ ਹੋਇਆ ਕਰਦੈ। ਜਿਥੇ ਜਾ ਕੇ ਗਿਆਨ ਹੋਇਆ ਕਰਦੈ। ਉਹ ਸਾਰੀ ਦੁਨੀਆਂ ਦਾ ਇਕੋ ਹੀ ਹੈ। ਸਾਰਿਆਂ ਦਾ ਗਿਆਨ ਇਕੋ ਹੀ ਹੈ -

*ਬੀਜ ਮੰਤ੍ਰੁ ਸਰਬ ਕੋ ਗਿਆਨੁ ॥* *ਅੰਗ - ੨੭੪*

ਜਿਹੜਾ ਬੀਜ ਮੰਤ੍ਰ ਹੈ ਜਿਹਨੂੰ ਏਕੰਕਾਰ ਦੀ ਅਵਸਥਾ ਕਹਿੰਦੇ ਨੇ, ਉਹ ਸਾਰਿਆਂ ਦਾ ਗਿਆਨ, ਇਕੋ ਹੀ ਹੈ। ਸੋ ਇਸ ਤਰ੍ਹਾਂ ਦੇ ਨਾਲ ਜੁਗਤੀ ਦਸ ਦਿਤੀ।

*ਧਾਰਨਾ - ਦੱਸੀ ਸੰਗਤੇ ਜੁਗਤੀ ਪੂਰਿਆਂ ਗੁਰਾਂ ਨੇ।*

ਦੋ ਚੀਜ਼ਾਂ ਕਹਿੰਦੇ ਨੇ ਮਹਾਰਾਜ ਇਕ ਤਾਂ ਸਤਿਗਰੂ ਵੀ ਪੂਰਾ ਹੋਣਾ ਚਾਹੀਦੈ, ਅਧੂਰਾ, ਕੱਚਾ,

ਪਖੰਡੀ, ਵਿਦਵਾਨ ਨਹੀਂ ਹੋਣਾ ਚਾਹੀਦਾ। ਪੰਜ ਕਿਸਮ ਦੇ ਹੁੰਦੇ ਨੇ ਗੁਰੂ। ਇਕ ਤਾਂ ਹੁੰਦੈ ਕੱਚਾ ਗੁਰੂ -

*ਕਾਚੇ ਗੁਰ ਤੇ ਮੁਕਤਿ ਨ ਹੂਆ॥ ਅੰਗ - ੯੩੨*

ਇਕ ਹੁੰਦੈ ਅੰਨਾ ਗੁਰੂ -

*ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥ਭਾਈ ਗੁਰਦਾਸ ਜੀ*

ਉਹ ਕਰਮ ਕਾਂਡ ਵਿਚ ਪਾ ਦਿੰਦੈ, ਸਭ ਡੁੱਬ ਜਾਂਦੇ ਨੇ। ਤੀਸਰਾ ਹੋਇਆ ਕਰਦੈ-ਵਿਦਵਾਨ ਗੁਰੂ। ਇਹਦੇ ਕੋਲ ਅਧਿਕਾਰ ਨਹੀਂ ਹੁੰਦਾ, ਵੈਸੇ ਜਾਣਦਾ ਹੁੰਦੈ। ਖਾਲੀ ਭੜਾਕਾ ਹੁੰਦੈ, ਵਿਚ ਗੋਲੀ ਨਹੀਂ ਹੋਇਆ ਕਰਦੀ। ਵਿੰਨ੍ਹ ਨਹੀਂ ਸਕਦਾ। ਤਾਕਤ ਨਹੀਂ ਹੁੰਦੀ। ਚੌਥਾ ਹੋਇਆ ਕਰਦੈ-ਅਵਧੂਤ ਗੁਰੂ। ਅਵਧੂਤ ਗੁਰੂ ਨਾਲ ਇਕ ਅੱਧਾ ਬੰਦਾ, ਰਲ ਕੇ ਲੰਘ ਜਾਂਦੈ, ਸੰਸਾਰ ਨਹੀਂ ਲੰਘ ਸਕਦਾ। ਪੰਜਵਾਂ ਹੋਇਆ ਕਰਦੈ -ਸਮਰੱਥ ਗੁਰੂ। ਸਮਰੱਥ ਗੁਰੂ ਜੋ ਹੋਇਆ ਕਰਦੈ-

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੋ ਲੁਣੈ ਫਲੁ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*

*ਭਾਈ ਗੁਰਦਾਸ ਜੀ*

ਸੋ ਇਹ ਸਮਰੱਥ ਗੁਰੂ ਹੋਇਆ ਕਰਦੈ। ਮਹਾਰਾਜ ਕਹਿੰਦੇ ਪੂਰਾ ਗੁਰੂ ਹੋਵੇ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*

*ਅੰਗ - ੫੨੨*

ਉਹਦੇ ਕੋਲ ਜੁਗਤੀ ਪੂਰੀ ਹੋਵੇ। ਪੂਰੀ ਜਦੋਂ ਹੋਵੇ ਫੇਰ ਮਹਾਰਾਜ ਕਹਿੰਦੇ -

*ਹਸੰਦਿਆ ਖੇਲੰਦਿਆ ਪੈਨੰਦਿਆ*
*ਖਾਵੰਦਿਆ ਵਿਚੇ ਹੋਵੈ ਮੁਕਤਿ ॥ ਅੰਗ - ੫੨੨*

ਘਰ ਛੱਡਣ ਦੀ ਲੋੜ ਨਹੀਂ। ਜੁਗਤੀ ਪੂਰੀ ਹੈ, ਸਤਿਗੁਰੂ ਵੀ ਸਮਰੱਥ ਹੈ ਫੇਰ ਉਧਾਰ ਹੋ ਜਾਇਆ ਕਰਦੈ। ਸੋ ਨਾਮ ਜਪਣ ਵਾਸਤੇ ਬਹੁਤ ਖੌਜਲਦੈ ਸੰਸਾਰ, ਨਾਮ ਚਲਦਾ ਨਹੀਂ ਹੈ। ਕਦੇ ਕਿਵੇਂ ਕਰਦੇ ਨੇ, ਕਦੇ ਕਿਵੇਂ ਕਰਦੇ ਨੇ। ਨਾਮ ਜਪਣ ਤੇ ਜਪਾਉਣ ਦੀ ਡਿਊਟੀ ਲਾਈ ਹੋਈ ਹੈ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*

*ਅੰਗ - ੧੩੭੩*

ਉਹਦੀ ਡਿਊਟੀ ਇਹ ਹੁੰਦੀ ਹੈ ਕਿ ਆਪ ਨਾਮ ਜਪਣਾ ਤੇ ਦੂਜਿਆਂ ਨੂੰ ਜਪਾਉਣਾ। ਕੋਈ ਤਨਖਾਹ ਮਿਲਦੀ ਹੈ ਉਹਨੂੰ? ਮਹਾਰਾਜ ਕਹਿੰਦੇ, ਤਨਖਾਹ ਕੀ, ਉਹਦੀ ਪਦਵੀ ਕਿੱਡੀ ਹੋ ਜਾਂਦੀ ਹੈ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੬*

ਕਿੱਡੀ ਵੱਡੀ ਪਦਵੀ ਦੇ ਦਿਤੀ। ਅਸੀਂ ਤਾਂ ਘਬਰਾ ਜਾਂਦੇ ਹਾਂ ਜੇ ਕਹਿ ਦਿਓ ਕਿ ਹੈਂ ਇਹ ਵੀ ਗੱਲ ਹੈ ਕੋਈ, ਨਾਮ ਜਪਾਉਣ ਵਾਲਾ ਕੋਈ ਹੋਰ ਆਉਂਦੈ। ਸਤਿਸੰਗਤ ਤੋਂ ਬਗੈਰ ਜਿਹਨੇ ਜਪਿਆ ਹੋਇਐ, ਉਹ ਜਾਣਦੈ। ਉਹ ਦਸ ਸਕਦੈ ਕਿ ਇਥੇ ਤੇਰੀ ਉਲਝਣ ਪਈ ਹੋਈ ਹੈ ਕਿਉਂਕਿ ਮਨ ਦੀ ਮਨੌਤ ਇਹਦੇ ਵਿਚ ਬਹੁਤ ਗੱਲਾਂ ਕਰਦੀ ਹੈ। ਅਨਹਦ ਵੀ ਮਨ ਦੀ ਮਨੌਤ ਨਾਲ ਆ ਜਾਂਦੈ। ਪ੍ਰਕਾਸ਼ ਵੀ ਮਨ ਦੀ ਮਨੌਤ ਨਾਲ ਆ ਜਾਂਦੈ ਲੇਕਿਨ ਰਹਿ ਜਾਂਦੈ ਲਾਂਭੇ। ਕਿਉਂਕਿ ਅਸਲੀ ਚੀਜ਼ ਨਹੀਂ ਆਈ। ਸਿਰਫ ਮਨ ਦੀ ਮਨੌਤ, ਇਹਦੇ ਅੰਦਰ ਪ੍ਰਗਟ ਹੋਈ ਹੈ। ਇਸ ਤਰ੍ਹਾਂ ਬੜਾ ਭਾਰਾ ਭੁਲੇਖਾ ਪੈਂਦੈ। ਸੋ ਮਹਾਰਾਜ ਕਹਿੰਦੇ, ਨਾਮ ਜਪਣ ਵਾਸਤੇ ਇਸ ਤਰ੍ਹਾਂ ਕਰੋ ਤੁਸੀਂ-

*ਧਾਰਨਾ - ਬਿਲੋਵਹੁ ਮੇਰੇ ਭਾਈ,*
*ਹਰਿ ਕਾ ਬਿਲੋਵਨਾ।*
*ਸਹਿਜ ਬਿਲੋਵਹੁ ਜੈਸੇ ਤਤ ਨਾ ਜਾਈ।*
*ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥*
*ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥*

*ਅੰਗ - ੪੭੮*

ਬਹੁਤ ਗਹਿਰੀ ਵਿਚਾਰ ਵਾਲੀ ਬਾਤ ਹੈ ਇਹ, ਗੁਰੂ ਮਹਾਰਾਜ ਦੇ ਅੰਦਰ। ਨਾਮ ਅਭਿਆਸੀਆਂ ਨੂੰ ਬਹੁਤ ਵਿਚਾਰ ਕਰਨ ਦੀ ਲੋੜ ਹੈ। ਜਿਵੇਂ ਦੁੱਧ ਰਿੜਕਿਆਂ ਜਾਂਦੈ, ਜੇ ਬਹੁਤ ਤੇਜ਼ੀ ਨਾਲ ਰਿੜਕ ਦਿਓ, ਉਹ ਮੱਖਣ ਵਿਚੇ ਹੀ ਰਲ ਜਾਇਆ ਕਰਦੈ। ਕਹਿੰਦੇ, ਹਿਸਾਬ ਨਾਲ ਰਿੜਕੋ ਇਸ ਨੂੰ। ਸੋ ਉਹਦਾ ਤਰੀਕਾ ਭਾਈ ਗੁਰਦਾਸ ਜੀ ਨੇ ਆਪਣੇ ਕਬਿੱਤ ਸਵੱਯੀਏ 'ਚ ਸਾਡੀ ਸਹੂਲੀਅਤ ਵਾਸਤੇ ਇਸ ਤਰ੍ਹਾਂ ਦੇ ਨਾਲ ਵਰਣਨ ਕਰਦੇ ਨੇ -

*ਉਲਟਿ ਪਵਨ ਮਨ ਮੀਨ ਕੀ ਚਪਲ ਗਤਿ*
*ਸਤਿਗੁਰ ਪਰਚੇ ਪਰਮਪਦ ਪਾਏ ਹੈ।*

*ਕਬਿੱਤ ਭਾਈ ਗੁਰਦਾਸ ਜੀ*

***(ਵੀਡੀਓ ਫਿਲਮ ਦੀਵਾਨ ਨੰ: 121)***

***'ਚਲਦਾ........।'***

# ਸਾਕਾ ਸਰਹੰਦ

**(ਜਗਤ ਮਾਤਾ, ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਸਬੰਧ ਵਿਚ)**

*ਸੰਤ ਬਾਬਾ ਲਖਬੀਰ ਸਿੰਘ ਜੀ*
*ਮੌਜੂਦਾ ਮੁਖੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-48)*

ਸੰਨ 1968 ਵੇਲੇ ਦਾ ਬਚਨ ਹੈ ਉਥੇ ਸਾਡੇ ਨੇੜੇ ਹੀ ਇਕ ਟੈਮਰਾ ਨਗਰ ਸੀ, ਦੋ ਕਿਲੋਮੀਟਰ 'ਤੇ, 120 ਘਰ ਸਨ। ਉਥੇ ਸਿੱਖਾਂ ਦੇ ਘਰ ਵੀ ਸੀ। ਉਹਨਾਂ ਜ਼ਮੀਨਾਂ ਕਿਸੇ ਸਮੇਂ ਦੀਆਂ ਕੱਚੀਆਂ ਲਈਆਂ ਸੀ। ਉਹਦਾ ਮਾਲਕ ਬੜਾ ਅਮੀਰ ਤੇ ਪਹੁੰਚ ਵਾਲਾ ਸੀ। ਕੇਸ ਕਰਕੇ ਉਹਨੇ ਕੀ ਕੀਤਾ, ਉਥੇ ਪੁਲਿਸ ਬਿਠਾ ਦਿਤੀ ਤੇ ਬਦਮਾਸ਼ ਲਿਆ ਕੇ ਬਿਠਾ ਦਿਤੇ। ਉਹ ਵਿਚਾਰੇ ਵੈਸੇ ਤਾਂ ਤਕੜੇ ਸਨ ਪਰ ਪੁਲਿਸ ਅੱਗੇ ਉਹ ਕੀ ਕਰ ਸਕਦੇ ਸੀ। ਉਹ ਆਪਣੇ ਪਸ਼ੂ ਬਾਹਰ ਰਿਸ਼ਤੇਦਾਰਾਂ ਕੋਲ ਛੱਡਣ ਲਗ ਪਏ। ਕਈ ਹੋਰ ਸਮਾਨ ਵੀ ਛੱਡਣ ਲਗ ਪਏ। ਦੋ ਸਿੰਘ ਗਏ, ਰੁਦਰਪੁਰ ਦੇ ਨੇੜੇ ਇਕ ਬਿੰਦੂਖੇੜਾ ਹੈ, ਚਾਰ-ਪੰਜ ਨਗਰ ਸਿੱਖਾਂ ਦੇ ਹਨ। ਪ੍ਰਸ਼ਾਦਾ ਛਕਣ ਲੱਗੇ ਤਾਂ ਉਹ ਕਹਿਣ ਲੱਗੇ, ਬਾਬਾ ਜੀ! ਕੀ ਕਰਦੇ ਓ? ਕਹਿੰਦੇ ਜੀ, ਪਰਉਪਕਾਰ ਦੇ ਕੰਮ ਹੋਰ ਕਰਨਾ ਕੀ ਹੈ। ਉਹ ਜਿਹੜਾ ਨਾਲ ਸਿੰਘ ਸੀ ਜਥੇਦਾਰ, ਉਹਦੇ ਵੀ ਦੁਮਾਲਾ ਸਜਾਇਆ ਹੋਇਆ ਸੀ। ਕਹਿੰਦੇ, ਜੀ ਜੇ ਪਰਉਪਕਾਰ ਕਰਨਾ ਹੈ ਤਾਂ ਆਹ ਗੱਲ ਹੈ, ਟੈਮਰਾ ਨਗਰ ਦੀ। ਕਹਿੰਦੇ, ਬਈ ਅਸੀਂ ਪ੍ਰਸ਼ਾਦਾ ਨਹੀਂ ਛੱਕਣਾ ਉਥੇ ਹੀ ਲੈ ਕੇ ਚੱਲੋ ਸਾਨੂੰ। ਉਥੇ ਆ ਗਏ।

ਹਾਲਤ ਪੁੱਛੀ, ਉਹ ਸਾਰੇ ਵਿਚਾਰੇ ਰੋ-ਰੋ ਕੇ ਹਾਲਤ ਦਸਦੇ ਨੇ। ਕਹਿੰਦੇ, ਭਾਈ ਤੁਸੀਂ ਸਾਰੇ ਅੰਮ੍ਰਿਤ ਛਕੋ। ਅੰਮ੍ਰਿਤ ਸੰਚਾਰ ਹੋਇਆ। ਫੇਰ ਜੁਗਤੀ ਦੇਖੋ, ਉਥੋਂ ਦੋ ਕਿਲੋਮੀਟਰ ਸੜਕ ਸੀ ਦੂਸਰੇ ਪਾਸੇ ਹਾਈ ਵੇ। ਰਾਤ ਨੂੰ 10 ਕੁ ਵਜੇ ਪੰਜ ਸਿੰਘ ਉਥੇ, ਪੰਜ-ਸੱਤ ਅੱਗੇ, ਪੰਜ-ਸੱਤ ਉਸ ਤੋਂ ਅੱਗੇ, ਇਸ ਤਰ੍ਹਾਂ ਕਰਦਿਆਂ ਨਗਰ ਤਕ ਸੱਤ-ਅੱਠ ਜਗ੍ਹਾਂ ਸਿੰਘ ਖੜ੍ਹਾ ਦਿਤੇ ਤੇ ਉਹਨਾਂ ਨੂੰ ਕਹਿਣਾ ਕਿ ਤੂੰ ਪਹਿਲਾ ਜੈਕਾਰਾ ਛੱਡਣੈ, ਫੇਰ ਅਗਲੇ ਨੇ, ਇਸ ਤਰ੍ਹਾਂ ਕਰਦੇ-ਕਰਦੇ ਪਿੰਡ ਤਕ, ਪਿੰਡ ਤੋਂ ਅੱਗੇ ਜਿਧਰ ਪੁਲਿਸ ਬੈਠੀ ਸੀ ਤੇ ਬਦਮਾਸ਼ ਬੈਠੇ ਸੀ, ਉਧਰ ਜੈਕਾਰੇ ਛੱਡਣੇ। ਜਦੋਂ ਜੈਕਾਰੇ ਛੱਡਣ ਤਾਂ ਉਹਨਾਂ ਦੀ ਜਾਨ ਹਿੱਲ ਗਈ ਕਿ ਕਿੱਥੋਂ ਫੌਜਾਂ ਆ ਜਾਂਦੀਆਂ ਨੇ ਰਾਤ ਨੂੰ। ਹਿਲਾ ਦਿਤਾ। ਫੇਰ ਇਕੱਠੇ ਹੋ ਗਏ ਤੇ ਓਹੀ ਨਗਰ ਵਾਲੇ ਸੀ ਜਿਨ੍ਹਾਂ ਨੇ ਚੋਲੇ ਪਾਏ ਸੀ ਤੇ ਅੰਮ੍ਰਿਤ ਛਕੇ ਸੀ, ਪਛਾਣੇ ਨਾ ਗਏ। ਇਕੱਠੇ ਹੋ ਗਏ ਜਦੋਂ ਮੈਂ ਅੱਖਾਂ ਨਾਲ ਦੇਖਿਆ ਕਿ ਬਦਮਾਸ਼ਾਂ ਨੂੰ ਕਿਵੇਂ ਬੰਨ੍ਹ-ਬੰਨ੍ਹ ਕੇ ਕੁੱਟਦੇ ਸੀ ਸਿੰਘ। ਪੁਲਿਸ ਵੀ ਭੱਜ ਗਈ, ਬਦਮਾਸ਼ ਵੀ ਸਾਰੇ ਭੱਜ ਗਏ। ਜੈਕਾਰਿਆਂ ਤੋਂ ਹੀ ਭੱਜ ਗਏ, ਡਰ ਗਏ ਕਿ ਪਤਾ ਨਹੀਂ ਕਹਾਂ ਸੇ ਇਤਨੀ ਫੌਜ ਆ ਜਾਤੀ ਹੈ। ਇਹ ਹੈ ਗੁਰੂ ਕਾ ਖਾਲਸਾ ਪਿਆਰਿਓ। ਚੜ੍ਹਦੀ ਕਲਾ ਵਾਲਾ। ਹੈਰਾਨ ਰਹਿ ਗਏ ਸਾਰੇ ਕਿ ਆਹ ਕੀ ਬਣਿਆ।

ਤੁਸੀਂ ਹੈਰਾਨ ਹੋ ਜਾਓਂਗੇ। ਦਿੱਲੀ ਚਲੇ ਗਏ। ਇੰਦਰਾ ਗਾਂਧੀ ਨੂੰ ਮਿਲੇ। ਮੈਂ ਨਾਲ ਸੀ। ਜਦੋਂ ਇੰਦਰਾ ਗਾਂਧੀ ਨੂੰ ਮਿਲੇ ਮੈਂ ਉਥੇ ਨਹੀਂ ਸੀ, ਮੈਂ ਪਿੱਛੇ ਰਹਿ ਗਿਆ, ਮੈਂ ਛੋਟਾ ਸੀ। ਪਿਤਾ ਜੀ ਨੇ ਮੈਨੂੰ ਗਤਕਾ ਸਿਖਾਉਣ ਵਾਸਤੇ ਭੇਜਿਆ ਸੀ ਕਿ ਸ਼ਸਤਰ ਵਿਦਿਆ ਸਿਖਣੀ ਚਾਹੀਦੀ ਹੈ। ਦਿੱਲੀ ਮੈਂ ਗਿਆ ਸੀ ਪਰ ਛੋਟਾ ਹੋਣ ਕਰਕੇ ਮੈਂ ਬਾਹਰ ਰਿਹਾ। ਸਿਰਫ ਤਿੰਨ ਜਣੇ ਅੰਦਰ ਗਏ ਸੀ, ਵੀਹ ਜਣੇ ਸੀ। ਉਥੇ ਜਾ ਕੇ ਵੀ ਇਸ ਤਰ੍ਹਾਂ ਬੋਲੇ ਜਿਹੜੇ ਨਾਲ ਗਏ ਸੀ ਕਿ ਆਹ ਹੋ ਰਿਹੈ ਤੇਰੇ ਰਾਜ ਵਿਚ, ਵਿਚਾਰੇ ਗਰੀਬਾਂ ਨਾਲ?

ਉਹ ਕਹਿੰਦੀ, ਮੈਂ ਅਬੀ ਲਿਖ ਦੇਤੀ ਹੂੰ।

ਜਦੋਂ ਬਾਹਰ ਨੂੰ ਆਏ ਤਾਂ ਉਹ ਉਸੇ ਤਰ੍ਹਾਂ ਚੜ੍ਹਦੀ ਕਲਾ ਵਿਚ। ਇਕ ਚੜ੍ਹਦੀ ਕਲਾ ਵਾਲੇ ਸਿੰਘ ਨੇ ਸਭ ਨੂੰ ਅੰਮ੍ਰਿਤ ਛਕਾ ਕੇ ਕਿੰਨਿਆਂ ਦਾ ਭਲਾ ਕਰ ਦਿਤਾ ਤੇ ਜੈਕਾਰਿਆਂ ਦੀਆਂ ਗੂੰਜਾਂ ਪਾ ਦਿਤੀਆਂ। ਇਹ ਹਨ ਉਸ ਸਤਿਗੁਰੂ ਦੇ ਪਿਆਰੇ।

ਜਿਥੇ ਆਪ ਸਤਿਗੁਰੂ ਸੱਚੇ ਪਾਤਸ਼ਾਹ ਦੇ ਸਾਹਿਬਜ਼ਾਦੇ ਹੋਣ, ਆਪ ਬ੍ਰਹਿਮੰਡਾਂ ਦੇ ਮਾਲਕ ਨੇ। ਡਰੇ ਨਹੀਂ ਜਾ ਕੇ ਫਤਹਿ ਬੁਲਾਈ ਹੈ। ਸਾਰੇ ਹਿੱਲ ਗਏ, ਹੈਰਾਨ ਹੋ ਗਏ। ਜਿਹੜਾ ਮੋਰਿੰਡੇ ਵਾਲਾ ਨਵਾਬ ਸੀ, ਇਹ ਪਹਿਲਾਂ ਅੱਗੇ ਹੋਇਆ। ਕਹਿਣ ਲੱਗਿਆ,

ਬੱਚਿਓ! ਤੁਹਾਡੀ ਉਮਰ ਬੜੀ ਛੋਟੀ ਹੈ। ਸ੍ਰੀ ਚਮਕੌਰ ਸਾਹਿਬ ਦੇ ਜੰਗ ਵਿਚ ਤੁਹਾਡੇ ਭਰਾ ਸ਼ਹੀਦ ਹੋ ਗਏ। ਤੁਹਾਡੇ ਪਿਤਾ ਜੀ ਵੀ ਨਹੀਂ ਰਹੇ। ਤੁਹਾਡਾ ਕੋਈ ਸਹਾਰਾ ਨਹੀਂ। ਤੁਸੀਂ ਸੂਬੇ ਦਾ ਆਖਾ ਮੰਨੋ, ਸ਼ਰ੍ਹਾ ਵਿਚ ਆ ਜਾਓ।

ਉਹ ਕਹਿੰਦੇ, ਦੁਨੀਆਂ ਦੀ ਕੋਈ ਤਾਕਤ ਨਹੀਂ ਜੋ ਸਾਡੇ ਪਿਤਾ ਨੂੰ ਸ਼ਹੀਦ ਕਰ ਦੇਵੇ? ਸਾਡਾ ਸਹਾਰਾ ਗੁਰੂ ਪ੍ਰਮੇਸ਼ਰ ਨਾਲ ਹੈ ਸਾਡੇ -

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਅੰਗ- ੩੯੪*

*ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥*
*ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥*
*ਤੂੰ ਮੇਰਾ ਰਾਖਾ ਸਭਨੀ ਥਾਈ*
*ਤਾ ਭਉ ਕੇਹਾ ਕਾੜਾ ਜੀਉ ॥ ਅੰਗ - ੧੦੩*

ਚੜ੍ਹਦੀ ਕਲਾ ਵਿਚ ਨੇ। ਕਾਜ਼ੀ ਕੋਲ ਹੈ, ਵਿਦਵਾਨ ਕੋਲ ਨੇ, ਹਰ ਸਵਾਲ ਦਾ ਜਵਾਬ ਦਿੰਦੇ ਨੇ। ਉਸ ਵੇਲੇ ਜਿਹੜਾ ਸੂਬਾ ਸਰਹੰਦ ਸੀ ਉਹ ਕਹਿੰਦਾ -

*ਤੁਮਹੋਂ ਸ਼ਾਹ ਕੋ ਮੇਲ ਕਰਾਵੈ।*
*ਬਹੁ ਦੇਸ਼ਨ ਕਉ ਰਾਜ ਦਵਾਵੈਂ।*

ਜੇ ਤੁਸੀਂ ਸ਼ਰਾ ਵਿਚ ਆ ਜਾਓ, ਇਸਲਾਮ ਧਾਰਨ ਕਰ ਲਓ ਤੇ ਮੈਂ ਅਰੰਗਜ਼ੇਬ ਨਾਲ ਤੁਹਾਡਾ ਮੇਲ ਕਰਾ ਦੇਵਾਂਗਾ। ਬੜੀਆਂ ਸੋਹਣੀਆਂ ਸੂਰਤਾਂ ਨੇ ਤੁਹਾਡੀਆਂ। ਰਾਜ ਭਾਗ ਦੇ ਸੁਖ ਮਾਣੋਂਗੇ। ਕਈ ਦੇਸ਼ਾਂ ਦਾ ਰਾਜ ਹੈ ਉਸ ਕੋਲ, ਅੱਡ-ਅੱਡ ਰਾਜਾਂ ਦੇ ਬਾਦਸ਼ਾਹ ਬਣ ਜਾਓਂਗੇ।

*ਪੱਟ ਭੂਖਣ ਤੁਮ ਅਣਗਣ ਦੇਹੈਂ।*

ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਰਹਿ ਜਾਏਗੀ। ਅੰਦਰੋਂ ਕਪਟ ਹੈ ਬਾਹਰੋਂ ਕਹਿੰਦਾ ਹੈ ਕਿ ਮੈਨੂੰ ਤੁਹਾਡੀਆਂ ਉਮਰਾਂ ਦੇਖ ਕੇ ਤੁਹਾਡੇ ਉਪਰ ਬਹੁਤ ਤਰਸ ਆ ਰਿਹਾ ਹੈ।

ਅੱਗੋਂ ਦੋਹਾਂ ਸਾਹਿਬਜ਼ਾਦਿਆਂ ਨੇ ਜਵਾਬ ਦਿਤਾ ਕਹਿੰਦੇ ਓ ਸੂਬਾ! ਤੂੰ ਆਹ ਦੁਨੀਆਂ ਦੇ ਰਾਜ ਦੀ ਗੱਲ ਕਰ ਰਿਹੈਂ? ਰੱਬ ਦੇ ਪਿਆਰੇ ਤਾਂ ਝਾਕਦੇ ਵੀ ਨਹੀਂ।

ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲੇ ਬਚਨ ਕਰਿਆ ਕਰਦੇ ਸੀ ਕਿ ਜਿਹੜੇ ਬ੍ਰਹਮ ਗਿਆਨੀ ਨੇ, ਰੱਬ ਦੇ ਪਿਆਰੇ ਨੇ ਉਹ ਦੁਨੀਆਂ ਦੇ ਸੁਖਾਂ ਤੋਂ ਲੈ ਕੇ ਬ੍ਰਹਮ ਲੋਕ ਦੇ ਸੁਖ ਤਕ ਝਾਕਦੇ ਵੀ ਨਹੀਂ।

ਹੁਣ ਦੋਵੇਂ ਸਾਹਿਬਜ਼ਾਦੇ ਕਹਿੰਦੇ ਕਿ ਇਹ ਰਾਜ ਕੀ. ਜੇ ਸਵਰਗ ਦਾ ਰਾਜਾ ਇੰਦਰ ਵੀ ਰਾਜ ਦੇ ਦੇਵੇ, ਤਾਂ ਵੀ ਅਸੀਂ ਆਪਣਾ ਧਰਮ ਨਹੀਂ ਛੱਡਣਾ।

*ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥*
*ਹਮ ਕਾਹੂ ਕੀ ਕਾਨਿ ਨ ਕਢਤੇ ਅਪਨੇ ਗੁਰ ਪਰਸਾਦੇ॥*
*ਅੰਗ - ੯੬੯*

ਸੂਬਾ ਸਰਹੰਦ ਕਹਿਣ ਲੱਗਿਆ, ਇਹਨਾਂ ਨੂੰ ਛੱਡ ਆਓ, ਇਹਨਾਂ ਨੂੰ ਠੰਢੇ ਬੁਰਜ ਦੇ ਦੁੱਖ ਮਿਲਣਗੇ, ਭੁੱਖ ਦਾ ਦੁੱਖ ਮਿਲੇਗਾ ਤਾਂ ਆਪੇ ਹੀ ਮੰਨ ਜਾਣਗੇ।

ਸਾਹਿਬਜ਼ਾਦੇ ਮਾਤਾ ਜੀ ਕੋਲ ਆ ਗਏ। ਸਾਰਾ ਹਾਲ ਦੱਸਿਆ। ਮਾਤਾ ਜੀ ਨੇ ਥਾਪੜਾ ਦਿਤਾ, ਛਾਤੀ ਨਾਲ ਲਾਇਆ। ਇਵੇਂ ਹੀ ਰਾਤ ਨਿਕਲੀ, ਪਰ ਆਪ ਰਜ਼ਾ ਵਿਚ ਰਾਜ਼ੀ ਰਹੇ -

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥ ੨ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੁਖ ਮਨਾਈ ॥ ਅੰਗ - ੭੫੭*

ਅਗਲੀ ਸਵੇਰ ਹੋਈ, ਅਹਿਲਕਾਰ ਤੇ ਸਿਪਾਹੀ ਫੇਰ ਆ ਜਾਂਦੇ ਨੇ। ਸਾਹਿਬਜ਼ਾਦਿਆਂ ਨੂੰ ਕਚਹਿਰੀ ਲੈ ਕੇ ਜਾ ਰਹੇ ਨੇ। ਕਹਿੰਦੇ, ਇਕ ਛੋਟਾ ਦਰਵਾਜ਼ਾ ਸੀ। ਪਹਿਲਾਂ ਦਸਦੇ ਨੇ ਕਿ ਇਕ ਸੁਰੰਗ ਸੀ ਧਰਤੀ ਵਿਚ। ਇਸ ਦਰਵਾਜ਼ੇ ਰਾਹੀਂ ਇਹਨਾਂ ਨੂੰ ਕੱਢੋ। ਕਹਿਣ ਲੱਗੇ, ਸਾਹਿਬਜ਼ਾਦਿਓ! ਜਿਵੇਂ ਅਸੀਂ ਸਿਰ ਕੱਢਾਂਗੇ ਇਸ ਦਰਵਾਜ਼ੇ 'ਚੋਂ, ਇਸੇ ਤਰ੍ਹਾਂ ਤੁਸੀਂ ਕੱਢਣੇ ਨੇ। ਭਾਵ ਇਹਨਾਂ ਦੇ ਸਿਰ ਝੁਕ ਜਾਣ। ਦੇਖੋ, ਬੇਇਮਾਨੀ। ਕਹਿ ਦਿਆਂਗੇ ਕਿ ਇਹਨਾਂ ਨੇ ਸਿਰ ਝੁਕਾ ਦਿਤੇ। ਦੋਵੇਂ ਸਾਹਿਬਜ਼ਾਦੇ ਆਪਸ ਵਿਚ ਇਕ ਦੂਜੇ ਨੂੰ ਦੇਖ ਕੇ ਮੁਸਕਰਾਏ ਕਿ ਇਹ ਸਾਨੂੰ ਕੀ ਸਮਝਦੇ ਨੇ। ਅਹਿਲਕਾਰਾਂ ਨੇ, ਸਿਪਾਹੀਆਂ ਨੇ ਸਿਰ ਕੱਢੇ ਨੇ। ਸਾਹਿਬਜ਼ਾਦਿਆਂ ਨੇ ਜੁੱਤੀ ਅੱਗੇ ਕੀਤੀ, ਜੋੜਾ ਅੱਗੇ ਕੀਤਾ, ਸੂਬੇ ਵਲ ਕਿ ਅਸੀਂ ਇਹਦੇ ਰਾਜ ਨੂੰ, ਤਖਤ ਨੂੰ ਜੁੱਤੀ ਦੇ ਸਮਾਨ ਸਮਝਦੇ ਹਾਂ। ਹੈਰਾਨ ਹੋ ਗਏ। ਜਦੋਂ ਅੱਗੇ ਪਹੁੰਚੇ, ਫਤਹਿ ਗਜਾਈ। ਜਿਹੜੇ ਨਾਲ ਸੀ ਉਹ ਸਾਰੇ ਬੇਈਮਾਨ, ਖੋਟੇ ਤੇ ਗੁੱਸੇ ਵਿਚ ਨੇ।

*ਨਹ ਮਸਤਕ ਸਨਮੁਖ ਟੇਕੇ।*

ਇਹਨਾਂ ਨੇ ਸਿਰ ਨਹੀਂ ਝੁਕਾਇਆ।

*ਸੀਸ ਉਲਟ ਮੁੜ ਪਾਛੈ ਪੇਖੈ।*

ਉਲਟੇ ਸਿਰ ਕੱਢੇ, ਪਹਿਲਾਂ ਜੁੱਤੀ ਕੱਢੀ ਅੰਦਰ ਨੂੰ।

*ਦੇਖੋ ਬਾਲਕ ਯਹ ਅਭਿਮਾਨੀ*
*ਬਹੁਰਿ ਕਹੀ ਦੁਸਟ ਵਹਿਬਾਨੀ।*

ਫੇਰ ਓਹੀ ਗੱਲ ਸ਼ੁਰੂ ਕਰ ਦਿਤੀ ਕਹਿੰਦੇ ਇਹ ਅਨੰਦਪੁਰ ਸਾਹਿਬ ਨਹੀਂ, ਇਹ ਸੂਬੇ ਦੀ ਕਚਹਿਰੀ ਹੈ।

ਸਾਹਿਬਜ਼ਾਦੇ ਕਹਿੰਦੇ, ਅਸੀਂ ਤਾਂ ਸਦਾ ਹੀ ਅਨੰਦਪੁਰ ਦੇ ਵਾਸੀ ਹਾਂ। ਉਹ ਕਿਹੜਾ ਅਨੰਦਪੁਰ ਸਾਹਿਬ? -

*ਬੇਗਮ ਪੁਰਾ ਸਹਰ ਕੋ ਨਾਉ ॥* *ਅੰਗ - ੩੪੫*

'ਬੇਗਮਪੁਰਾ' ਜਿਥੇ ਸਦਾ ਹੀ ਅਨੰਦ ਹੈ -

*ਸਦਾ ਅਨੰਦੁ ਤਹ ਨਹੀ ਬਿਓਗੁ ॥* *ਅੰਗ - ੨੨੫*

ਹੁਣ ਫੇਰ ਅੰਦਰ ਕਪਟ ਬਾਹਰੋਂ ਮਿੱਠੇ ਹੋ ਕੇ ਬੋਲ ਰਹੇ ਨੇ -

*ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥*
*ਅੰਗ - ੪੮੮*

ਫੇਰ ਕਹਿੰਦੇ ਨੇ ਕਿ ਤੁਹਾਡੀ ਉਮਰ ਹੈ ਰਾਜ ਭਾਗ ਦੇ ਸੁਖ ਮਾਨਣ ਦੀ। ਤੁਸੀਂ ਸ਼ਰਾ ਵਿਚ ਆ ਜਾਓ ਤੇ ਆਪਣਾ ਜੀਵਨ ਭੰਗ ਦੇ ਭਾੜੇ ਨਾ ਗੁਆਓ।

ਸਾਹਿਬਜ਼ਾਦੇ ਕਹਿੰਦੇ, ਤੁਸੀਂ ਸਾਨੂੰ ਕਹਿੰਦੇ ਹੋਂ, ਆਪ ਤੁਸੀਂ ਕੀ ਇਸਲਾਮ ਨੂੰ ਮੰਨਦੇ ਹੋਂ, ਕੁਰਾਨ ਸ਼ਰੀਫ ਨੂੰ ਮੰਨਦੇ ਹੋਂ? ਤੁਹਾਡਾ ਆਪਣਾ ਜੀਵਨ ਕਿਸ ਤਰ੍ਹਾਂ ਦਾ ਹੈ? ਸਾਡੇ ਸਤਿਗੁਰੂ ਦੀ ਬਾਣੀ ਦਾ ਫੁਰਮਾਨ ਹੈ ਕਿ ਜਿਹੜਾ ਮੁਸਲਮਾਨ ਹੈ -

*ਰਬ ਕੀ ਰਜਾਇ ਮੰਨੇ ਸਿਰ ਉਪਰਿ*
*ਕਰਤਾ ਮੰਨੇ ਆਪੁ ਗਵਾਵੈ ॥*
*ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ*
*ਤ ਮੁਸਲਮਾਣੁ ਕਹਾਵੈ ॥* *ਅੰਗ - ੧੪੧*

ਉਹ ਹੈ ਮੁਸਲਮਾਨ। ਸਾਡੇ ਸਤਿਗੁਰੂ ਦਾ ਬਚਨ ਹੈ -

*ਮੁਸਲਮਾਣੁ ਮੋਮ ਦਿਲ ਹੋਵੈ ॥* *ਅੰਗ - ੧੦੮੪*

ਉਹ ਹੈ ਮੁਸਲਮਾਨ।

ਆਪਾਂ ਮੋਮ ਦੇਖਦੇ ਹਾਂ, ਮੋਮ ਤੋਂ ਮੋਮਬੱਤੀ ਬਣਦੀ ਹੈ। ਜਦੋਂ ਉਹ ਬਲਦੀ ਹੈ, ਉਹਦੀ ਜੋ ਲਾਟ ਹੈ, ਉਹ ਮੋਮ ਨੂੰ ਸਾੜਦੀ ਹੈ, ਭਾਵ ਮੋਮ ਬਲ ਕੇ ਪ੍ਰਕਾਸ਼ ਦਿੰਦੀ ਹੈ। ਮੁਸਲਮਾਨ ਦਾ ਦਿਲ ਮੋਮ ਦਿਲ ਹੋਣਾ ਚਾਹੀਦਾ ਹੈ, ਜਿਸਦਾ ਦਿਲ ਦੂਸਰਿਆਂ ਦੇ ਭਲੇ ਵਾਸਤੇ ਹੋਵੇ। ਦੂਸਰਿਆਂ ਨੂੰ ਖਤਮ ਕਰਨ ਵਾਸਤੇ ਨਾ ਹੋਵੇ। ਕਹਿੰਦੇ, ਤੁਸੀਂ ਕਿਹੜਾ ਜ਼ੁਲਮ ਹੈ ਜਿਹੜਾ ਨਹੀਂ ਕੀਤਾ। ਝੂਠੀਆਂ ਕਸਮਾਂ ਖਾ ਕੇ ਤੁਸੀਂ ਫੇਰ ਫੌਜ ਚੜ੍ਹਾਈ। ਸਾਡੇ ਪਿਤਾ ਜੀ ਨੇ ਧਾਰਮਿਕ ਗ੍ਰੰਥਾਂ ਦਾ ਸਤਿਕਾਰ ਕੀਤਾ। ਤੁਸੀਂ ਝੂਠੀਆਂ ਕਸਮਾਂ ਖਾਧੀਆਂ ਤੇ ਫੇਰ ਫੌਜ ਚੜ੍ਹਾ ਦਿਤੀ। ਜਿਹੜੇ ਜ਼ੁਲਮ ਤੁਸੀਂ ਕਰਦੇ ਹੋਂ। ਔਰੰਗਜ਼ੇਬ ਦੀਆਂ ਬਾਰ-ਬਾਰ ਸਿਫ਼ਤਾਂ ਕਰਦੇ ਹੋ, ਇਸ ਤਰ੍ਹਾਂ ਦੱਸੋ ਕਿ ਜਿਹੜੇ ਜ਼ੁਲਮ ਔਰੰਗਜ਼ੇਬ ਅਤੇ ਤੁਸੀਂ ਕਰਦੇ ਹੋਂ, ਕੁਰਾਨ ਵਿਚ ਲਿਖੇ ਨੇ?

*ਸਤਿਗੁਰ ਦੇ ਲਾਲਾਂ ਨੇ ਦੀਆਂ ਰੋਹਬ ਸੇ ਜਵਾਬ,*
*ਆਤੀ ਨਹੀਂ ਸ਼ਰਮ ਜ਼ਰਾ ਤੁਝ ਕੋ ਐ ਨਵਾਬ।*

ਤੈਨੂੰ ਔਰੰਗਜ਼ੇਬ ਦੀ ਸਿਫ਼ਤ ਕਰਦਿਆਂ ਸ਼ਰਮ ਨਹੀਂ ਆਉਂਦੀ?

*ਤਾਲੀਮ ਜ਼ੋਰ ਕੀ ਕਹੀਂ ਕੁਰਾਨ ਮੇਂ ਨਹੀਂ,*
*ਖੁਸ਼ੀ ਤੁਮਾਰੇ ਸ਼ਾਹ ਕੋ ਮਾਨ ਮੇਂ ਨਹੀਂ।*

ਕਹਿੰਦੇ -

*ਪੜ੍ਹ ਕੇ ਕੁਰਾਨ ਬਾਪ ਕੋ ਕਰਤਾ ਕੈਦ ਹੈ।*

ਤੁਸੀਂ ਕਹਿੰਦੇ ਹੋਂ ਕੁਰਾਨ ਪੜ੍ਹਦਾ ਹੈ, ਕੁਰਾਨ ਲਿਖਦਾ ਹੈ, ਨਮਾਜ਼ਾਂ ਪੜ੍ਹਦਾ ਹੈ, ਪਿਉ ਨੂੰ ਕੈਦ ਕੀਤਾ ਹੈ, ਮਾਰਿਆ ਨਹੀਂ?

*ਮਰਨਾ ਪਿਤਾ ਕਾ ਜਿਸ ਕੋ ਖੁਸ਼ੀ ਕੀ ਨਵੈਦ ਹੈ*
*ਕਤਲ ਬਰਾਦਰਾ ਜਿਸ ਮਾਮੂਲੀ ਸੈਦ ਹੈ*

ਭਰਾਵਾਂ ਨੂੰ ਮਾਰਨਾ ਜਿਹਦੇ ਵਾਸਤੇ ਮਾਮੂਲੀ ਗੱਲ ਹੈ। ਰੱਬ ਦੇ ਪਿਆਰੇ ਮਾਰੇ, ਭਰਾ ਮਾਰੇ, ਭੈਣ ਮਾਰੀ, ਧੀ ਮਾਰੀ। ਪਰਿਵਾਰ ਨੂੰ ਜੇਲ੍ਹ ਵਿਚ ਸੁੱਟਿਆ-

*ਨੇਕੀ ਕੀ ਉਸ ਸੇ ਖਲਕਤ ਕੋ ਕਿਆ ਉਮੈਦ ਹੈ।*

ਐਸੇ ਪਾਪੀ, ਮਾੜੇ ਬੰਦੇ ਤੋਂ ਨੇਕੀ ਦੀ ਉਮੀਦ ਹੈ? ਅੱਗੇ ਕਮਾਲ ਦਾ ਬਚਨ ਲਿਖਿਆ ਹੈ ਰੱਬ ਦੇ ਪਿਆਰੇ ਨੇ -

*ਕੁਛ ਬੁੱਤ ਪ੍ਰਸਤ ਬੀ ਨਹੀਂ, ਨਾ ਬੁੱਤ ਸ਼ਿਕਨ ਹੈਂ ਹਮ।*

ਐ ਸੂਬੇ ਸੁਣ ਲੈ, ਅਸੀਂ ਬੁੱਤ ਨਹੀਂ ਪੂਜਦੇ। ਨਾ ਅਸੀਂ ਬੁੱਤ ਤੋੜਦੇ ਹਾਂ। ਸਾਨੂੰ ਤਾਂ ਹੁਕਮ ਹੈ -

*ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ। ਦੀਦਾਰ ਖਾਲਸੇ ਕਾ।*
*ਕੁਛ ਬੁੱਤ ਪ੍ਰਸਤ ਬੀ ਨਹੀਂ, ਨਾ ਬੁੱਤ ਸ਼ਿਕਨ ਹੈਂ ਹਮ।*
*ਅੰਮ੍ਰਿਤ ਛਕਾ ਹੈ ਜਬ ਸੇ ਨਿਹਾਇਤ ਮਗਨ ਹੈਂ ਹਮ।*

ਜਦੋਂ ਦਾ ਅਸੀਂ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਹੈ, ਸਾਨੂੰ ਨਾਮ ਦੀ ਖੁਮਾਰੀ ਚੜ੍ਹੀ ਰਹਿੰਦੀ ਹੈ -

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*

*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ਅੰਗ - ੮੦੮*

ਸੂਬਾ ਹੈਰਾਨ ਹੋ ਗਿਆ, ਉਸ ਵੇਲੇ ਇਹਦੇ ਕੰਨਾਂ ਵਿਚ ਇਹਦੀ ਬੇਗਮ ਦੇ ਵੀ ਬੋਲ ਗੂੰਜ ਰਹੇ ਹਨ। ਉਹ ਹਿੰਦੂ ਘਰਾਣੇ ਵਿਚੋਂ ਸੀ, ਛੋਟੀ ਉਮਰ 'ਚ ਆਪਣੀ ਮਾਂ ਨਾਲ ਸ੍ਰੀ ਅਨੰਦਪੁਰ ਸਾਹਿਬ ਗਈ ਸੀ। ਇਹਦੀ ਮਾਂ ਦੀ ਸਹੇਲੀ ਸ੍ਰੀ ਅਨੰਦਪੁਰ ਸਾਹਿਬ ਗੁਰੂ ਕੇ ਮਹਿਲਾਂ 'ਚ ਮਾਤਾਵਾਂ ਦੀ ਸੇਵਾ ਵਿਚ ਸੀ। ਇਹਨੇ ਦਰਸ਼ਨ ਕੀਤੇ ਸੀ ਵੱਡੇ ਮਾਤਾ ਜੀ ਦੇ, ਗੁਰੂ ਕੇ ਮਹਿਲਾਂ ਜੀ ਦੇ, ਸੱਚੇ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਦੇ। ਇਹਦੀ ਜਦੋਂ ਸ਼ਾਦੀ ਹੋਈ ਤਾਂ ਇਹਦਾ ਡੋਲਾ ਜਾ ਰਿਹਾ ਸੀ ਸਰਹੰਦ ਦੇ ਕੋਲੋਂ ਇਸ ਜ਼ਾਲਮ ਨੇ ਇਸ ਨੂੰ ਧੱਕੇ ਨਾਲ ਆਪਣੀ ਬੇਗਮ ਬਣਾ ਲਿਆ। ਇਹੀ ਕੰਮ ਕਰਿਆ ਕਰਦੇ ਸੀ। ਉਹ ਕਹਿੰਦੀ ਹੈ, ਸੂਬੇ ਨੂੰ ਕਿ ਪਾਪ ਤੂੰ ਬੜੇ ਕਰ ਲਏ ਪਰ ਆਹ ਪਾਪ ਨਾ ਕਰੀਂ। ਤੇਰੀ ਕੁਲ ਦਾ ਨਾਸ਼ ਹੋ ਜਾਣੈ। ਉਹਦੇ ਬੋਲ ਵੀ ਗੂੰਜਦੇ ਨੇ। ਓਸ ਵੇਲੇ ਨਵਾਬ ਸ਼ੇਰ ਮੁਹੰਮਦ ਖਾਨ ਕੋਲ ਸੀ। ਸੂਬਾ ਕਹਿਣ ਲੱਗਿਆ ਕਿ ਉਹਨਾਂ ਨੂੰ ਕਿ ਤੁਸੀਂ ਆਪਣੇ ਭਰਾ ਦਾ ਬਦਲਾ ਲੈ ਲਓ। ਮੈਂ ਇਨ੍ਹਾਂ ਨੂੰ ਤੁਹਾਨੂੰ ਸੌਂਪ ਦਿੰਦਾਂ। ਉਹਨਾਂ ਦਾ ਭਰਾ ਨਾਹਰ ਖਾਨ ਚਮਕੌਰ ਸਾਹਿਬ ਦੀ ਜੰਗ ਵਿਚ ਦਸਮ ਪਾਤਸ਼ਾਹ ਨੇ ਮਾਰਿਆ ਸੀ। ਉਹ ਕਹਿੰਦੇ, ਨਹੀਂ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਜੰਗ ਕਰਾਂਗੇ, ਪਰ ਆਹ ਕੰਮ ਅਸੀਂ ਨਹੀਂ ਕਰਨਾ। ਹਾਅ ਦਾ ਨਾਹਰਾ ਮਾਰਿਆ। ਇਹ ਹਾਅ ਦਾ ਨਾਹਰਾ ਸੰਗਤਾਂ ਸਦਾ ਯਾਦ ਰਖਦੀਆਂ ਨੇ।

ਵੈਸੇ ਜਦੋਂ ਅਸੀਂ ਇਤਿਹਾਸ ਵਿਚ ਪੜ੍ਹਦੇ ਹਾਂ ਕਿ ਸ਼ੇਰ ਮੁਹੰਮਦ ਉਹਨਾਂ ਵਲੋਂ ਹੀ ਹੋ ਕੇ ਲੜਦਾ ਰਿਹੈ। ਚਪੜਚਿੜੀ ਦੇ ਜੰਗ ਵਿਚ ਵੀ ਸ਼ੇਰ ਮੁਹੰਮਦ ਜਿਹੜਾ ਮਲੇਟਕੋਟਲੇ ਵਾਲਾ ਸੀ ਇਹ ਆਪਣੀ ਫੌਜ ਲੈ ਕੇ ਬਾਬਾ ਬੰਦਾ ਸਿੰਘ ਦੇ ਬਰਖਿਲਾਫ ਵੀ ਆਇਆ ਸੀਗਾ। ਰਿਹਾ ਓਧਰ ਹੀ ਹੈ, ਪਰ ਇਹਨੂੰ ਇਹ ਸੀ ਕਿ ਇਹ ਗੱਲ ਠੀਕ ਨਹੀਂ, ਦਾਗ ਲੱਗੇਗਾ। ਉਸ ਹਾਅ ਦੇ ਨਾਹਰੇ ਨੂੰ ਸੰਗਤਾਂ ਸਦਾ ਹੀ ਯਾਦ ਰੱਖਦੀਆਂ ਨੇ। ਇਹ ਵੀ ਆਖਦੇ ਨੇ ਕਿ ਚਿੱਠੀ ਔਰੰਗਜ਼ੇਬ ਨੂੰ ਲਿਖੀ ਹੈ। ਉਹਨਾਂ ਸਮਿਆਂ 'ਚ ਕੀ ਹੁੰਦਾ ਸੀ, ਜਿਵੇਂ ਤੁਸੀਂ ਖਾਲਸੇ ਦਾ ਵੀ ਇਤਿਹਾਸ ਪੜ੍ਹੋ, ਪੰਛੀ ਕਬੂਤਰ ਹੈ, ਉਹਨਾਂ ਨੂੰ ਚੋਗਾ ਪਾਇਆ ਹੁੰਦਾ ਸੀ ਤੇ ਚਿੱਠੀ ਲਿਖ ਕੇ ਉਹਦੇ ਗਲ 'ਚ ਪਾ ਦੇਣੀ। ਉਹਨੇ ਉਥੇ ਚਲੇ ਜਾਣਾ। ਉਥੋਂ ਉਹਨਾਂ ਨੇ ਚਿੱਠੀ ਪਾਉਣੀ ਇਥੇ ਚਿੱਠੀ ਆ ਜਾਣੀ। ਉਹਨੇ ਉਥੇ ਠਹਿਰਣਾ, ਅਰਾਮ ਕਰਨਾ, ਚੋਗਾ ਪਾਉਣਾ, ਫੇਰ ਆਉਣਾ। ਐਨੀ ਕੁ ਉਸ ਸਮੇਂ ਪੰਛੀਆਂ ਨੂੰ ਵੀ ਸੋਝੀ ਸੀ। ਆਮ ਜਿਹੜਾ ਹੁੰਦਾ ਸੀ ਕਿ ਜਗ੍ਹਾ-ਜਗ੍ਹਾ ਇਹਨਾਂ ਰਾਜਿਆਂ ਨੇ ਘੋੜੇ ਰੱਖੇ ਹੁੰਦੇ ਸੀ। ਇਥੋਂ ਇਕ ਜਾਂ ਦੋ ਘੋੜੇ ਦੌੜਨੇ, ਅੱਗੋਂ ਤਿਆਰ-ਬਰ-ਤਿਆਰ ਅਗਲੇ 24 ਘੰਟੇ ਰਹਿੰਦੇ ਸਨ। ਇਸ ਤਰ੍ਹਾਂ ਸੁਨੇਹੇ, ਬਾਦਸ਼ਾਹ ਦਾ ਹੁਕਮ ਜਗ੍ਹਾਂ-ਜਗ੍ਹਾਂ ਪਹੁੰਚਦਾ ਸੀ। ਇਸ ਮਲੇਰਕੋਟਲੇ ਵਾਲੇ ਸ਼ੇਰ ਮੁਹੰਮਦ ਨੇ ਔਰਗੰਜ਼ੇਬ ਨੂੰ ਚਿੱਠੀ ਕੱਢੀ। ਉਹਦੇ ਉਪਰ ਪਹਿਲਾਂ ਔਰੰਗਜ਼ੇਬ ਦੀ ਬੜੀ ਸਿਫ਼ਤ ਲਿਖੀ ਤੇ ਫੇਰ ਕਿਹਾ ਕਿ ਦਸਮ ਪਾਤਸ਼ਾਹ ਦੇ ਛੋਟੇ ਸਾਹਿਬਜ਼ਾਦੇ ਨੇ, ਉਮਰ ਬੜੀ ਛੋਟੀ ਹੈ, ਜੇ ਇਹ ਸ਼ਹੀਦ ਹੋ ਗਏ ਤੇ ਇਹਦੇ ਨਾਲ ਆਪਾਂ ਨੂੰ ਬਹੁਤ ਧੱਬਾ ਲੱਗਣੈ ਜਾਂ ਤੁਸੀਂ ਮੇਰੇ ਹਵਾਲੇ ਕਰੋ ਜਾਂ ਆਪਣੇ ਕੋਲ ਬੁਲਾ ਲਓ। ਵੇਖਿਓ, ਕਿਤੇ ਉਹਨਾਂ ਨੂੰ ਸ਼ਹੀਦ ਨਾ ਕੀਤਾ ਜਾਵੇ। ਇਸ ਤਰ੍ਹਾਂ ਆਪਣੇ ਹਿਸਾਬ ਨਾਲ ਸ਼ਬਦ ਵਰਤਦੈ। ਪਰ ਔਰੰਗਜ਼ੇਬ ਕਿੱਥੇ ਇਹ ਗੱਲ ਚਾਹੁੰਦਾ ਸੀ, ਉਹ ਤਾਂ ਪਾਪੀ ਦਾ ਪਾਪੀ ਸੀਗਾ। ਉਹਦੀ ਸੁਣੀ ਨਹੀਂ ਗਈ।

ਖੈਰ, ਇਹ ਹਾਅ ਦਾ ਨਾਹਰਾ ਮਾਰ ਕੇ ਉਠ ਕੇ ਚਲਾ ਗਿਆ। ਉਸ ਵੇਲੇ ਚੁੱਪ-ਚਾਪ ਹੈ ਸੂਬਾ ਤੇ ਕੋਲ ਹੈ ਝੂਠਾ ਨੰਦ। ਜਿਹਦਾ ਨਾਮ ਹੈ ਸੀ ਸੁੱਚਾ ਨੰਦ। ਜਿਹੋ ਜਿਹੇ ਬੰਦਾ ਕੰਮ ਕਰੇ ਉਹੋ ਜਿਹੇ ਨਾਮ ਪੈ ਜਾਂਦੈ।

ਜਦੋਂ ਕਿਸੇ ਮਾਂ ਦੇ ਘਰ ਪੁੱਤਰ ਦਾ ਜਨਮ ਹੁੰਦੈ, ਕੋਈ ਕੀ ਕਹਿੰਦੈ ਕਿ ਚੋਰ ਦਾ ਜਨਮ ਹੋਇਐ। ਠੱਗ ਦਾ ਜਨਮ ਹੋਇਐ। ਸੰਤ ਦਾ ਜਨਮ ਹੋਇਐ, ਜੂਏਬਾਜ਼ ਦਾ ਜਨਮ ਹੋਇਐ। ਨਹੀਂ, ਉਸ ਬੱਚੇ ਦਾ ਜਿਵੇਂ ਦਾ ਜੀਵਨ ਹੁੰਦੈ, ਜੇ ਗੁਰਮੁਖ ਹੈ, ਨਾਮ ਜਪਦੈ ਉਹਨੂੰ ਭਗਤ ਕਹਿੰਦੇ ਨੇ, ਗੁਰਮੁਖ ਕਹਿੰਦੇ ਨੇ। ਠੱਗੀਆਂ ਕਰਦੈ, ਉਹਨੂੰ ਠੱਗ ਕਹਿੰਦੇ ਨੇ, ਜੇ ਭਾਈ ਜੂਆ ਖੇਡਦੈ ਜੂਏਬਾਜ਼ ਹੈ। ਨਾਂ ਪੈ ਜਾਂਦੇ ਨੇ। ਮਾੜਾ ਕਰਮ ਕੀਤਾ ਸੁੱਚਾ ਨੰਦ ਨੇ ਤੇ ਸੰਗਤਾਂ ਸਦਾ ਵਾਸਤੇ ਉਹਨੂੰ ਝੂਠਾ ਨੰਦ ਕਹਿੰਦੀਆਂ ਨੇ। ਇਹਦੇ ਨਾਲ ਨਾਮ ਹਰਿਦਾਸ ਦਾ ਵੀ, ਹਰਿਦਾਸ ਦਾ ਨਾਮ ਇਤਿਹਾਸਾਂ 'ਚ ਘੱਟ ਆਇਐ, ਕਿਸੇ-ਕਿਸੇ ਲਿਖਾਰੀ ਨੇ ਲਿਖਿਐ-

*ਨੀਕੇ ਬਾਰ ਤੁਮ ਮਤ ਜਾਨਹੁ*
*ਨਾਗਨ ਕੇ ਪੁੱਤ ਬਖਾਨੋ।*

ਸੂਬਿਆ! ਇਹਨਾਂ ਨੂੰ ਛੋਟੇ ਨਾ ਸਮਝ, ਨਾਗਾਂ ਦੇ ਪੁੱਤਰ ਕੱਲ੍ਹ ਨੂੰ ਨਾਗ ਬਣਦੇ ਨੇ। ਸ਼ੇਰ ਦੇ ਬੱਚੇ

ਸ਼ੇਰ ਹੁੰਦੇ ਨੇ। ਤੁਹਾਡੇ ਕੋਲੋਂ ਇਕ ਦਸਮ ਪਾਤਸ਼ਾਹ ਨਹੀਂ ਸੰਭਾਲਿਆ ਜਾਂਦਾ। ਜਦੋਂ ਇਹ ਦੋਵੇਂ ਵੀ ਨਾਲ ਰਲ ਗਏ ਤੁਹਾਡਾ ਹਾਲ ਕੀ ਹੋਏਗਾ। ਸਮਝਦੇ ਕਿਉਂ ਨਹੀਂ।

*ਤੁਮਰੇ ਹਾਥ ਆਜ ਯਹ ਆਏ।*
*ਕਰਹੁ ਅਬ ਅਪਨੇ ਮਨ ਚਾਹੇ।*

ਇਹ ਤੇਰੇ ਹੱਥ ਆ ਗਏ, ਵੇਖੀਂ ਸਮਾਂ ਨਾ ਖੁੰਝਾਈਂ। ਕਹਿੰਦੇ, ਫੇਰ ਸਜ਼ਾ ਕੀ ਦੇਈਏ, ਫਤਵਾ ਨਹੀਂ ਲਗਦਾ? ਕਿਉਂ? ਕਿਹੜਾ ਕੰਮ ਕੀਤਾ ਸੀ ਉਹਨਾਂ ਨੇ। ਕਿਵੇਂ ਸਜ਼ਾ ਦਿਤੀ ਜਾਵੇ? ਕਹਿੰਦੇ, ਫਤਵਾ ਨਹੀਂ ਲਗਦਾ। ਕਾਜ਼ੀ ਤੇ ਹੋਰ ਸਭ ਕਹਿੰਦੇ, ਫਤਵਾ ਨਹੀਂ ਲਗ ਰਿਹਾ। ਕਹਿੰਦੇ, ਫੇਰ ਢੰਗ ਵਰਤ ਲੈਂਦੇ ਹਾਂ, ਸਰਕਾਰਾਂ ਕੋਲ ਬੜੇ ਢੰਗ ਨੇ ਫਤਵੇ ਲਾਉਣ ਦੇ, ਕਾਨੂੰਨ ਬਣਾਉਣ ਦੇ। ਅੱਜ ਵੀ, ਪਹਿਲਾਂ ਵੀ, ਹੁਣ ਵੀ, ਬਾਅਦ ਵਿਚ ਵੀ ਚਲਦੇ ਰਹਿਣੇ ਨੇ। ਇਹ ਕਹਿੰਦੇ, ਫੇਰ ਆ ਜਾਓ। ਸੀ.ਆਈ.ਡੀ ਵਾਲੇ ਨਾਲ ਲਏ ਤੇ ਦੁਕਾਨਾਂ ਸਜਾਈਆਂ। ਸਾਹਿਬਜ਼ਾਦਿਆਂ ਨੇ ਫਲਾਂ ਵਲ, ਮਠਿਆਈਆਂ ਵਲ ਦੇਖਿਆ ਤਕ ਨਹੀਂ, ਕੱਪੜਿਆਂ, ਖਿਡੌਣਿਆਂ ਵਲ ਵੀ ਦੇਖਿਆ ਨਹੀਂ। ਜਿਥੇ ਸ਼ਸਤਰ, ਹਥਿਆਰ ਸਨ ਉਥੇ ਦੋਵੇਂ ਭਰਾ ਖੜ੍ਹੇ ਹੋ ਗਏ। ਸ਼ਸਤਰ ਸਜਾ ਲਏ, ਭੱਥੇ ਨਾਲ ਤੀਰ ਭਰ ਲਏ, ਕ੍ਰਿਪਾਨਾਂ ਪਹਿਨ ਲਈਆਂ, ਹੋਰ ਸ਼ਸਤਰ ਸਜਾ ਲਏ।

ਝੂਠਾ ਨੰਦ ਕਹਿੰਦਾ, ਹੁਣ ਪੁੱਛੋ।

ਪੁੱਛਿਆ, ਸਾਹਿਬਜ਼ਾਦਿਓ! ਤੁਹਾਨੂੰ ਛੱਡ ਦਿੰਦੇ ਹਾਂ ਫੇਰ ਤੁਸੀਂ ਕੀ ਕਰੋਂਗੇ। ਕਹਿੰਦੇ, ਮਾਲਵੇ ਦੇਸ਼ ਜਾਵਾਂਗੇ, ਫੌਜ ਤਿਆਰ ਕਰਾਂਗੇ, ਇਹ ਜ਼ੁਲਮ ਦਾ ਰਾਜ ਖਤਮ ਕਰਨ ਵਾਸਤੇ ਫੌਜ ਚੜ੍ਹਾਵਾਂਗੇ।

ਕਹਿੰਦੇ, ਜੇ ਹਾਰ ਗਏ?

ਕਹਿੰਦੇ, ਫੇਰ ਆਵਾਂਗੇ।

ਜਿੰਨਾਂ ਚਿਰ ਸਾਡੇ ਸਰੀਰ ਵਿਚ ਪ੍ਰਾਣ ਚਲਦੇ ਨੇ ਜਾਂ ਇਹ ਰਾਜ ਨਹੀਂ ਖਤਮ ਹੁੰਦਾ ਜਾਂ ਅਸੀਂ ਸ਼ਹੀਦ ਨਹੀਂ ਹੁੰਦੇ, ਓਨਾਂ ਚਿਰ ਅਸੀਂ ਬਾਰ-ਬਾਰ ਆਵਾਂਗੇ।

ਉਥੇ ਲਾਇਆ ਗਿਆ ਫਤਵਾ ਕਿ ਸਰਕਾਰ ਤੋਂ ਬਾਗੀ ਹਨ ਇਹਨਾਂ ਬੱਚਿਆਂ ਨੂੰ ਨੀਹਾਂ ਵਿਚ ਚਿਣ ਕੇ ਇਹਨਾਂ ਨੂੰ ਸ਼ਹੀਦ ਕੀਤਾ ਜਾਵੇ।

ਰਾਤ ਵਾਪਸ ਕੀਤਾ, ਮਾਤਾ ਜੀ ਕੋਲ ਆ ਗਏ। ਮਾਤਾ ਜੀ ਨੇ ਘੁੱਟ ਕੇ ਨਾਲ ਲਾਇਆ, ਥਾਪੜਾ ਦਿਤਾ। ਉਨ੍ਹਾਂ ਨੇ ਸਾਰੀ ਗੱਲ ਦਸੀ। ਮਾਤਾ ਜੀ ਕਹਿੰਦੇ ਵਾਹ! ਮਾਤਾ ਜੀ ਨੂੰ ਭਰੋਸਾ ਹੈ, ਪਰ ਉਸ ਸਮੇਂ ਬਚਨ ਤਾਂ ਕਰਨੇ ਹੀ ਸੀ ਮਾਤਾ ਜੀ ਨੇ। ਮਾਤਾ ਜੀ ਪੰਚਮ ਪਾਤਸ਼ਾਹ ਦੇ ਬਚਨ ਸੁਣਾਉਂਦੇ ਨੇ, ਛੇਵੇਂ ਪਾਤਸ਼ਾਹ ਦੇ ਬਚਨ ਸੁਣਾਉਂਦੇ ਨੇ, ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਬਚਨ ਸੁਣਾਉਂਦੇ ਨੇ। ਮਾਤਾ ਜੀ ਨੂੰ ਬੱਚਿਆਂ 'ਤੇ ਪੂਰਾ ਭਰੋਸਾ ਹੈ ਕਿ ਇਨ੍ਹਾਂ ਨੂੰ ਦੁਨੀਆਂ ਕੋਈ ਤਾਕਤ ਡੋਲਾ ਨਹੀਂ ਸਕਦੀ। ਉਹ ਸਵੇਰ ਆ ਗਈ। ਮਾਤਾ ਜੀ ਨੇ ਸਾਹਿਬਜ਼ਾਦਿਆਂ ਨੂੰ ਤੋਰਿਆ। ਸੋਹਣੀਆਂ ਕਲਗੀਆਂ ਸਜਾਈਆਂ। ਪਤਾ ਹੈ ਸਰੀਰ ਕਰਕੇ ਦੁਬਾਰਾ ਮੇਲ ਨਹੀਂ ਹੋਣਾ।

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਜੀਤ ਕੌਰ ਜੀ ਨੇ ਪੁੱਛਿਆ ਸੀ ਕਿਸੇ ਸਮੇਂ ਸ੍ਰੀ ਅਨੰਦਪੁਰ ਸਾਹਿਬ। ਸੱਚੇ ਪਾਤਸ਼ਾਹ! ਸਾਹਿਬਜ਼ਾਦੇ ਵੱਡੇ ਹੋ ਰਹੇ ਨੇ। ਇਨ੍ਹਾਂ ਦੀਆਂ ਮੰਗਣੀਆਂ ਹੋਣ ਤੇ ਸ਼ਾਦੀਆਂ ਹੋਣ। ਦਸਮ ਪਾਤਸ਼ਾਹ ਨੇ ਕਿਹਾ ਸੀ, ਜੀਤ ਕੌਰ! ਮੰਗਣੀਆਂ ਤਾਂ ਹੋ ਗਈਆਂ। ਛੇਤੀ ਹੀ ਥੋੜ੍ਹੇ ਸਮੇਂ ਤਕ ਸ਼ਾਦੀਆਂ ਵੀ ਹੋ ਜਾਣੀਆਂ ਨੇ। ਦੋ ਦੀ ਮੰਗਣੀ ਸ੍ਰੀ ਚਮਕੌਰ ਸਾਹਿਬ। ਇਨ੍ਹਾਂ ਦੇ ਵਿਆਹ ਜਦੋਂ ਹੋਣਗੇ, ਲਾੜੀ ਮੌਤ ਨੂੰ ਵਿਆਹੁਣਗੇ ਤੇ 40 ਬਰਾਤੀ ਅਸੀਂ ਵੀ ਨਾਲ ਹੋਵਾਂਗੇ। ਦੋ ਦੀ ਮੰਗਣੀ ਸਰਹੰਦ ਹੈ, ਇਨ੍ਹਾਂ ਦੇ ਨਾਲ ਵੱਡੇ ਮਾਤਾ ਜੀ ਹੋਣਗੇ। ਇਹ ਲਾੜੀ ਮੌਤ ਨੂੰ ਵਿਆਹੁਣਗੇ ਤੇ ਇਹ ਮੌਤ ਮੇਰੀ ਨੂੰਹ ਰਾਣੀ ਬਣੇਗੀ –

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ – ੧੩੬੫*

ਜਿਸ ਵਕਤ ਜਾ ਰਹੇ ਨੇ ਜਿਥੇ ਤਿਆਰੀ ਹੋ ਰਹੀ ਜਿਥੇ ਨੀਹਾਂ ਵਿਚ ਖੜ੍ਹਾ ਕੇ ਚਿਣਾਈ ਕਰਨੀ ਹੈ। ਉਸ ਵੇਲੇ ਫੇਰ ਪੁੱਛਿਆ ਗਿਆ, ਸਾਮ, ਦਾਮ, ਦੰਡ, ਭੇਦ ਇਹ ਰਾਜਨੀਤੀ ਦੇ ਗੁਣ ਨੇ, ਹੈ ਔਗੁਣ ਪਰ ਰਾਜਨੀਤੀ 'ਚ ਵਰਤੇ ਜਾਂਦੇ ਨੇ। ਸਭ ਵਰਤਦੇ ਨੇ। ਪਰ ਫੇਲ੍ਹ ਹੋ ਰਹੇ ਨੇ। ਸਾਮ – ਬਾਹਰੋਂ ਹੱਥ ਜੋੜੋ, ਅੰਦਰੋਂ ਕਪਟ ਹੈ, ਬਾਹਰੋਂ ਮਿੱਠਾ ਬੋਲੋ, ਅੰਦਰ ਕਪਟ ਹੈ। ਪਰ ਸਾਹਿਬਜ਼ਾਦੇ ਜਾਣਦੇ ਨੇ। ਦਾਮ – ਲਾਲਚ ਦੇ ਦਿਓ ਪਰ ਕਿਸੇ ਲਾਲਚ ਨੂੰ ਨਹੀਂ ਮੰਨੇ ਸਾਹਿਬਜ਼ਾਦੇ। ਦੰਡ – ਸਜ਼ਾ, ਕਹਿੰਦੇ ਤਿਆਰ ਹਾਂ। ਭੇਦ – ਫੁੱਟ ਪਾਓ।

ਉਹਨਾਂ ਨੇ ਸੋਚਿਆ ਕਿ ਸਾਮ, ਦਾਮ, ਦੰਡ,

ਭੇਦ ਵਰਤ ਕੇ ਵੇਖ ਲੈਂਦੇ ਹਾਂ, ਪਰ ਫੇਲ੍ਹ ਹੋ ਗਏ। ਆਖਰੀ ਵਾਰ ਜਦੋਂ ਪੁੱਛਦੇ ਨੇ ਤਾਂ ਸਾਹਿਬਜ਼ਾਦੇ ਜਵਾਬ ਦਿੰਦੇ ਨੇ –

*ਹਮਰੋ ਬੰਸ ਰੀਤ ਇਮ ਆਈ।*
*ਸੀਸ ਦੇਤ ਪਰ ਧਰਮ ਨ ਜਾਈ।*

ਕਹਿੰਦੇ, ਤੁਹਾਨੂੰ ਪਤਾ ਨਹੀਂ ਕਿ ਅਸੀਂ ਕਿਸ ਵੰਸ ਵਿਚੋਂ ਹਾਂ? ਸੀਸ ਦੇ ਦਿਆਂਗੇ ਪਰ ਧਰਮ ਨਹੀਂ ਛੱਡਾਂਗੇ। ਨੀਹਾਂ ਵਿਚ ਖੜ੍ਹਾ ਕੇ ਚਿਣਾਈ ਸ਼ੁਰੂ ਹੁੰਦੀ ਹੈ। ਛਾਤੀਆਂ ਤਕ ਦੀਵਾਰ ਆ ਗਈ, ਸਾਹ ਘੁੱਟ ਰਹੇ, ਪਰ ਚੜ੍ਹਦੀ ਕਲਾ ਵਿਚ ਨੇ। ਜਲਾਦ ਨਹੀਂ ਕੋਈ ਮਿਲ ਰਿਹਾ। ਸ਼ਾਸਲ ਬੇਗ ਤੇ ਬਾਸਲ ਬੇਗ ਇਹ ਮਿਲੇ। ਉਹ ਵੀ ਇਨ੍ਹਾਂ ਦਾ ਕੇਸ ਸੀ ਸਰਹੰਦ, ਬਹੁਤ ਵੱਡਾ, ਉਹ ਕਹਿੰਦੇ ਕਿ ਕੇਸ ਸਾਡੇ ਹੱਕ 'ਚ ਕਰ ਦਿਓ, ਅਸੀਂ ਇਹ ਕੰਮ ਕਰਾਂਗੇ। ਨਹੀਂ ਤਾਂ ਜਲਾਦ ਵੀ ਜਵਾਬ ਦੇ ਗਏ ਸੀ।

ਕਾਜ਼ੀ ਫਤਵਾ ਸੁਣਾ ਰਿਹਾ, ਜਲਾਦ ਆ ਗਏ, ਸੂਬਾ ਬੈਠਾ ਹੈ, ਅਹਿਲਕਾਰ ਵੱਡੇ-ਵੱਡੇ ਬੈਠੇ ਨੇ। ਪਰ ਜਿਹੜੇ ਰੱਬ ਨੂੰ ਮੰਨਣ ਵਾਲੇ ਸਨ, ਗੁਰਸਿੱਖ, ਚਾਹੇ ਹਿੰਦੂ, ਚਾਹੇ ਮੁਸਲਮਾਨ; ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ ਕਰਨ ਵਾਲੇ, ਇਹ ਤਾਂ ਉਹ ਜਾਣਦੇ ਨੇ ਕਿ ਕੀ ਹੋ ਰਿਹੈ ਇਸ ਦੁਨੀਆਂ 'ਤੇ? ਉਸ ਵੇਲੇ ਜਦੋਂ ਉਪਰ ਨੂੰ ਦੀਵਾਰ ਆ ਗਈ ਤੇ ਇਨ੍ਹਾਂ ਜ਼ਾਲਮਾਂ ਨੇ ਤਲਵਾਰਾਂ ਚਲਾਈਆਂ ਸਾਹਿਬਜ਼ਾਦਿਆਂ 'ਤੇ। ਇਹ ਸੀਸ ਉਤਰੇ। ਇਹ ਵੀ ਬਚਨ ਆਉਂਦਾ ਹੈ ਕਿ ਜਦੋਂ ਇਕ ਸੀਸ ਡਿੱਗਾ, ਉਥੇ ਵੀ ਦੋਹਾਂ ਦੇ ਮੁੱਖ ਜਿਹੜੇ ਨੇ ਉਹ ਇਕੱਠੇ ਨੇ। ਕੁਝ ਇਤਿਹਾਸਕਾਰਾਂ ਨੇ ਲਿਖਿਆ ਕਿ ਸਰੀਰ ਕਰਕੇ ਸੁੰਨ ਹੋ ਗਏ। ਫੇਰ ਬਾਅਦ ਵਿਚ ਕੰਬਲ ਆਦਿ ਪਾਏ, ਹੋਸ਼ ਵਿਚ ਲਿਆਂਦਾ, ਫੇਰ ਪੁੱਛਿਆ। ਚੜ੍ਹਦੀ ਕਲਾ ਵਿਚ ਨੇ, ਫੇਰ ਉਹਨਾਂ ਨੂੰ ਸਖ਼ਤ ਸਜ਼ਾ ਦੇ ਕੇ, ਫੇਰ ਸ਼ਹੀਦ ਕੀਤਾ। ਪਰ ਆਮ ਜਿਹੜਾ ਹੈ, ਆਪ ਜੀਆਂ ਦੇ ਸੀਸ ਉਤੇ ਵਾਰ ਕੀਤੇ ਗਏ।

ਬਾਬਾ ਮੋਤੀ ਰਾਮ ਮਹਿਰਾ ਜੀ ਨੇ ਜਾ ਕੇ ਮਾਤਾ ਜੀ ਨੂੰ ਦਸਿਆ। ਮਾਤਾ ਜੀ! ਤੁਹਾਡੇ ਪੋਤਰੇ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ ਨੂੰ ਸ਼ਹੀਦ ਕੀਤਾ ਗਿਆ ਹੈ। ਬਹੁਤ ਕੁਝ ਐਸਾ ਇਤਿਹਾਸ ਵਿਚ ਲਿਖਿਆ ਹੈ ਜਿਹੜਾ ਗੁਰਮਤਿ ਨਾਲ ਬਿਲਕੁਲ ਨਹੀਂ ਮਿਲਦਾ। ਉਹ ਗੱਲ ਸਾਨੂੰ ਕਰਨ ਦੀ ਲੋੜ ਹੀ ਨਹੀਂ।

ਕਈਆਂ ਨੇ ਲਿਖਿਆ ਹੈ ਕਿ ਮਾਤਾ ਜੀ ਸ਼ਹੀਦ ਹੋਏ ਨੇ, ਕਈਆਂ ਨੇ ਦਸਿਆ ਹੈ ਕਿ ਉਹ ਸਾਰੇ ਰੋਸ ਵਿਚ, ਗੁੱਸੇ ਵਿਚ ਆਏ ਕਿ ਦਾਦੀ ਮਾਂ ਹੀ ਸਿਖਾਉਂਦੀ ਰਹੀ ਹੈ। ਮਾਤਾ ਜੀ ਨੂੰ ਬੁਰਜ ਤੋਂ ਸੁੱਟ ਕੇ ਸ਼ਹੀਦ ਕੀਤਾ ਗਿਆ। ਇਹ ਕੁਝ ਲਿਖਦੇ ਨੇ।

ਹੁਣ ਆਪਾਂ ਵਿਚਾਰ ਕਰਨੀ ਹੈ। ਮਾਤਾ ਜੀ ਦਾ ਰੋਮ-ਰੋਮ ਸ਼ਹੀਦ ਹੋਇਆ। ਠੰਢ ਦਾ ਦੁਖ ਘੱਟ ਨਹੀਂ, ਬਿਰਧ ਸਰੀਰ ਹੈ। ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲਿਆ ਗਿਆ, ਭਾਈ ਸਤੀ ਦਾਸ ਜੀ ਨੂੰ ਸਾੜ ਕੇ ਸ਼ਹੀਦ ਕੀਤਾ ਗਿਆ। ਇਹ ਠੰਢ ਦੀ ਵੀ ਇਕ ਬਹੁਤ ਵੱਡੀ ਸਜ਼ਾ ਸੀ, ਛੋਟੀ ਨਹੀਂ ਸੀ। ਪਰ ਮਾਤਾ ਜੀ ਨੇ –

*ਤੇਰਾ ਕੀਆ ਮੀਠਾ ਲਾਗੈ ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ ਅੰਗ – ੩੯੪*

ਸਭ ਆਪਣੇ 'ਤੇ ਝੱਲਿਆ ਤੇ ਅਰਦਾਸ ਕਰਕੇ ਮਾਤਾ ਜੀ ਨੇ ਸਰੀਰ ਛੱਡ ਦਿਤਾ, ਇਹ ਮਹਾਂਪੁਰਸ਼ਾਂ ਦੇ ਬਚਨ ਹਨ। ਮਾਤਾ ਜੀ ਦਾ ਰੋਮ-ਰੋਮ ਸ਼ਹੀਦ ਹੋਇਆ ਹੈ। ਉਹ ਦੁਖ ਜਿੰਨਾਂ ਮਾਤਾ ਜੀ ਨੇ ਝੱਲਿਆ ਆਪਣੇ 'ਤੇ ਸਾਧਸੰਗਤ ਜੀ! ਸਾਡੇ ਕੋਲ ਚੰਗੇ ਬਰਤਨ, ਗਰਮ ਖਾਣੇ, ਦੋ ਮਿੰਟ ਦੀ ਠੰਢ ਨਹੀਂ ਅਸੀਂ ਜਰ ਸਕਦੇ ਪਿਆਰਿਓ। ਉਥੇ ਤਾਂ ਨਾ ਕੋਈ ਬਸਤਰ, ਨਾ ਕੋਈ ਖਾਣਾ ਹੈ, ਠੰਢੀ ਹਵਾ ਹੈ। ਠੰਢਾ ਬੁਰਜ ਜਿਥੇ ਗਰਮੀਆਂ ਵਿਚ ਵੀ ਠੰਢ ਲਗਦੀ ਸੀ। ਮਾਤਾ ਜੀ ਨੂੰ ਸਜ਼ਾ ਘੱਟ ਨਹੀਂ ਦਿਤੀ। ਕੁਝ ਇਤਿਹਾਸਕਾਰਾਂ ਨੇ ਇਹ ਵੀ ਲਿਖਿਆ ਕਿ ਕੰਧ ਵਿਚ ਚਿਣਨ ਤੋਂ ਪਹਿਲਾਂ ਸਾਹਿਬਜ਼ਾਦਿਆਂ ਨੂੰ ਹੋਰ ਵੀ ਸਜ਼ਾਵਾਂ ਦਿਤੀਆਂ। ਪਿੱਪਲ ਨਾਲ ਬੰਨ੍ਹ ਕੇ ਗੁਲੇਲੇ ਵੀ ਮਾਰੇ ਨੇ। ਛਟੀਆਂ ਵੀ ਮਾਰੀਆਂ, ਹੋਰ ਸਜ਼ਾਵਾਂ ਵੀ ਦਿੰਦੇ ਰਹੇ। ਅਖੀਰ 'ਤੇ ਜਾ ਕੇ ਨੀਹਾਂ ਵਿਚ ਚਿਣਿਆ। ਮਾਤਾ ਜੀ ਤੇ ਸਾਹਿਬਜ਼ਾਦਿਆਂ ਦੇ ਸਰੀਰ ਨਾਲ ਹੀ ਹੰਸਲਾ ਨਦੀ ਸੀ, ਝਾੜੀਆਂ ਸਨ, ਉਥੇ ਰੱਖ ਦਿਤੇ ਗਏ। ਇਥੇ ਸ਼ੇਰ ਨੇ ਰਾਖੀ ਕੀਤੀ। ਕਿਸੇ ਜਾਨਵਰ ਨੂੰ, ਕਿਸੇ ਪੰਛੀ ਨੂੰ ਨੇੜੇ ਨਹੀਂ ਆਉਣ ਦਿਤਾ। ਬਾਬਾ ਟੋਡਰ ਮੱਲ ਨੂੰ ਪਤਾ ਲੱਗਾ ਤਾਂ ਕਿਹਾ ਕਿ ਜ਼ਮੀਨ ਜਿੰਨੀ ਲੈਣੀ ਹੈ ਮੋਹਰਾਂ ਵਿਛਾ ਕੇ ਲੈਣੀ ਪੈਣੀ ਹੈ। ਉਹ ਕਹਿੰਦਾ, ਠੀਕ ਹੈ। ਉਹ ਜਗ੍ਹਾਂ ਲਈ ਜਿਥੇ ਸਸਕਾਰ ਕਰਨਾ ਸੀ। ਜਦੋਂ ਮੋਹਰਾਂ ਵਿਛਾਉਣ ਲੱਗਾ ਟੋਡਰ ਮੱਲ। ਬੇਈਮਾਨ ਸੂਬਾ ਤੇ ਚੌਧਰੀ ਬੇਈਮਾਨ ਜਿਹਦੀ ਜ਼ਮੀਨ ਸੀ, ਕਹਿੰਦੇ, ਖੜ੍ਹੀਆਂ ਮੋਹਰਾਂ ਕਰਕੇ ਲਵਾਂਗੇ। ਸਾਰਾ ਧਨ ਲੇਖੇ ਲਾ ਦਿਤਾ, ਟੋਡਰ ਮੱਲ ਜੀ ਨੇ।

ਦੁਨੀਆਂ ਦੇ ਅੰਦਰ ਐਨੀ ਕੀਮਤ ਦੀ ਧਰਤੀ ਕੋਈ ਹੋਰ ਨਹੀਂ ਪਰ ਕੀਮਤਾਂ ਤਾਂ ਵਧਦੀਆਂ ਰਹਿੰਦੀਆਂ ਹਨ। ਭਾਵੇਂ ਕਿੰਨੀ ਕੀਮਤ ਦੀ ਦੁਨੀਆਂ ਅੰਦਰ ਧਰਤੀ ਮਿਲ ਜਾਵੇ, ਪਰ ਦੁਨੀਆਂ ਅੰਦਰ ਉਹ ਧਰਤੀ ਨਹੀਂ ਮਿਲਣੀ ਜਿਥੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਦਾ ਸਸਕਾਰ ਹੋਇਆ ਹੋਵੇ। ਇਹਦੀ ਬਰਾਬਰੀ ਕੋਈ ਕਰ ਹੀ ਨਹੀਂ ਸਕਦਾ, ਸਾਧਸੰਗਤ ਜੀ।

ਬਾਬਾ ਟੋਡਰ ਮੱਲ ਜੀ ਧੰਨ ਨੇ, ਬਾਬਾ ਮੋਤੀ ਰਾਮ ਮਹਿਰਾ ਜੀ ਪਰਿਵਾਰ, ਭਾਈ ਰਾਮ ਸਿੰਘ ਤੇ ਭਾਈ ਤਿਲੋਕ ਸਿੰਘ ਜਿਨ੍ਹਾਂ ਨੇ ਸਾਹਿਬਜ਼ਾਦਿਆਂ ਦੇ ਸਰੀਰ ਆ ਕੇ ਲੱਭੇ ਸਨ, ਚਮਕੌਰ ਦੀ ਗੜ੍ਹੀ ਦੇ ਜੰਗ ਦੇ ਵਿਚ ਤੇ ਜਿਹੜਾ ਅਧੂਰਾ ਸਸਕਾਰ ਸੀ, ਬੀਬੀ ਸ਼ਰਨ ਕੌਰ ਜੀ ਦਾ, ਸਿੰਘਾਂ ਦਾ, ਫੇਰ ਸਾਹਿਬਜ਼ਾਦਿਆਂ ਦਾ ਸਰੀਰ ਰੱਖ ਕੇ ਸਸਕਾਰ ਕੀਤਾ ਸੀ, ਭਾਈ ਰਾਮ ਸਿੰਘ ਤੇ ਭਾਈ ਤਿਲੋਕ ਸਿੰਘ ਨੇ। ਇਹ ਭਾਈ ਰਾਮ ਸਿੰਘ ਤੇ ਭਾਈ ਤਿਲੋਕ ਸਿੰਘ ਵੀ ਉਥੇ ਸਰਹੰਦ ਪਹੁੰਚੇ। ਜਿਥੇ ਬਬਾਨਸਰ ਹੈ ਇਥੋਂ ਅਰਥੀਆਂ ਤਿਆਰ ਕੀਤੀਆਂ। ਇਹ ਅਰਥੀਆਂ ਜਿਹੜੀਆਂ ਨੇ ਇਹ ਸ੍ਰੀ ਜੋਤੀ ਸਰੂਪ ਸਾਹਿਬ ਵਲ ਨੂੰ ਸਾਧਸੰਗਤ ਜੀ ਜਾ ਰਹੀਆਂ ਨੇ :

*ਵਾਹਵਾ-ਵਾਹਵਾ ਬਈ ਸਾਰਾ ਜਗ ਯਾਦ ਕਰੂ।*
*ਜਿਹੜੀ ਕਰਨੀ ਕਰ ਗਏ ਪਿਆਰੇ।*

ਇਥੇ ਸ੍ਰੀ ਜੋਤੀ ਸਰੂਪ ਗੁਰਦੁਆਰਾ ਸਾਹਿਬ ਹੈ, ਇਥੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਦੇ ਪਾਵਨ ਸਰੀਰਾਂ ਦਾ ਸਸਕਾਰ ਹੋਇਆ। ਧੰਨ ਹਨ ਜਿਨ੍ਹਾਂ ਨੇ ਸੰਸਾਰ ਦੇ ਭਲੇ ਵਾਸਤੇ ਦੇਸ਼, ਕੌਮ, ਧਰਮ ਵਾਸਤੇ, ਗਊ ਗਰੀਬ ਦੀ ਰੱਖਿਆ ਵਾਸਤੇ, ਜ਼ੁਲਮ ਦੀ ਅੱਗ ਬੁਝਾਉਣ ਵਾਸਤੇ ਆਪਣਾ ਆਪ ਵਾਰਿਆ। ਧੰਨ ਗੁਰੂ ਦਸ਼ਮੇਸ਼ ਪਿਤਾ ਸਰਬੰਸ ਦਾਨੀ ਪੁੱਤਰਾਂ ਦੇ ਦਾਨੀ, ਜਿਨ੍ਹਾਂ ਵਰਗਾ ਨਾ ਕੋਈ ਹੋਇਆ ਹੈ, ਨਾ ਕੋਈ ਹੋਣਾ ਹੈ।

ਅੱਜ ਅਸੀਂ ਉਹਨਾਂ ਸ਼ਹੀਦਾਂ ਨੂੰ ਨਮਸ਼ਕਾਰ ਕਰ ਰਹੇ ਹਾਂ। ਅਰਦਾਸ ਕਰੀਏ ਕਿ ਸੱਚੇ ਪਾਤਸ਼ਾਹ ਕ੍ਰਿਪਾ ਕਰੋ ਸਾਡੇ ਸਵਾਸ ਲੇਖੇ ਵਿਚ ਲਗ ਜਾਣ। ਅਸੀਂ ਉਹਨਾਂ ਦੀ ਯਾਦ ਮਨਾ ਰਹੇ ਹਾਂ। ਸਾਡੇ ਹਿਰਦੇ ਵਿਚ ਪਿਆਰ ਵਸੇ, ਨਾਮ ਬਾਣੀ ਵਸ ਜਾਵੇ, ਸ਼ਬਦ ਗੁਰੂ ਦੇ ਲੜ ਲਗ ਕੇ। ਕੋਟਿਨ ਕੋਟਿ ਵਾਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸ਼ਕਾਰ ਹੈ।

*ਵਾਹਿਗੁਰੂ ਜੀ ਕਾ ਖ਼ਾਲਸਾ।*
*ਵਾਹਿਗੁਰੂ ਜੀ ਕੀ ਫ਼ਤਹਿ।*

*(ਪੰਨਾ 24 ਦੀ ਬਾਕੀ)*

ਸੋ ਇਸ ਕਰਕੇ ਸੰਗਤ ਵਿਚ ਆ ਕੇ ਜੋ ਮਹਾਰਾਜ ਦੇ ਬਚਨ ਨੇ, ਭਾਵੇਂ ਇਕੋ ਹੀ ਲਾਈਨ ਹੈ ਪਰ ਇਸ ਦੇ ਵਿਚ ਐਨਾ ਕੁਝ, ਐਨਾ ਪ੍ਰਕਾਸ਼, ਐਨੀ ਚੀਜ਼ ਪਈ ਹੈ ਕਿ ਸਾਰੀਆਂ ਫਿਲਾਸਫੀਆਂ ਇਕੋ ਲਾਈਨ ਵਿਚ ਆ ਜਾਂਦੀਆਂ ਹਨ। ਜਿਸ ਮਾਇਆ ਨੇ ਖੰਡਾਂ ਬ੍ਰਹਿਮੰਡਾਂ ਨੂੰ ਮੋਹ ਲਿਆ ਉਸ ਤੋਂ ਛੁਟਣ ਦਾ ਤਰੀਕਾ ਇਕੋ ਹੀ ਹੈ ਕਿ ਸਾਧੂ ਦੀ ਸੰਗਤ ਵਿਚ ਸਮਾਓ ਹੋ ਜਾਵੇ। ਸਾਧੂ, ਪ੍ਰਮੇਸ਼ਰ ਦੀ ਕ੍ਰਿਪਾ ਬਗੈਰ ਨਹੀਂ ਮਿਲਦਾ ਕਿਉਂਕਿ rare ਹੈ (ਦੁਰਲੱਭ) ਹੈ ਇਹ, ਥਾਂ-ਥਾਂ ਨਹੀਂ ਹੋਇਆ ਕਰਦਾ ਸਾਧੂ - ਕੋਈ rare ਹੈ ਸਾਧੂ, ਨਾ ਸਾਧੂ ਦੀ ਪਛਾਣ ਹੁੰਦੀ ਹੈ ਕਿ ਕੌਣ ਸੰਤ ਹੈ। ਮਹਾਰਾਜ ਪਛਾਣ ਦਸਦੇ ਨੇ ਲੇਕਿਨ ਸਾਨੂੰ ਨਹੀਂ ਪਤਾ ਲਗਦਾ। ਮਹਾਰਾਜ ਜੀ ਇਹ ਕਹਿੰਦੇ ਨੇ ਕਿ ਉਸ ਤੇ ਕਦੇ ਵੀ ਅਗਿਆਨ ਦਾ ਝਲਕਾ ਨਹੀਂ ਪੈਂਦਾ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ - ੩੧੯*

ਉਸ ਨੂੰ ਵਾਹਿਗੁਰੂ ਵਿਸਰਦਾ ਨਹੀਂ ਹੈ। ਹਰ ਵਕਤ ਸਾਮ੍ਹਣੇ ਰਹਿੰਦਾ ਹੈ ਕਦੇ ਵੀ ਭੁੱਲ ਨਹੀਂ ਪੈਂਦੀ, ਨਾਲ ਰਹਿੰਦਾ ਹੋਇਆ ਹਰ ਵਕਤ ਯਾਦ ਰਹਿੰਦਾ ਹੈ, ਪਿਆਰ ਵਿਚ ਲੀਨ ਰਹਿੰਦਾ ਹੈ। ਸਾਡਾ ਇਹ ਫਰਕ ਹੈ ਕਿ ਅਸੀਂ ਇਸ ਵਾਹਿਗੁਰੂ ਦੀ ਹੋਂਦ ਨੂੰ ਭੁੱਲ ਜਾਂਦੇ ਹਾਂ, ਬਿਜਲੀ ਦਾ ਲਿਸ਼ਕਾਰਾ ਜਿਹਾ ਯਾਦ ਵਿਚ ਆਉਂਦਾ ਹੈ ਉਸ ਦੇ ਵਿਚ ਚਾਨਣਾ ਜਿਹਾ ਹੋ ਕੇ ਫੇਰ ਹਨ੍ਹੇਰੇ ਵਿਚ ਚਲੇ ਜਾਂਦੇ ਹਾਂ। ਜਿਸ ਨੂੰ ਮਹਾਂਪੁਰਸ਼ ਕਹਿੰਦੇ ਨੇ, ਸਾਧੂ ਕਹਿੰਦੇ ਨੇ, ਉਹ ਪ੍ਰਮੇਸ਼ਰ ਦੇ ਵਿਚ ਅਭੇਦ ਰਹਿੰਦਾ ਹੈ ਤੇ ਉਸ ਦੀ ਪਦਵੀ ਕਿੰਨੀ ਹੁੰਦੀ ਹੈ -

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - ੩੯੭*

ਇਨ੍ਹਾਂ ਬਚਨਾਂ ਦਾ ਅਸੀਂ ਆਪਣੀ-ਆਪਣੀ ਬੁੱਧੀ ਦੇ ਹਿਸਾਬ ਨਾਲ ਬਹੁਤ ਕਿਸਮ ਦਾ ਵਿਸ਼ਲੇਸ਼ਣ ਕਰਕੇ ਮਤਲਬ ਕਢਦੇ ਹਾਂ। ਉਹ ਮਤਲਬ ਕੱਢਣ ਦੇ ਨਾਲ ਅਸੀਂ ਫੇਰ ਰੁਲ ਜਾਂਦੇ ਹਾਂ। ਮਹਾਰਾਜ ਦਾ ਜੋ ਤੱਤ ਗਿਆਨ ਹੈ ਉਹ ਸਾਨੂੰ ਪ੍ਰਾਪਤ ਨਹੀਂ ਹੋ ਸਕਦਾ।

ਮਹਾਰਾਜ ਕ੍ਰਿਪਾ ਕਰਨ, ਸਾਨੂੰ ਵੀ ਸੰਗਤ ਦੇਣ- ਕਿਸੇ ਜਾਗੇ ਹੋਏ ਦੀ ਤੇ ਨਾਲ ਸਾਨੂੰ ਨਾਮ ਦਾ ਪ੍ਰਕਾਸ਼ ਬਖਸ਼ਣ ਫਿਰ ਸਾਡਾ ਵੀ ਉਧਾਰ ਹੋ ਜਾਵੇ। ਇਹੋ ਬੇਨਤੀ ਹੈ।

# ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ'*

*ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥*
*ਗੁਣ ਨਿਧਾਨ ਭਗਤਨ ਕਉ ਬਰਤਨਿ*
*ਬਿਰਲਾ ਪਾਵੈ ਕੋਈ ॥ ੧ ॥*
*ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥*
*ਜਾ ਕੀ ਸਰਣਿ ਪਇਆਂ ਸੁਖੁ ਪਾਈਐ*
*ਬਾਹੁੜਿ ਦੂਖੁ ਨ ਹੋਈ ॥ ੧ ॥ ਰਹਾਉ ॥*
*ਵਡਭਾਗੀ ਸਾਧਸੰਗੁ ਪਰਾਪਤਿ*
*ਤਿਨ ਭੇਟਤ ਦੁਰਮਤਿ ਖੋਈ ॥*
*ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ*
*ਜਿਨ ਹਰਿ ਨਾਮੁ ਰਿਦੈ ਪਰੋਈ ॥ ਅੰਗ - ੬੧੨*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ, ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ, ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਪਾਤਸ਼ਾਹ ਜੀ ਦੀ ਅਪਾਰ ਬਖਸ਼ਿਸ਼ ਹੋਈ ਹੈ ਐਲਸਬਰੈਂਟਾ, ਪਵਿੱਤਰ ਪਾਵਨ ਅਸਥਾਨ ਗੁਰਦੁਆਰਾ ਸਾਹਿਬ, ਬਹੁਤ ਹੀ ਸੁਹਾਵਣੀ ਜਗ੍ਹਾ, ਉੱਚੀ ਪਹਾੜੀ 'ਤੇ ਮਨਮੋਹਕ ਅਸਥਾਨ ਹੈ, ਜਿਵੇਂ ਸ੍ਰੀ ਅਨੰਦਪੁਰ ਸਾਹਿਬ, ਠੰਢੀ ਪੌਣ ਰੁਮਕਦੀ ਹੈ, ਇਥੇ ਉਹ ਜਗ੍ਹਾ ਯਾਦ ਆਉਂਦੀ ਹੈ। 1998 ਦੇ ਵਿਚ ਰਤਵਾੜਾ ਸਾਹਿਬ ਤੋਂ ਮਹਾਂਪੁਰਸ਼ ਇਥੇ ਆਏ। ਉਸ ਸਮੇਂ ਭਾਈ ਬਲਬੀਰ ਸਿੰਘ ਜੀ ਪ੍ਰਧਾਨ ਹੁੰਦੇ। ਬਹੁਤ ਸ਼ਰਧਾ ਪਿਆਰ ਦੇ ਨਾਲ ਮਹਾਂਪੁਰਸ਼ਾਂ ਦੇ ਬਚਨ ਆਏ ਕਿ ਇਸ ਤਰ੍ਹਾਂ ਦਾ ਪ੍ਰਬੰਧ, ਇਸ ਤਰ੍ਹਾਂ ਦਾ ਬਹੁਤ ਹੀ ਪਿਆਰਾ ਅਸਥਾਨ, ਬਹੁਤ ਘੱਟ, ਸੰਸਾਰ ਦੇ ਵਿਚ ਦਰਸ਼ਨ ਕਰਨ ਨੂੰ ਮਿਲਦਾ ਹੈ। ਸੋ ਭਾਗਾਂ ਵਾਲੇ ਹਨ ਜੋ ਇਸ ਅਸਥਾਨ 'ਤੇ ਨਿਰੰਤਰ ਜੁੜੇ ਹਨ। ਸੇਵਾ ਕਰਦੇ ਹਨ, ਸਿਮਰਨ ਕਰਦੇ ਹਨ, ਕ੍ਰਿਪਾ ਹੈ ਪਾਤਸ਼ਾਹ ਜੀ ਦੀ। ਰਹਿਮਤ ਹੈ ਕਿ ਸੰਗਤ ਨਾਮ ਅਭਿਆਸ ਵੀ ਕਰਦੀ ਹੈ। ਹਰਖੋਵਾਲ ਵਾਲੇ ਮਹਾਂਪੁਰਸ਼ਾਂ ਦੀ ਸੰਗਤ, ਹੋਰ ਸਤਿਸੰਗੀ ਕਿੰਨੇ ਐਸੇ ਪ੍ਰੇਮੀ ਮਿਲਦੇ ਹਨ, ਜਿਨ੍ਹਾਂ ਦੇ ਅੰਦਰ ਜਗਿਆਸਾ ਹੈ, ਸਤਿਸੰਗ ਕਰਦੇ ਹਨ, ਸਤਿਸੰਗ ਉਸ ਨੂੰ ਹੀ ਕਿਹਾ ਹੈ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਸਤਿਸੰਗ ਬਹੁਤ ਵੱਡੀ ਅਨਮੋਲ ਵਸਤੂ ਹੈ, ਜਿਸ ਵਾਤਾਵਰਣ ਵਿਚ ਆ ਕੇ 'ਨਾਮ' ਨਾਲ ਜੁੜਿਆ ਜਾਂਦਾ ਹੈ। ਗੁਰੂ ਪਾਤਸ਼ਾਹ ਜੀ ਦੀ ਪਾਵਨ ਹਜ਼ੂਰੀ ਦੇ ਵਿਚ ਬੈਠ ਕੇ ਅੰਦਰ ਦਾ ਪਤਾ ਲਗਦਾ ਹੈ, ਉਸੇ ਨੂੰ ਹੀ ਸਤਿਸੰਗ ਕਿਹਾ ਹੈ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ - ੨੯੩*

ਕਿਉਂਕਿ ਕਲਜੁਗ ਦਾ ਸਮਾਂ ਹੈ, ਤੁਸੀਂ ਕੀਰਤਨ ਸੁਣ ਰਹੇ ਸੀ -

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥ ਅੰਗ - ੧੦੭੫*

ਜਦੋਂ ਧਿਆਨ ਦੇ ਨਾਲ ਜੁੜ ਜਾਈਏ, ਫੇਰ ਕਿੰਨਾ ਹੀ ਰਸ ਆਉਂਦਾ ਹੈ। ਜਦੋਂ ਵਾਰੀ ਆਉਣ 'ਤੇ ਸ਼ਬਦ ਵਿਚ ਬੋਲਿਆ ਜਾਂਦਾ ਹੈ -

*ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥*
*ਅੰਗ - ੮੧੧*

ਇਸੇ ਕਰਕੇ ਤਿੰਨ ਹਿੱਸਿਆਂ ਦੇ ਵਿਚ, ਜਿਹੜੀ ਧਾਰਨਾ ਹੈ ਇਹ ਬੋਲੀ ਜਾਂਦੀ ਹੈ -

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥ ਅੰਗ - ੬੨੮*

ਦਾ ਸਿਧਾਂਤ ਪ੍ਰਗਟ ਕਰਦੀ ਹੈ ਕਿ ਕਿਵੇਂ 'ਨਾਮ' ਨਾਲ ਜੁੜਨਾ ਹੈ। ਸਾਰੀ ਬਾਣੀ ਹੀ ਗੁਰੂ ਹੈ, ਸਦਾ ਤੋਂ। ਇਹ ਨਹੀਂ ਕਿ ਹੁਣ ਹੈ, ਜੁਗੋ-ਜੁਗ ਅਟੱਲ ਹੈ। ਸਤਿਜੁਗ ਦਾ ਸਮਾਂ ਸੀ, ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ-

*ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।*
*ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।*
*ਭਾਈ ਗੁਰਦਾਸ ਜੀ*

ਕਿਹੋ ਜਿਹਾ ਸਮਾਂ ਸੀ, ਸਾਰੇ ਸੁਖ ਸਨ ਉਸ ਘਰ ਵਿਚ। ਜਿਵੇਂ ਇਥੇ ਤੁਸੀਂ ਸਾਰੇ ਸੁਖ ਦੇਖਦੇ ਹੋਂ। ਉਹ ਧੰਨਤਾ ਯੋਗ ਨੇ ਜਿਹੜੇ ਇਨ੍ਹਾਂ ਦੇ ਵਿਚੋਂ ਸਮਾਂ ਕੱਢ ਕੇ ਸਤਿਸੰਗ ਵਿਚ ਪਹੁੰਚਦੇ ਨੇ। ਉਸ ਸਮੇਂ ਵੀ ਐਸੇ ਸਤਿਸੰਗੀ ਜਨ ਸਨ ਜੋ ਨਾਮ ਬਾਣੀ

ਨਾਲ ਜੁੜਦੇ ਸਨ। ਕਿਉਂਕਿ ਬਾਣੀ ਸਦਾ ਤੋਂ ਹੀ ਗੁਰੂ ਚਲੀ ਆ ਰਹੀ ਹੈ। ਦੇਹ ਜੇ ਧਾਰੀ ਵੀ ਹੈ ਤਾਂ ਜੋ ਦੇਹ ਰਾਹੀਂ ਬਾਣੀ ਆਈ ਹੈ ਉਹ ਬਾਣੀ ਹੀ ਗੁਰੂ ਹੈ–

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥* *ਅੰਗ- ੯੮੨*

ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਜੀ ਦੇ 1430 ਅੰਗ 'ਨਾਮ' ਦੀ ਦੱਸ ਪਾ ਰਹੇ ਹਨ –

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥* *ਅੰਗ - ੭੯੭*

ਨਾਮ ਨਾਲ ਜੋੜ ਰਹੀ ਹੈ। ਜੋ ਵੀ ਬਾਣੀ ਨੂੰ ਵਿਚਾਰਦੇ ਹਨ, ਸੁਣਦੇ ਨੇ, ਸਮਝਦੇ ਹਨ ਪਤਾ ਲਗ ਜਾਂਦਾ ਹੈ ਕਿ 'ਨਾਮ' ਕਿੱਥੇ ਹੈ। 'ਨਾਮ' ਬਾਹਰ ਨਹੀਂ, ਬਾਹਰੋਂ ਤਾਂ ਗੁਰਮੰਤ੍ਰ ਦਿੰਦੇ ਹਨ। ਜਿਵੇਂ ਗੁਰਮਤਿ ਅਨੁਸਾਰ ਮੰਤ੍ਰ 'ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।' ਇਸ ਵਾਸਤੇ ਅਸੀਂ ਸਾਰੇ ਬਾਣੀ ਪੜ੍ਹਦੇ ਹਾਂ, ਸਾਰੀ ਬਾਣੀ ਦਾ ਸਾਰ 'ਜਪੁਜੀ ਸਾਹਿਬ' ਹੈ, ਜਪੁਜੀ ਸਾਹਿਬ ਦਾ ਸਾਰ ਮੂਲਮੰਤ੍ਰ ਹੈ ਅਤੇ ਮੂਲਮੰਤ੍ਰ ਦਾ ਸਾਰ 'ਵਾਹਿਗੁਰੂ' ਗੁਰਮੰਤ੍ਰ ਹੈ। ਅਸਲ 'ਚ –

*ਬੀਜ ਮੰਤ੍ਰੁ ਸਰਬ ਕੋ ਗਿਆਨੁ ॥* *ਅੰਗ- ੨੭੪*

ਹੁਣ ਉਹ ਮੰਤ੍ਰ ਨੂੰ ਜਪਦੇ-ਜਪਦੇ ਨਾਮ ਤੱਕ ਰੁਸਵਾਈ ਹੁੰਦੀ ਹੈ ਜੋ ਨਾਮ ਅੰਦਰ ਪਿਆ ਹੈ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ - ੨੯੩*

ਇਹ ਸਤਿਸੰਗ ਦੇ ਵਿਚ ਆ ਕੇ ਪਤਾ ਲਗਦਾ ਹੈ ਤੇ ਉਥੋਂ ਦੀ ਨਿਸ਼ਾਨੀ ਵੀ ਪਤਾ ਲਗਦੀ ਹੈ। ਜੋ ਬਾਣੀ ਦਸ ਪਾ ਰਹੀ ਹੈ ਕਿ ਕਿੱਥੇ ਪਿਆ ਹੈ ਐਸਾ ਇਹ 'ਨਾਮ'। ਉਸ ਦੀ ਨਿਸ਼ਾਨੀ ਦੱਸੀ ਹੈ –

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* *ਅੰਗ- ੨੯੩*

ਇਹ ਜਿਹੜਾ ਨਾਮ ਹੈ ਇਹ ਸਾਰਿਆਂ ਨੇ ਧਾਰਨ ਕੀਤਾ। ਬਹੁਤ ਭੁਲੇਖਾ ਪੈਂਦਾ ਹੈ ਜਦੋਂ ਕੋਈ ਦਸਦਾ ਹੈ ਕਿ ਚਲੋ ਫਲਾਣੇ ਤੋਂ ਨਾਮ ਮਿਲੇਗਾ, ਨਾਮ ਕਿਸੇ ਨੂੰ ਵੀ ਕਿਸੇ ਗੁਰੂ, ਪੀਰ, ਅਚਾਰੀਆ ਨੇ ਨਹੀਂ ਦਿਤਾ। ਗੁਰੂ ਗੁਰਮੰਤ੍ਰ ਤਾਂ ਦੇ ਸਕਦਾ ਹੈ, ਆਪਣੇ ਜਿਵੇਂ ਪੰਜ ਪਿਆਰੇ ਗੁਰਮੰਤ੍ਰ, ਮੂਲਮੰਤ੍ਰ ਦ੍ਰਿੜ੍ਹ ਕਰਵਾਉਂਦੇ ਹਨ। ਪਰ 'ਨਾਮ' ਤਾਂ ਅੰਦਰ ਹੈ, ਸਾਰਿਆਂ ਨੇ ਧਾਰਨ ਕੀਤਾ ਹੈ ਇਸ ਨੂੰ। ਕੋਈ ਵੀ ਐਸਾ ਨਹੀਂ ਜਿਸਨੇ ਇਸ ਨੂੰ ਧਾਰਨ ਨਾ ਕੀਤਾ ਹੋਵੇ।

ਅਸੀਂ ਆਤਮ ਸ਼ਹਿਜ਼ਾਦੇ ਹਾਂ ਪਰ ਸਾਨੂੰ ਪਤਾ ਨਹੀਂ ਲਗ ਰਿਹਾ, ਕਿਉਂਕਿ ਜਦੋਂ ਤਕ ਗੁਰੂ ਤੋਂ ਮੰਤਰ ਨਹੀਂ ਲਿਆ ਜਾਂਦਾ, ਕਮਾਈ ਵਾਲੇ ਜਿਹੜੇ ਗੁਰਮੁਖ ਪਿਆਰੇ ਨੇ, ਪ੍ਰੈਕਟੀਕਲ ਜਿਹੜਾ ਗਾਡੀ ਰਾਹ, ਉਸ 'ਤੇ ਚਲਦੇ ਹੋਏ, ਇਸ ਗੱਲ ਦਾ ਪਤਾ ਲਗਦਾ ਹੈ –

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* *ਅੰਗ - ੨੮੪*

ਸਾਰੇ ਜਿੰਨੇ ਵੀ ਖੰਡ ਬ੍ਰਹਿਮੰਡ ਹਨ ਇਹ ਸਾਰੇ ਨਾਮ ਆਸਰੇ ਹੀ ਹਨ, ਸਾਰੇ ਜੀਵ ਜੰਤੂਆਂ ਨੇ ਨਾਮ ਧਾਰਨ ਕੀਤਾ ਹੈ –

*ਹਰਿ ਅਉਖਧੁ ਸਭ ਘਟ ਹੈ ਭਾਈ ॥* *ਅੰਗ - ੨੫੯*

ਸਾਰਿਆਂ ਦੇ ਵਿਚ ਇਹ ਨਾਮ ਦੀ ਦਵਾਈ ਹੈ ਪਰ –

*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥* *ਅੰਗ - ੨੫੯*

ਵਿਧੀ ਪਤਾ ਨਹੀਂ ਲਗਦੀ। ਫਾਰਮੂਲਾ ਹੁੰਦਾ ਹੈ, ਐਲਜ਼ਬਰਾ ਪੜ੍ਹਨ ਵਾਲੇ ਜਾਣਦੇ ਹਨ। ਜਿੰਨੀ ਮਰਜ਼ੀ ਜੋੜ-ਤੋੜ ਕਰ ਲਓ, ਨੈੱਟ ਨਤੀਜਾ ਨਹੀਂ ਮਿਲਦਾ, ਜਦੋਂ ਤਕ ਫਾਰਮੂਲਾ ਨਹੀਂ ਵਰਤਿਆ ਜਾਂਦਾ। ਇਸੇ ਤਰ੍ਹਾਂ –

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥*
*ਅੰਗ - ੪੯੧*

ਹੁਣ ਗੁਰੂ ਦੀ ਕ੍ਰਿਪਾ ਨਾਲ, ਗੁਰ ਪ੍ਰਸਾਦੀ, ਉਹ ਜਿਹੜਾ ਰਾਮ ਦਾ ਨਾਮ ਹੈ ਉਹ ਮਨ ਵਿਚ ਵਸਦਾ ਹੈ। ਇਸ ਤਰ੍ਹਾਂ ਦੇ ਨਾਲ ਬਾਕੀਆਂ ਨੂੰ ਤਾਂ ਅਧਿਕਾਰ ਨਹੀਂ, ਸਾਨੂੰ ਹੈ ਕਿ ਸਤਿਸੰਗ ਵਿਚ ਆ ਕੇ, ਬੈਠ ਕੇ, ਇਹ ਅਭਿਆਸ ਕੀਤਾ ਜਾਵੇ। ਮਹਾਂਪੁਰਸ਼ ਜਦੋਂ ਪਹਿਲੀ ਵਾਰ ਇਥੇ ਕੈਲੇਫੋਰਨੀਆਂ ਦੇ ਵਿਚ ਆਏ, ਕਿਉਂਕਿ ਪਿਆਰ ਵਾਲੇ ਦੁਆਬੇ ਦੇ ਪ੍ਰੇਮੀ ਬਾਬਾ ਸਤਨਾਮ ਸਿੰਘ ਜੀ ਅਟਵਾਲ, ਜਿਨ੍ਹਾਂ ਦਾ ਬਹਿਰਾਮ ਨਗਰ ਹੈ, ਪਿੱਛੋਂ ਹੀ ਸੰਤਾਂ ਦੇ ਸੰਗੀ ਰਹੇ ਨੇ, ਬਾਬੇ ਕਹਿ ਕੇ ਉਨ੍ਹਾਂ ਨੂੰ ਬੁਲਾਉਂਦੇ, ਇਥੇ ਜਦੋਂ ਮਹਾਂਪੁਰਸ਼ ਆਏ ਉਹਨਾਂ ਨੇ ਇਹੀ ਕਿਹਾ ਕਿ ਸਤਿਸੰਗ ਕਰੋ। ਵਿਧੀ ਵੀ ਦਸ ਦਿਤੀ ਕਿ ਕਿਵੇਂ ਕਰਨਾ ਹੈ। ਚਾਰ ਬਾਣੀਆਂ ਹਨ – ਬੈਖਰੀ ਬਾਣੀ ਵਿਚ ਬੋਲ ਕੇ, ਵਾਹਿਗੁਰੂ-ਵਾਹਿਗੁਰੂ ਕੀਤਾ ਜਾਂਦਾ ਹੈ। ਜਦੋਂ ਬੋਲਦੇ-

ਬੋਲਦੇ ਅਭਿਆਸ ਐਨਾ ਪੱਕ ਜਾਂਦਾ ਹੈ, ਐਸੀ ਐਨਰਜੀ ਆਉਂਦੀ ਹੈ ਕਿ ਆਲੇ-ਦੁਆਲੇ ਜਿੰਨੀਆਂ waves ਹਨ, vibrations ਹਨ, ਓਰਾ ਹੈ, ਉਸ ਨਾਲ ਸਾਰਾ ਹੀ ਵਾਤਾਵਰਣ ਪਵਿੱਤਰ ਹੋ ਜਾਂਦਾ ਹੈ। ਪਾਤਸ਼ਾਹ ਜੀ ਕਹਿ ਰਹੇ ਨੇ ਇਸ ਗੱਲ ਨੂੰ ਤਾਂ ਛੱਡੋ, ਸਰੀਰ ਦੀ ਤਾਂ ਪਵਿੱਤਰਤਾ ਹੋਣੀ ਹੀ ਹੋਣੀ ਹੈ -

*ਕਬੀਰ ਸੁੋਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ ॥*
*ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ ॥*
*ਅੰਗ - ੧੩੭੦*

ਸਾਰਾ ਵਾਤਾਵਰਣ ਹੀ ਪਵਿੱਤਰ ਹੋ ਜਾਂਦਾ ਹੈ। ਬੈਖਰੀ ਬਾਣੀ, ਜਿਹੜੀ ਆਪਾਂ ਸਾਂਝ ਪਾਉਂਦੇ ਹਾਂ ਬੋਲ ਕੇ, ਇਸ ਨੂੰ ਬੈਖਰੀ ਬਾਣੀ ਕਿਹਾ ਹੈ। ਇਸ ਤਰ੍ਹਾਂ ਬੋਲ ਕੇ ਸ਼ੁਰੂਆਤ ਦੇ ਵਿਚ ਵਾਹਿਗੁਰੂ-ਵਾਹਿਗੁਰੂ-

*ਬਾਰੰ ਬਾਰ ਬਾਰ ਪ੍ਰਭੁ ਜਪੀਐ ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ ਅੰਗ - ੨੯੬*

ਇਹ ਮਨ ਤੇ ਤਨ ਕਿੰਨਾ ਪਵਿੱਤਰ ਹੋ ਜਾਂਦਾ ਹੈ। ਪਹਿਲੇ ਸਮਿਆਂ ਵਿਚ ਜਦੋਂ ਵਿਦਿਆ ਪੜ੍ਹਾਈ ਜਾਂਦੀ ਸੀ। ਮੁਹਾਰਨੀ, ਪਹਿਲਾਂ ਉਸਤਾਦ ਬੋਲਦਾ ਸੀ ਫੇਰ ਪਿੱਛੇ ਬੱਚੇ ਬੋਲਦੇ ਸਨ। ਪੁਰਾਣੇ ਬਜ਼ੁਰਗਾਂ ਨੂੰ ਪਤਾ ਹੈ। ਬੋਲਿਆ ਹੋਇਆ ਕਿਵੇਂ ਜ਼ਿਹਨ ਦੇ ਅੰਦਰ ਵਸ ਜਾਂਦਾ ਸੀ। ਉਚੀਆਂ ਜਮਾਤਾਂ ਦੇ ਵਿਚ ਬੈਖਰੀ ਬਾਣੀ ਤੋਂ ਬਾਅਦ ਫੇਰ ਮਧਮਾ ਬਾਣੀ, ਉਹਦੇ ਵਿਚ ਬੁੱਲ੍ਹ ਵੀ ਹਿਲਦੇ ਹਨ। ਜੀਭ ਵੀ ਹਿਲਦੀ ਹੈ ਪਰ ਅਵਾਜ਼ ਬਾਹਰ ਨਹੀਂ ਸੁਣਾਈ ਦਿੰਦੀ, ਅੰਦਰ ਸੁਣਦੀ ਹੈ। ਸੁਣਨ ਦਾ ਜੋ ਮਹਾਤਮ ਹੈ, ਚਾਰ ਪਉੜੀਆਂ 'ਜਪੁਜੀ ਸਾਹਿਬ' ਦੇ ਵਿਚ ਸਾਰਾ ਹੀ ਸੁਣਨ ਦਾ ਹੀ ਦਸਿਆ ਹੈ -

*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ - ੨*

ਕਿੰਨੀ ਖੁਸ਼ੀ, ਕਿੰਨਾ ਖੇੜਾ ਆਉਂਦਾ ਹੈ ਜਦੋਂ ਇਹਨੂੰ ਅੰਦਰ ਸੁਣੀਏ। ਜਿਹੜਾ ਬੈਖਰੀ ਤੋਂ ਮਧਮਾ ਬਾਣੀ ਵਿਚ ਪ੍ਰਵੇਸ਼ ਕਰ ਜਾਣਾ ਹੈ, ਦਸ ਗੁਣਾ ਫਲ ਵਧ ਜਾਂਦਾ ਹੈ। ਕਿਉਂਕਿ ਪਉੜੀ ਦਰ ਪਉੜੀ ਅੱਗੇ ਚੜ੍ਹੀਦਾ ਹੈ। ਉਸ ਵਿਚ ਫਲ ਦਸ ਗੁਣਾਂ ਵਧ ਜਾਂਦਾ ਹੈ ਤੇ ਅਨੰਦ ਵੀ ਆਉਂਦਾ ਹੈ। ਹੋਰ ਵੀ ਵਧ ਜਾਂਦਾ ਹੈ ਜਦੋਂ ਮਧਮਾ ਬਾਣੀ ਤੋਂ ਪਸੰਤੀ ਬਾਣੀ ਵਿਚ ਪ੍ਰਵੇਸ਼ ਕਰੀਦਾ ਹੈ। ਉਹਦੇ ਵਿਚ ਜੀਭ ਵੀ ਨਹੀਂ ਫੇਰ ਹਿਲਦੀ, ਕਿਉਂਕਿ ਜਿਹੜੀ ਜਿਹਭਾ ਹੈ ਇਹ ਨਾਮ ਜਪ ਕੇ ਪਵਿੱਤਰ ਹੁੰਦੀ ਹੈ। ਜੇ ਇਹ ਨਹੀਂ ਨਾਮ ਜਪਦੀ -

*ਰੇ ਜਿਹਬਾ ਕਰਉ ਸਤ ਖੰਡ ॥*
*ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥ ਅੰਗ - ੧੧੬੩*

ਕਹਿੰਦੇ, ਸੌ ਟੁਕੜੇ ਕਰ ਦਿਓ ਇਹਦੇ। ਜਿਹੜਾ ਨਾਮ ਜਪਦਾ ਹੈ ਉਹਨੂੰ ਧੰਨ ਕਿਹਾ ਹੈ। ਉਹ ਮੁਖ ਵੀ ਧੰਨ ਹੈ।

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥ ਅੰਗ - ੧੨੫੬*

ਅਵਸਥਾਵਾਂ ਹਨ। ਇਹ ਕਰਦੇ-ਕਰਦੇ ਕਿੰਨਾਂ ਸੋਹਣਾ ਲਗਦਾ ਹੈ ਉਹ ਮੁਖੜਾ ਜੋ ਨਾਮ ਜਪਦਾ। ਬੈਖਰੀ ਬਾਣੀ ਤੋਂ ਮਧਮਾ ਬਾਣੀ, ਮਧਮਾ ਤੋਂ ਪਸੰਤੀ ਬਾਣੀ, ਫੇਰ ਇਹ ਹਿਰਦੇ ਦੀ ਬਾਣੀ ਹੈ। ਟੈਲੀਪੈਥੀ। ਜਿਵੇਂ ਕਿ ਕੋਈ ਗੱਲ ਕਹਿਣ ਲੱਗਿਆ, ਪਹਿਲਾਂ ਤੁਹਾਨੂੰ ਪਤਾ ਲਗ ਜਾਂਦਾ ਹੈ। face reading ਵੀ ਹੁੰਦੀ ਹੈ। ਅੱਜਕਲ੍ਹ ਤਾਂ ਸਾਇੰਸ ਬਹੁਤ ਗੱਲਾਂ ਸਿੱਧ ਕਰ ਰਹੀ ਹੈ। ਪਤਾ ਲਗ ਜਾਂਦਾ ਹੈ ਕਿ ਕੀ ਕਹਿਣਾ ਚਾਹੁੰਦਾ ਹੈ। ਉਹੀ ਹਿਰਦੇ ਦੀ ਬਾਣੀ ਹੈ। ਫੇਰ ਅੰਦਰ ਜੀਭ ਵੀ ਨਹੀਂ ਹਿਲਦੀ। ਕਿਉਂਕਿ ਰਸਤਾ ਹੀ ਐਸਾ ਤਹਿ ਕਰਨਾ ਹੁੰਦਾ ਹੈ, ਉਥੇ ਬਿਨਾਂ ਪੈਰਾਂ ਤੋਂ ਚੱਲਣਾ ਹੈ, ਬਿਨਾਂ ਹੱਥਾਂ ਤੋਂ ਕਰਨਾ ਹੈ, ਬਿਨਾਂ ਜਿਹਵਾ ਤੋਂ ਬੋਲਣਾ ਹੈ, ਬਿਨਾਂ ਕੰਨਾਂ ਤੋਂ ਸੁਣਨਾ ਹੈ, ਅੱਖਾਂ ਤੋਂ ਬਿਨਾਂ ਦੇਖਣਾ ਹੈ। ਕਿਉਂਕਿ ਦਿੱਬ ਨੇਤਰ ਮਿਲ ਜਾਂਦੇ ਨੇ। ਇਹ ਅੱਖਾਂ ਤਾਂ ਬਾਹਰ ਨੂੰ ਖੁਲ੍ਹਦੀਆਂ ਨੇ, ਬਾਹਰ ਦਾ ਦੇਖਦੀਆਂ ਹਨ, ਚੰਮ ਦ੍ਰਿਸ਼ਟੀ ਹੈ। ਚੰਮ ਦਰਸੀ ਹੈ। ਆਤਮ ਦਰਸੀ ਬਣਨਾ ਹੈ। ਇਸ ਕਰਕੇ ਬਾਹਰੋਂ ਇਹਨਾਂ ਨੂੰ ਰੋਕਣਾ ਹੈ, ਜਿੰਨੇ ਵੀ ਦਰਵਾਜ਼ੇ ਹਨ ਸਰੀਰ ਦੇ, ਦੇਖ ਲਓ ਇਹ ਸਾਰੇ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ- ੯੫੪*

ਹੁਣ ਸਾਰੇ ਕੰਨ ਵੀ ਬਾਹਰਲਾ ਸੁਣਦੇ ਨੇ, ਅੱਖਾਂ ਵੀ ਬਾਹਰ ਨੂੰ ਦੇਖਦੀਆਂ ਨੇ, ਨੱਕ ਵੀ ਬਾਹਰ ਦੇ ਰਸਾਂ ਨੂੰ ਸੁੰਘਦਾ ਹੈ। ਹੋਰ ਇੰਦਰੇ ਸਾਰੇ ਹੀ ਵਿਸ਼ੇ-ਵਿਕਾਰਾਂ ਵਲ ਨੂੰ ਪ੍ਰੇਰਿਤ ਕਰਦੇ ਨੇ ਕਿਉਂਕਿ ਐਸੀ ਭੁੱਲ ਪੈ ਗਈ -

*ਨਉ ਘਰ ਦੇਖਿ ਜੁ ਕਾਮਨਿ ਭੂਲੀ*

*ਬਸਤੁ ਅਨੂਪ ਨ ਪਾਈ ॥ ਅੰਗ - ੩੩੯*

ਉਹ ਜਿਹੜੀ ਉਪਮਾ ਤੋਂ ਰਹਿਤ ਵਸਤੂ ਹੈ ਉਹ ਕਹਿਣ ਤੋਂ ਬਾਹਰ ਦੀ ਬਾਤ ਹੈ। ਹੁਣ ਐਸਾ ਅਨੰਦ, ਐਸਾ ਰਸ, ਰਸੀਏ ਪੁਰਸ਼ ਮਾਣਦੇ ਹਨ। ਅਵਸਥਾਵਾਂ ਹਨ, ਫਲ ਵਧਦਾ ਚਲਿਆ ਜਾਂਦਾ ਹੈ। ਫੇਰ ਉਸ ਤੋਂ ਉਤੇ ਸਵਾਸ ਦੇ ਉਤੇ ਨਾਮ ਆ ਜਾਂਦਾ ਹੈ, ਉਸ ਨੂੰ ਪਰਾ ਬਾਣੀ ਕਿਹਾ ਜਾਂਦਾ ਹੈ। ਨਾਭੀ 'ਤੇ ਜ਼ੋਰ ਦਿਤਾ ਜਾਂਦਾ ਹੈ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ- ੨੯੫*

ਹੁਣ ਹਰ ਗੱਲ 'ਚ ਆਲੋਚਕ ਆਲੋਚਨਾ ਕਰ ਦਿੰਦਾ ਹੈ ਕਿ ਇਸ ਦਾ ਮਤਲਬ ਕੀ ਹੈ, ਇਸ ਦਾ ਫਾਇਦਾ ਕੀ ਹੈ? ਬਾਣੀ ਪੜ੍ਹੋ, ਪਹਿਲੀ ਹੀ ਅਸਟਪਦੀ ਸੁਖਮਨੀ ਸਾਹਿਬ ਦੀ, ਉਸ ਦੇ ਵਿਚ ਫੁਰਮਾਨ ਆਇਆ ਹੈ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਅੰਗ - ੨੬੨*

ਕਿ ਤੁਹਾਨੂੰ ਸੁਖ ਦੀ ਪ੍ਰਾਪਤੀ ਹੋਵੇਗੀ -

*ਕਲਿ ਕਲੇਸ ਤਨ ਮਾਹਿ ਮਿਟਾਵਉ ॥ ਅੰਗ - ੨੬੨*

ਜਿੰਨਾਂ ਵੀ ਕਲ੍ਹਾ ਕਲੇਸ਼ ਹੈ, ਤਨ ਦੇ ਪੰਜ ਕਲੇਸ਼ ਗਿਣੇ ਨੇ। ਅਸਮਿਤਾ, ਅਵਿਦਿਆ, ਅਭਿਨਿਵੇਸ਼, ਰਾਗ, ਦਵੈਸ਼; ਇਹ ਸਭ ਦੇ ਹੀ ਗਲ ਪਏ ਹੋਏ ਨੇ। ਇਹ ਸਾਰੇ ਕਲ੍ਹਾ ਕਲੇਸ਼ ਮੁੱਕ ਜਾਂਦੇ ਹਨ। ਪਹਿਲੀ ਹੀ ਨਿਸ਼ਾਨੀ ਸਤਿਸੰਗ ਦੀ ਇਹ ਮਿਲਦੀ ਹੈ ਕਿ ਜਿਥੇ ਕੋਈ ਆਪਣਾ, ਬੇਗਾਨਾ, ਰਾਗ ਜਾਂ ਦ੍ਵੈਸ਼ ਖਤਮ ਹੋ ਜਾਂਦਾ ਹੈ। ਅਦ੍ਵੈਤ ਸਿਧਾਂਤ 'ਤੇ ਇਨਸਾਨ ਚੱਲਣਾ ਸ਼ੁਰੂ ਹੋ ਜਾਂਦਾ ਹੈ। ਫੇਰ ਅਰਦਾਸ ਵਿਚ ਉਸ ਵਲੋਂ ਮੰਗ ਕੀਤੀ ਹੈ -

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਦਾ ਭਲਾ।*

ਫੇਰ ਇਹ ਨਿਸ਼ਾਨੀ ਹੈ। ਕੀ ਨਿਸ਼ਾਨੀ ਹੈ? -

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ - ੧੨੯੯*

ਫੇਰ ਕੋਈ ਦੂਜਾ ਨਹੀਂ, ਰਾਗ ਦ੍ਵੈਸ਼ ਖਤਮ ਹੋ ਜਾਂਦਾ ਹੈ। ਆਪਣੇ ਬੇਗਾਨੇ ਨਹੀਂ ਰਹਿੰਦੇ, ਤਨ ਦੇ ਜਿੰਨੇ ਕਲੇਸ਼ ਹਨ, ਖਤਮ ਹੋ ਜਾਂਦੇ ਹਨ। ਸਿਮਰਨ ਕਹਿੰਦੇ ਨੇ ਉਹਦੀ ਯਾਦ ਨੂੰ, ਉਹਨੂੰ ਯਾਦ ਰੱਖਣਾ। ਜਦੋਂ ਹੁਣ ਹਿਰਦੇ ਦੇ ਵਿਚ ਇਹ ਵਸ ਜਾਂਦਾ ਹੈ ਇਹਦੇ ਨਾਲ ਫੇਰ ਅਨੰਦ ਐਨਾ ਵਰਤ ਜਾਂਦਾ ਹੈ ਜਿਥੇ ਵੀ ਇਹ ਬੈਠੇਗਾ -

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥ ਅੰਗ - ੩੧੯*

ਕਿਉਂਕਿ ਉਹ ਆਪਣੇ ਸਮਰੱਥ ਪੁਰਸ਼ ਨੂੰ ਯਾਦ ਕਰਦੇ ਹਨ। ਇਸੇ ਕਰਕੇ ਇਥੇ ਸੰਗਤੀ ਰੂਪ ਵਿਚ ਕਰਦੇ ਹਾਂ। ਇਹ ਮੰਤ੍ਰ ਜਪਣ ਦੇ ਨਾਲ ਨਾਮ ਤੱਕ ਪਹੁੰਚ ਹੋ ਜਾਂਦੀ ਹੈ। ਚਲੋ ਸ਼ੁਰੂਆਤ ਵਿਚ ਜੇ ਇਸ ਤੋਂ ਨਹੀਂ ਹੁੰਦਾ। ਕਿਉਂਕਿ ਔਖਾ ਹੈ, ਜੇ ਕਹੀਏ ਪਹਿਲੇ ਦਿਨ ਹੀ ਹਾਈ ਕਲਾਸ ਦੀ ਗੱਲ ਕਰੀਏ। ਉਸ ਸਮੇਂ ਸਮਝ ਨਹੀਂ ਆਉਂਦੀ। ਬਹੁਤ ਜੁਗਤੀਆਂ ਹਨ ਸਤਿਪੁਰਸ਼ਾਂ ਕੋਲ। ਤੁਰਦੇ ਹੋਂ, ਇਕ ਕਦਮ ਪੁੱਟੋ 'ਸਤਿਨਾਮੁ' ਕਹੋ, ਦੂਸਰਾ ਰਖਦੇ ਹੋਂ, 'ਵਾਹਿਗੁਰੂ ਕਹੋ। ਸੈਰ ਕਰਦੇ ਹੋਂ, ਪੈਦਲ ਚਲਦੇ ਹੋਂ, ਕਦਮ-ਕਦਮ ਦੇ ਨਾਲ ਸਿਮਰਨ ਕਰੋ -

*ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ।*
*ਸਤਿਗੁਰ ਕੋਟਿ ਪੈਂਡਾ ਆਗੈ ਹੋਇ ਲੇਤ ਹੈ।*

ਗੁਰੂ ਵਲ ਨੂੰ ਚੱਲੋ। ਉਸ ਮੁਖ ਨੂੰ ਧੰਨ ਕਿਹਾ ਹੈ ਕਿਉਂਕਿ ਸਾਰੀਆਂ ਇਛਾਵਾਂ, ਪ੍ਰਭੂ ਦੇ ਸਿਮਰਨ ਦੀਆਂ ਬਰਕਤਾਂ ਹਨ -

*ਇਛਾ ਪੂਰਕੁ ਸਰਬ ਸੁਖਦਾਤਾ*
*ਹਰਿ ਜਾ ਕੈ ਵਸਿ ਹੈ ਕਾਮਧੇਨਾ ॥*
*ਸੋ ਐਸਾ ਹਰਿ ਧਿਆਈਐ ਮੇਰੇ*
*ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥ ਅੰਗ- ੬੭੦*

ਜੇ ਸਾਰੇ ਸੁਖਾਂ ਨੂੰ ਤੂੰ ਚਾਹੁੰਦਾ ਹੈਂ ਫੇਰ -

*ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥*
*ਹਲਤਿ ਪਲਤਿ ਮੁਖ ਊਜਲ ਹੋਈ ਹੈ*
*ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਅੰਗ - ੬੭੦*

ਗੁਰੂ ਦੇ ਦੁਆਰੇ ਆ ਕੇ ਇਸ ਗੱਲ ਦੀ ਸੋਝੀ ਮਿਲਦੀ ਹੈ, ਸੂਝ-ਬੂਝ ਪੈਦਾ ਹੁੰਦੀ ਹੈ। 'ਹਲਤਿ' ਇਹ ਲੋਕ, 'ਪਲਤਿ' ਪਰਲੋਕ ਦੋਵੇਂ ਸੰਵਰ ਜਾਂਦੇ ਹਨ, ਸਿਮਰਨ ਕਰਨ ਨਾਲ, ਉਸ ਨੂੰ ਯਾਦ ਕਰਨ ਦੇ ਨਾਲ-

*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ਅੰਗ - ੮*

ਫੇਰ ਦੁਖ ਨਹੀਂ ਵਿਆਪਦੇ, ਜੇ ਦੁਖ ਆਇਗਾ ਵੀ -

*ਦੁਖੁ ਦਾਰੂ ਸੁਖੁ ਰੋਗੁ ਭਇਆ*
*ਜਾ ਸੁਖੁ ਤਾਮਿ ਨ ਹੋਈ ॥ ਅੰਗ - ੪੬੯*

ਦਾਰੂ ਬਣ ਜਾਂਦਾ ਹੈ। ਅੱਜ ਦੇਖੋ -

*ਨਾਨਕ ਦੁਖੀਆ ਸਭੁ ਸੰਸਾਰੁ॥ ਅੰਗ - ੯੫੪*

ਬਾਬਾ ਸਤਨਾਮ ਸਿੰਘ ਜੀ ਨੇ ਜਦੋਂ ਸਰੀਰ ਛੱਡਿਆ। ਯੂ.ਟਿਊਬ 'ਤੇ ਪਾਇਆ ਹੈ ਵੀਡੀਓ ਬਣ ਰਹੀ ਸੀ। ਕਿਉਂਕਿ ਉਹਨਾਂ ਨੇ ਮਹਾਂਪੁਰਸ਼ਾਂ ਦੀ ਲਾਈ ਡਿਊਟੀ ਅਨੁਸਾਰ ਇਹ ਅਭਿਆਸ ਆਪ ਕੀਤਾ, ਇਥੇ ਸਨਹੋਜ਼ੇ ਸੰਗਤਾਂ ਨੂੰ ਅੰਮ੍ਰਿਤ ਵੇਲੇ ਕਰਵਾਉਂਦੇ, ਸੰਗਤੀ ਰੂਪ ਵਿਚ। ਅੰਤ ਸਮਾਂ ਤਾਂ ਚਲੋ ਆਉਣਾ ਹੀ ਹੈ ਸਭ ਦਾ। ਪਰ ਦੇਖੋ ਬਚਨ ਸੁਣ ਕੇ, ਉਹ ਕਹਿ ਰਹੇ ਨੇ ਕਿ - 'ਨਾਨਕ ਦੁਖੀਆ ਸਭੁ ਸੰਸਾਰੁ॥' ਇਹਦੀ ਵਿਆਖਿਆ ਕਰਦੇ ਕਿ ਸਾਰੇ ਸੰਸਾਰ ਵਿਚ ਆਹ ਅਮਰੀਕਾ ਵੀ ਆ ਗਿਆ, ਸਾਰੇ ਹੀ ਆ ਗਏ ਕਿੰਨੇ ਪਦਾਰਥ ਨੇ, ਇਹਨਾਂ 'ਚ ਸੁਖ ਤਾਂ ਨਹੀਂ। ਸੁਖ ਤਾਂ 'ਨਾਮ' ਵਿਚ ਹੈ, ਇਹ ਦ੍ਰਿੜ੍ਹ ਕਰਵਾਉਂਦੇ। ਕਿਉਂਕਿ ਸਾਰੇ ਦੁਖਾਂ ਦਾ, ਰੋਗਾਂ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ। ਹੁਣ ਐਸਾ ਉਹਨਾਂ ਨੇ ਧਿਆਨ ਪ੍ਰਪੱਕ ਕਰ ਲਿਆ। 'ਅੰਤ ਮਤੇ ਸੋ ਗਤੇ' ਨਹੀਂ ਤਾਂ ਕਿੰਨਾ ਸਮਾਂ ਲਗਦਾ -

*ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥*

*ਅੰਗ - ੧੩੭੭*

ਆਖਰੀ ਸਵਾਸ 'ਤੇ ਇਹ ਗੁਰੂ ਦਾ ਮੰਤ੍ਰ ਆਇਆ, ਸਾਰੇ ਦੁਖਾਂ ਤੋਂ ਛੁਟਕਾਰਾ ਪਾ ਲਿਆ। ਜਨਮ ਮਰਨ ਦੇ ਦੁਖ ਹੀ ਬੜੇ ਵੱਡੇ ਨੇ -

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥ ਅੰਗ - ੧੨੫੬*

ਸੋ ਸਾਰਿਆਂ ਦਾ ਇਲਾਜ ਇਹੀ ਹੈ। ਜਿਥੇ ਯਾਦ ਕਰਾਂਗੇ -

*ਜਹ ਹਰਿ ਸਿਮਰਨੁ ਭਇਆ*
*ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ ॥*
*ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ*
*ਜਪਿ ਹਰਿ ਭਵਜਲੁ ਤਰਨਾ ॥ ਅੰਗ - ੬੭੦*

ਅੰਦਰ ਨੂੰ ਸਵਾਸ ਜਾਂਦਾ ਹੈ, ਜਿੰਨਾ ਡੂੰਘਾ ਜਾਂਦਾ ਹੈ, ਜਦੋਂ ਸਾਹ ਲਈਏ ਪੂਰਾ ਪੇਟ ਭਰ ਕੇ ਲਈਏ। ਬਾਹਰ ਨੂੰ ਆਵੇ ਜਿੰਨੀ ਵੀ ਆਕਸੀਜਨ ਹੈ। ਸਵੇਰੇ-ਸਵੇਰੇ ਤਾਂ ਜ਼ਰੂਰ ਕਰੋ ਕਿਉਂਕਿ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ - ੩੦੫*

ਮਨ ਦਾ ਸੁਭਾਅ ਹੈ ਦੌੜਨਾ, ਇਹ ਸੂਖਸ਼ਮ ਹੈ। ਹਵਾ ਵੀ ਸੂਖਸ਼ਮ ਹੈ। ਇਹ ਸਵਾਸ ਦੀ ਸਵਾਰੀ ਕਰਦਾ ਹੈ -

*ਕਹੈ ਕਬੀਰੁ ਸੁਨਹੁ ਰੇ ਸੰਤਹੁ*
*ਇਹੁ ਮਨੁ ਉਡਨ ਪੰਖੇਰੂ ਬਨ ਕਾ ॥ ਅੰਗ- ੧੨੫੩*

ਮਨ ਨੂੰ ਕੰਟਰੋਲ ਕਰਨਾ ਹੈ, ਮਨ ਦਾ ਹੀ ਸਾਰਾ ਕੰਮ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*

*ਅੰਗ - ੩੪੨*

ਜਿੰਨਾ ਸਵਾਸ ਨੂੰ ਕੰਟਰੋਲ ਕਰ ਲਿਆ ਕਿਉਂਕਿ ਇਹਦੀ ਸਵਾਰੀ ਇਹੀ ਹੈ। ਇਸ 'ਤੇ ਸਵਾਰ ਕਰ ਦਿਓ 'ਵਾਹਿ' ਡੂੰਘਾ ਲਿਜਾਓ, ਆਕਸੀਜਨ ਅੰਦਰ ਜਾਵੇ, ਪ੍ਰਾਣ ਵਾਯੂ। ਬਾਹਰ ਜਦੋਂ ਆਵੇ ਤਾਂ 'ਗੁਰੂ' ਜਦੋਂ ਕਾਰਬਨ ਡਾਈ ਆਕਸਾਈਡ ਆਉਣੀ ਹੈ ਪੇਟ ਪੂਰਾ ਅੰਦਰ ਲਗ ਗਿਆ। ਅੰਦਰੋਂ ਫੇਰ -

*ਦੁਖ ਰੋਗ ਕਾ ਡੇਰਾ ਭੰਨਾ ॥ ਅੰਗ - ੬੨੭*

ਫੇਰ ਇਹਦੇ ਉਤੇ ਗੁਰੂ ਦਾ ਮੰਤਰ ਹੋਵੇ, ਆਖਰੀ ਸਵਾਸ 'ਤੇ ਵੀ ਇਹ ਆ ਜਾਵੇਗਾ ਤੇ ਗੁਰੂ ਦੇ ਲੋਕ ਨੂੰ ਲੈ ਜਾਵੇਗਾ। ਰੋਜ਼ ਪ੍ਰੈਕਟਿਸ ਕਰੋ। ਅਭਿਆਸ ਕਰਦੇ-ਕਰਦੇ ਇਕ ਦਿਨ ਫੇਰ ਇਹ ਮਨ ਨਾਮ ਤਕ ਜੋੜ ਦਿੰਦਾ ਹੈ। ਮਨ ਨੂੰ ਕੰਟਰੋਲ ਕਰਨ ਵਾਸਤੇ ਸਵਾਸ ਨੂੰ ਕੰਟਰੋਲ ਕਰੀਦੈ। ਇਹ ਜੁਗਤੀਆਂ ਹਨ। ਇਥੇ ਕਰਦੇ ਹੀ ਰਹੇ ਨੇ। ਫੇਰ ਅੰਤ ਸਮਾਂ ਦੇਖੋ ਕਿੰਨਾ ਸੋਹਣਾ ਉਹਨਾਂ ਦਾ ਆਇਆ।

*ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।*
*ਸੱਚੀ ਦਰਗਹ ਜਾਇ ਸਚਾ ਪਿੜ ਮਲਿਆ।*

*ਭਾਈ ਗੁਰਦਾਸ ਜੀ*

*ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

**ਸਲੋਕ ਮਃ ੩ ॥**
**ਕਲਉ ਮਸਾਜਨੀ ਕਿਆ ਸਦਾਈਐ**
**ਹਿਰਦੈ ਹੀ ਲਿਖਿ ਲੇਹੁ ॥**

ਕਲਉ=ਕਲਮ ਅਤੇ ਮਸਾਜਨੀ=ਦਵਾਤ ਕਿਆ ਸਦਾਈਐ=ਮੰਗਾ ਕੇ ਕੀ ਕਰਨੀ ਹੈ। ਪ੍ਰੇਮ ਦੀ ਕਲਮ ਬਣਾ ਕੇ ਸ਼ਰਧਾ ਰੂਪੀ ਦਵਾਤ ਨਾਲ ਸਤਿਗੁਰੂ ਦਾ ਅੰਮ੍ਰਿਤ ਰੂਪੀ ਉਪਦੇਸ਼ ਆਪਣੇ ਹਿਰਦੇ ਰੂਪੀ ਕਾਗਜ਼ 'ਤੇ ਹੀ ਲਿਖ ਲੇਹੁ=ਲੈਣਾ ਕਰ ਅਥਵਾ ਕਾਗਜ਼ ਕਲਮ ਅਤੇ ਦਵਾਤ ਨੂੰ ਕਿਸ ਲਈ ਮੰਗਾਉਣਾ ਹੈ। ਰਸਨਾ ਨੂੰ ਕਲਉ=ਕਲਮ ਸ਼ਰਧਾ ਰੂਪੀ ਸਿਆਹੀ ਬਣਾ ਲੈ ਅਤੇ ਹਿਰਦੇ ਨੂੰ ਕਾਗਜ਼ ਬਣਾ ਕੇ ਉਸ ਪ੍ਰਮੇਸ਼ਰ ਦੇ ਅੰਮ੍ਰਿਤ ਰੂਪੀ ਉਪਦੇਸ਼ ਨੂੰ ਆਪਣੇ ਹਿਰਦੇ ਰੂਪੀ ਕਾਗਜ਼ ਉਪਰ ਹੀ ਲਿਖ ਲੈਣਾ ਕਰ।

**ਸਦਾ ਸਾਹਿਬ ਕੈ ਰੰਗਿ ਰਹੈ**
**ਕਬਹੂੰ ਨ ਤੂਟਸਿ ਨੇਹੁ ॥**

ਐਸਾ ਕਰਨ ਦੇ ਨਾਲ ਤੇਰਾ ਚਿੱਤ ਉਸ ਸਾਹਿਬ=ਮਾਲਕ ਪਰਮੇਸ਼ਰ ਦੇ ਰੰਗਿ=ਪ੍ਰੇਮ ਵਿਚ ਸਦਾ=ਹਮੇਸ਼ਾ ਨਿਰੰਤਰ ਭਾਵ ਇਕ-ਰਸ ਹੀ ਰੰਗਿਆ ਰਹੇਗਾ। ਇਸ ਤਰ੍ਹਾਂ ਉਸ ਦੇ ਰੰਗ ਵਿਚ ਰੰਗੇ ਰਹਿਣ ਨਾਲ ਐਸਾ ਲਾਭ ਪ੍ਰਾਪਤ ਹੋਵੇਗਾ ਕਿ ਫਿਰ ਉਸ ਪ੍ਰਮੇਸ਼ਰ ਨਾਲੋਂ ਕਬਹੂੰ=ਕਦੇ ਵੀ ਨੇਹੁ=ਪ੍ਰੇਮ ਨ ਤੂਟਸਿ=ਨਹੀਂ ਟੁੱਟੇਗਾ, ਹਰ ਸਮੇਂ ਬਣਿਆ ਰਹੇਗਾ।

**ਕਲਉ ਮਸਾਜਨੀ ਜਾਇਸੀ**
**ਲਿਖਿਆ ਭੀ ਨਾਲੇ ਜਾਇ ॥**

ਕਲਉ=ਕਲਮ ਮਸਾਜਨੀ=ਦਵਾਤ ਆਦਿ ਇਹ ਚੀਜ਼ਾਂ ਜਾਇਸੀ=ਚਲੀਆਂ ਜਾਣਗੀਆਂ ਭਾਵ ਗੁਆਚ ਜਾਣਗੀਆਂ ਅਤੇ ਜੋ ਕੁਝ ਕਾਗਜ਼ 'ਤੇ ਲਿਖਿਆ ਹੋਵੇਗਾ, ਉਹ ਵੀ ਗੁਆਚ ਜਾਏਗਾ ਭਾਵ ਉਹ ਵੀ ਨਾਲ ਹੀ ਚਲਿਆ ਜਾਇ=ਜਾਵੇਗਾ।

**ਨਾਨਕ ਸਹ ਪ੍ਰੀਤਿ ਨ ਜਾਇਸੀ**
**ਜੋ ਧੁਰਿ ਛੋਡੀ ਸਚੈ ਪਾਇ ॥੧॥**

ਸਤਿਗੁਰੂ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ ਕਿ ਹੇ ਜੀਵ! ਜਿਸ ਵਕਤ ਤੂੰ ਸੁਰਤ ਰੂਪੀ ਕਲਮ ਨਾਲ ਸ਼ਰਧਾ ਰੂਪੀ ਦਵਾਤ ਨਾਲ ਆਪਣੇ ਹਿਰਦੇ ਰੂਪੀ ਕਾਗਜ਼ ਉਤੇ ਪਰਮੇਸ਼ਰ ਦੇ ਨਾਮ ਦੀ ਪ੍ਰੀਤੀ ਲਿਖ ਲਈ ਤਾਂ ਉਸ ਸਹ=ਪਤੀ ਰੂਪ ਪਰਮਾਤਮਾ ਦੀ ਪਾਈ ਹੋਈ ਪ੍ਰੀਤੀ ਨ ਜਾਇਸੀ=ਕਦੇ ਵੀ ਜਾ ਨਹੀਂ ਸਕੇਗੀ। ਸਦਾ ਤੇਰੇ ਨਾਲ ਹੀ ਰਹੇਗੀ। ਜੋ ਉਸ ਸੱਚੇ ਪਰਮੇਸ਼ਰ ਦੇ ਧੁਰਿ=ਮੁੱਢ ਤੋਂ ਹੀ ਪ੍ਰੇਮ ਦੀ ਪ੍ਰੀਤੀ ਛੋਡੀ=ਪਾ ਛੱਡੀ ਹੈ। 'ਪਾ ਛੱਡੀ' ਇਹ ਪੰਜਾਬ ਦੀ ਬੋਲੀ ਹੈ।

**ਮਃ ੩ ॥ ਨਦਰੀ ਆਵਦਾ ਨਾਲਿ ਨ ਚਲਈ**
**ਵੇਖਹੁ ਕੋ ਵਿਉਪਾਇ ॥**

ਹੇ ਭਾਈ! ਜੋ ਕੁਝ ਵੀ ਨਦਰੀ=ਨਿਗ੍ਹਾ ਵਿਚ ਆ ਰਿਹਾ ਹੈ, ਉਹ ਸਾਰਾ ਨਾਸਵੰਤ ਹੈ। ਤੂੰ ਇਹ ਨਿਸਚਾ ਕਰ ਕਿ ਇਹ ਪਰਲੋਕ ਨੂੰ ਤੇਰੇ ਨਾਲ ਨ ਚਲਈ=ਨਹੀਂ ਚੱਲੇਗਾ।

**ਸਤਿਗੁਰਿ ਸਚੁ ਦ੍ਰਿੜਾਇਆ**
**ਸਚਿ ਰਹਹੁ ਲਿਵ ਲਾਇ ॥**

ਸਤਿਗੁਰਾਂ ਨੇ ਸੱਚੇ ਨਾਮ ਨੂੰ ਦ੍ਰਿੜ੍ਹ ਕਰਵਾਇਆ ਹੈ। ਇਸ ਕਰਕੇ ਝੂਠੇ ਪਸਾਰੇ ਦਾ ਮੋਹ ਛੱਡ ਕੇ ਉਸ ਸੱਚੇ ਪਰਮੇਸ਼ਰ ਵਿਚ ਹਰ ਵਕਤ ਲਿਵ=ਬਿਰਤੀ ਨੂੰ ਲਾਇ=ਲਾ ਕੇ ਭਾਵ ਜੋੜ ਕਰਕੇ ਰਹਹੁ=ਰਹਿਣਾ ਕਰ।

**ਨਾਨਕ ਸਬਦੀ ਸਚੁ ਹੈ**
**ਕਰਮੀ ਪਲੈ ਪਾਇ ॥੨॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰ ਸਬਦੀ=ਸ਼ਬਦ ਦੀ ਕਮਾਈ ਕਰਨ ਵਾਲੇ ਪੁਰਖਾਂ ਦਾ ਉਪਦੇਸ਼ ਸਚੁ=ਸੱਚਾ ਹੈ ਵਾ: ਸਬਦੀ=ਸ਼ਬਦ ਵਾਲੇ ਸਤਿਗੁਰੂ ਜੀ ਦੇ ਕੋਲ ਸੱਚੇ ਦੀ ਪ੍ਰਾਪਤੀ ਦਾ ਉਪਦੇਸ਼ ਹੈ, ਪਰੰਤੂ ਜਿਨ੍ਹਾਂ 'ਤੇ ਗੁਰਾਂ ਦੀ ਕਰਮੀ=ਕਿਰਪਾ ਹੋਈ ਹੈ, ਉਹੋ ਹੀ ਨਿਸ਼ਕਾਮ ਕਰਮਾਂ ਕਰਕੇ ਆਪਣੇ ਹਿਰਦੇ ਰੂਪੀ ਪੱਲੇ ਵਿਚ ਇਸ ਉਪਦੇਸ਼ ਨੂੰ ਪਾਇ=ਪਾਉਂਦੇ ਭਾਵ ਧਾਰਨ ਕਰਦੇ ਹਨ।

**ਪਉੜੀ ॥**
**ਹਰਿ ਅੰਦਰਿ ਬਾਹਰਿ ਇਕੁ ਤੂੰ**
**ਤੂੰ ਜਾਣਹਿ ਭੇਤੁ ॥**

ਹੇ ਹਰਿ=ਹਰੀ ਅਕਾਲ ਪੁਰਖ! ਸਾਰਿਆਂ ਦੇ ਸਰੀਰਾਂ ਦੇ ਅੰਦਰ ਅਤੇ ਬਾਹਰ ਤੂੰ ਆਪ ਹੀ ਵਰਤ ਰਿਹਾ ਹੈਂ ਅਤੇ ਸੰਸਾਰ ਦੇ ਸਾਰੇ ਜੀਵਾਂ ਵੱਲੋਂ ਕੀਤੇ ਹੋਏ ਚੰਗੇ ਅਤੇ ਮੰਦੇ ਕਰਮਾਂ ਦੇ ਭੇਤ ਨੂੰ ਤੂੰ ਆਪ ਹੀ ਜਾਣਦਾ ਹੈਂ।

ਜੋ ਕੀਚੈ ਸੋ ਹਰਿ ਜਾਣਦਾ
ਮੇਰੇ ਮਨ ਹਰਿ ਚੇਤੁ ॥

ਇਸ ਲਈ ਹੇ ਮਨ! ਜੋ ਕੁਝ ਵੀ ਤੂੰ ਚੰਗੇ ਜਾਂ ਮੰਦੇ ਕਰਮ ਕੀਚੈ=ਕਰਦਾ ਹੈਂ, ਸੋ=ਉਹ ਹਰਿ=ਪਰਮੇਸ਼ਰ ਸਭ ਕੁਝ ਜਾਣਦਾ ਹੈ। ਹੇ ਮੇਰੇ ਮਨ! ਤੂੰ ਸਾਰੇ ਸੰਕਲਪਾਂ ਨੂੰ ਛੱਡ ਕੇ ਉਸ ਹਰਿ=ਅਕਾਲ ਪੁਰਖ ਵਾਹਿਗੁਰੂ ਨੂੰ ਚੇਤੁ=ਚੇਤੇ ਕਰ।

ਸੋ ਡਰੈ ਜਿ ਪਾਪ ਕਮਾਵਦਾ
ਧਰਮੀ ਵਿਗਸੇਤੁ ॥

ਜਿ=ਜਿਹੜਾ ਪਾਪਾਂ ਨੂੰ ਕਮਾਉਂਦਾ ਹੈ, ਸੋ=ਉਹ ਡਰੈ=ਡਰਦਾ ਹੈ। ਜਿਹੜੇ ਧਰਮੀ=ਸ੍ਰੇਸ਼ਟਾਧਾਰੀ, ਪੁੰਨ ਕਰਨ ਵਾਲੇ ਸ੍ਰੇਸ਼ਟ ਪੁਰਸ਼ ਹਨ, ਉਨ੍ਹਾਂ ਦਾ ਚਿਤ ਵਾਹਿਗੁਰੂ ਦੇ ਸਿਮਰਨ ਵਿਚ ਵਿਗਸੇਤੁ=ਖਿੜਿਆ ਰਹਿੰਦਾ ਹੈ ਭਾਵ ਉਹ ਸਦਾ ਹੀ ਅਨੰਦ ਨੂੰ ਬਣਾਈ ਰਖਦੇ ਹਨ।

ਤੂੰ ਸਚਾ ਆਪਿ ਨਿਆਉ ਸਚੁ
ਤਾ ਡਰੀਐ ਕੇਤੁ ॥

ਹੇ ਪਰਮੇਸ਼ਰ! ਤੂੰ ਆਪ ਵੀ ਸੱਚ ਸਰੂਪ ਹੈਂ ਅਤੇ ਤੇਰਾ ਨਿਆਉ=ਇਨਸਾਫ ਵੀ ਸੱਚਾ ਹੈ। ਤੇਰੇ ਸੱਚੇ ਸਰੂਪ ਵਿਚ ਸਦਾ ਹੀ ਜੁੜੇ ਰਹੀਏ ਤਾਂ ਕੇਤੁ=ਕਿਸ ਵਾਸਤੇ ਡਰੀਐ=ਡਰਨਾ ਹੈ। ਡਰਨਾ ਤਾਂ ਝੂਠੇ ਵਿਅਕਤੀ ਦੀਆਂ ਅਦਾਲਤਾਂ 'ਚੋਂ ਹੁੰਦਾ ਹੈ ਕਿ ਕਿਤੇ ਬੇਇਨਸਾਫੀ ਭਾਵ ਸੱਚ ਨੂੰ ਸਜ਼ਾ ਨਾ ਦੇ ਦੇਣ।

ਜਿਨਾ ਨਾਨਕ ਸਚੁ ਪਛਾਣਿਆ
ਸੇ ਸਚਿ ਰਲੇਤੁ ॥੫॥

ਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਸੱਚੇ ਨਾਮ ਦੀ ਪਹਿਚਾਣ ਕਰ ਲਈ ਹੈ, ਸੇ=ਉਹ ਸਚਿ=ਪਰਮੇਸ਼ਰ ਨਾਲ ਰਲੇਤੁ=ਜੁੜੇ ਰਹਿੰਦੇ ਹਨ ਅਥਵਾ ਸਰੀਰ ਦੇ ਵਿਚ ਰਹਿੰਦੇ ਹੋਏ ਉਸ ਸਤਿ ਸਰੂਪ ਬ੍ਰਹਮ ਵਿਚ ਰਲੇਤੁ=ਰਲ ਗਏ ਹਨ।

ਸਲੋਕ ਮਃ ੩ ॥
ਕਲਮ ਜਲਉ ਸਣੁ ਮਸਵਾਣੀਐ
ਕਾਗਦੁ ਭੀ ਜਲਿ ਜਾਉ ॥

ਹੇ ਭਾਈ! ਸੜ ਜਾਏ ਉਹ ਕਲਮ, ਸਮੇਤ ਦਵਾਤ ਦੇ ਤੇ ਉਹ ਕਾਗਜ਼ ਭੀ ਸੜ ਜਾਏ। ਮਸਵਾਣੀਐ=ਦਵਾਤ ਦੇ ਸਣੁ=ਸਮੇਤ ਜਲਉ=ਸੜ ਜਾਵੇ ਅਤੇ ਹਿਸਾਬ ਕਿਤਾਬ ਵਾਲਾ ਕਾਗਦ=ਕਾਗਜ਼ ਭੀ=ਵੀ ਜਲਿ=ਸੜ ਜਾਉ=ਜਾਵੇ ਅਤੇ -

ਲਿਖਣ ਵਾਲਾ ਜਲਿ ਬਲਉ
ਜਿਨਿ ਲਿਖਿਆ ਦੂਜਾ ਭਾਉ ॥

ਇਹੋ ਜਿਹਾ ਲਿਖਣ ਵਾਲਾ ਲਿਖਾਰੀ ਵੀ ਸੜ ਬਲ ਕੇ ਸੁਆਹ ਹੋ ਜਾਵੇ ਜਿਨਿ=ਜਿਸ ਨੇ ਦਵੈਤ ਭਾਵ ਦੀਆਂ ਹੀ ਗੱਲਾਂ ਲਿਖੀਆਂ ਹਨ। ਭਾਵ ਜਿਸ ਨੇ (ਨਿਰਾ) ਮਾਇਆ ਦੇ ਪਿਆਰ ਦਾ ਲੇਖਾ ਲਿਖਿਆ ਹੈ।

ਨਾਨਕ ਪੂਰਬਿ ਲਿਖਿਆ ਕਮਾਵਣਾ
ਅਵਰੁ ਨ ਕਰਣਾ ਜਾਇ ॥੧॥

ਮਹਾਰਾਜ ਸਾਹਿਬ ਫੁਰਮਾਉਂਦੇ ਹਨ ਕਿ ਹੇ ਭਾਈ! ਜੋ ਵੀ ਜੀਵਾਂ ਨੇ ਪੂਰਬਿ=ਪਿਛਲੇ ਜਨਮ ਵਿਚ ਕਰਮ ਕੀਤੇ ਹਨ, ਉਨ੍ਹਾਂ ਦੇ ਅਨੁਸਾਰ ਹੀ ਅੰਤਰਜਾਮੀ ਨੇ ਮੱਥੇ 'ਤੇ ਲੇਖ ਲਿਖਿਆ=ਲਿਖ ਦਿਤਾ ਹੈ। ਜੀਵ ਉਹੋ ਜਿਹੇ ਕਰਮਾਂ ਦੀ ਕਮਾਈ ਨੂੰ ਕਮਾਵਣਾ=ਕਮਾਉਂਦਾ ਹੈ। ਇਸ ਤੋਂ ਇਲਾਵਾ ਅਵਰੁ=ਹੋਰ ਕੋਈ ਵੀ ਕਰਤੱਬ ਨਹੀਂ ਕੀਤਾ ਜਾ ਸਕਦਾ।

ਮਃ ੩ ॥
ਹੋਰੁ ਕੂੜੁ ਪੜਣਾ ਕੂੜੁ ਬੋਲਣਾ
ਮਾਇਆ ਨਾਲਿ ਪਿਆਰੁ ॥

ਮਾਇਆ ਨਾਲਿ=ਸਾਥ ਪਿਆਰੁ=ਸਨੇਹ ਲਗਾ ਕੇ ਜੋ ਪਰਮੇਸ਼ਰ ਦੀ ਉਸਤਤੀ ਵਾਲੇ ਗ੍ਰੰਥਾਂ ਤੋਂ ਬਿਨ੍ਹਾਂ ਹੋਰ ਵਿਸ਼ਿਆਂ ਦੀ ਵਾਸ਼ਨਾ ਨੂੰ ਕਥਨ ਕਰਨ ਵਾਲੇ ਗ੍ਰੰਥਾਂ ਨੂੰ ਪੜ੍ਹਨਾ ਕੂੜੁ=ਝੂਠਾ ਹੀ ਹੈ ਅਤੇ ਜੀਵ ਈਸ ਦੀ ਏਕਤਾ ਨੂੰ ਛੱਡ ਕੇ ਭੇਦ ਵਾਦ ਦਾ ਬੋਲਣਾ=ਕਥਨ ਕਰਨਾ ਵੀ ਕੂੜੁ=ਝੂਠਾ ਹੀ ਹੈ ਵਾ: ਕੇਵਲ ਮਾਇਆ ਨਾਲ ਪਿਆਰ ਲਗਾ ਕੇ ਹੋਰ ਪੜ੍ਹਨਾ ਝੂਠਾ ਹੈ ਤੇ ਹੋਰਨਾਂ ਨੂੰ ਬੋਲਣਾ=ਕਥਨ ਕਰ ਕੇ ਉਪਦੇਸ਼ ਦੇਣਾ ਵੀ ਝੂਠਾ ਹੀ ਹੈ।

ਨਾਨਕ ਵਿਣੁ ਨਾਵੈ ਕੋ ਥਿਰੁ ਨਹੀ
ਪੜਿ ਪੜਿ ਹੋਇ ਖੁਆਰੁ ॥੨॥

ਸਤਿਗੁਰੂ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਨਾਵੈ=ਨਾਮ ਤੋਂ ਵਿਣੁ=ਬਿਨਾਂ ਕੋ=ਕਿਸੇ ਦਾ ਚਿੱਤ ਵਾਹਿਗੁਰੂ ਵਿਚ ਥਿਰੁ=ਇਸਥਿਤ ਨਹੀਂ ਹੋ ਸਕਦਾ ਵਾ: ਨਾਮ ਤੋਂ ਬਿਨਾਂ ਅਚੱਲ ਰਹਿਣ ਵਾਲੀ ਕੋਈ ਵੀ ਵਸਤੂ ਨਹੀਂ ਹੈ। ਭੇਦ ਵਾਦ ਦੇ ਗ੍ਰੰਥਾਂ ਨੂੰ ਪੜ੍ਹ-ਪੜ੍ਹ ਕੇ ਵਿਸ਼ਿਆਂ ਦੀ ਵਾਸ਼ਨਾ ਵਿਚ ਖੁਆਰੁ=ਖਰਾਬ ਹੋਇ=ਹੁੰਦੇ ਹਨ ਵਾ: ਦਵੈਤ ਦੇ ਪੜਿ=ਪੜ੍ਹਦਿਆਂ ਵਿਚ ਹੀ ਪੜਿ=ਪਏ ਹੋਏ ਖੁਆਰ ਹੁੰਦੇ ਹਨ।

*(ਬਾਕੀ ਪੰਨਾ 52 'ਤੇ)*

# ਜਨ ਪਰਉਪਕਾਰੀ ਆਏ

## (ਸਚਖੰਡ ਵਾਸੀ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-55)*

### ਬੀਜੀ ਵਲੋਂ ਸਤਿ ਪ੍ਰਤਿਗਿਆ ਦੇ ਬਚਨ

ਜਦੋਂ ਆਪ ਜੀ ਰਾੜਾ ਸਾਹਿਬ ਜਾ ਕੇ ਰਹਿਣ ਲੱਗੇ ਤਾਂ ਕਾਫੀ ਸਮਾਂ ਆਪ ਘਰ ਨਹੀਂ ਸਨ ਆਏ। ਬੀਜੀ ਦੇ ਮਨ ਵਿਚ ਵਿਚਾਰ ਆਈ ਕਿ ਜੇਕਰ ਉਹ ਰਾੜਾ ਸਾਹਿਬ ਰਹਿ ਕੇ ਖੁਸ਼ ਹਨ ਤਾਂ ਮੈਂ ਵੀ ਉਥੇ ਹੀ ਸੇਵਾ ਕਰਾਂਗੀ। ਇਹ ਸੋਚ ਕੇ ਇਕ ਦਿਨ ਬੀਜੀ ਉਥੇ ਹੀ ਚਲੇ ਗਏ ਤੇ ਹੱਥ ਜੋੜ ਕੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ ਕਿ ਜੇ ਆਪ ਜੀ ਨੇ ਇਥੇ ਹੀ ਰਹਿਣਾ ਹੈ ਤਾਂ ਮੈਂ ਵੀ ਇਥੇ ਹੀ ਸੰਗਤ ਦੇ ਜੂਠੇ ਬਰਤਨ ਮਾਂਜ ਕੇ, ਸੇਵਾ ਕਰ ਕੇ, ਜੀਵਨ ਬਤੀਤ ਕਰਾਂਗੀ। ਸਤਿਸੰਗ ਦਾ ਲਾਹਾ ਲੈ ਕੇ ਤੇ ਭਜਨ-ਬੰਦਗੀ ਕਰਕੇ ਆਪਣਾ ਜੀਵਨ ਸਫਲ ਕਰਾਂਗੀ। ਜਦੋਂ ਸੰਤ ਮਹਾਰਾਜ ਜੀ ਕੋਲ ਪਹੁੰਚੇ ਤਾਂ ਉਨ੍ਹਾਂ ਨੇ ਹੁਕਮ ਕੀਤਾ ਕਿ ਵਰਿਆਮ ਸਿੰਘ ਜੀ! ਹੁਣ ਤੁਸੀਂ ਬੀਬੀ ਜੀ ਦੇ ਨਾਲ ਜਾ ਕੇ ਪੱਕੇ ਤੌਰ 'ਤੇ ਘਰ ਹੀ ਰਿਹਾ ਕਰੋ, ਜਦੋਂ ਦਿਲ ਕਰੇ ਕਦੀ-ਕਦੀ ਆ ਜਾਇਆ ਕਰਨਾ। ਬੀਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ! ਇਹ ਆਪ ਜੀ ਦੀ ਅਮਾਨਤ ਹਨ ਤੇ ਮੈਂ ਵਾਅਦਾ ਕਰ ਕੇ ਲੈ ਜਾ ਰਹੀ ਹਾਂ ਕਿ ਇਨ੍ਹਾਂ ਦੀ ਭਗਤੀ ਵਿਚ ਮੈਂ ਕਦੀ ਵੀ ਕੋਈ ਦਖਲ ਅੰਦਾਜ਼ੀ ਨਹੀਂ ਕਰਾਂਗੀ। ਆਪ ਜੀ ਨੇ ਮੇਰੇ ਸਿਰ ਤੇ ਵੀ ਮਿਹਰ ਭਰਿਆ ਹੱਥ ਰੱਖਣਾ ਕਿ ਮੈਂ ਆਪਣੀ ਇਸ ਪ੍ਰਤੀਗਿਆ ਨੂੰ ਗੁਰੂ ਕ੍ਰਿਪਾ ਦੁਆਰਾ ਨਿਭਾ ਸਕਾਂ। ਸੰਤ ਮਹਾਰਾਜ ਜੀ ਐਸੇ ਦ੍ਰਿੜ੍ਹਤਾ ਤੇ ਆਤਮ ਵਿਸ਼ਵਾਸ਼ ਦੇ ਬਚਨ ਸੁਣ ਕੇ ਬੜੇ ਪ੍ਰਸੰਨ ਹੋਏ ਅਤੇ ਦੋਵਾਂ ਨੂੰ ਪਿਆਰ ਭਰੀਆਂ ਅਸੀਸ਼ਾਂ ਦੇ ਕੇ ਵਿਦਾ ਕੀਤਾ।

ਇਸ ਤਰ੍ਹਾਂ ਨਾਲ ਜਦੋਂ ਦੋਵੇਂ ਪਤੀ-ਪਤਨੀ ਘਰ ਪਹੁੰਚੇ ਉਸ ਵੇਲੇ ਆਪ ਜੀ ਨੇ (ਸੰਤ ਵਰਿਆਮ ਸਿੰਘ ਜੀ ਨੇ) ਬੀਬੀ ਰਣਜੀਤ ਕੌਰ ਜੀ ਨੂੰ ਦੱਸਿਆ ਕਿ ਸੰਤ ਮਹਾਰਾਜ ਜੀ ਨੇ ਸਾਨੂੰ ਹੁਣ ਕੀ ਹੁਕਮ ਕੀਤਾ ਹੈ, ਉਹ ਵਿਸਥਾਰ ਵਿਚ ਸੁਣਾ ਦਿਤਾ। ਫੇਰ ਬੀਜੀ ਨੂੰ ਕਹਿਣ ਲੱਗੇ ਕਿ ਗ੍ਰਿਹਸਤ ਜੀਵਨ ਇਕ ਬਹੁਤ ਬਿਖੜਾ ਸਫਰ ਹੈ ਜਿਸ ਵਿਚ ਜੀਵਨ ਤੇ ਪਰਿਵਾਰ ਦੀਆਂ ਲੋੜਾਂ ਦੀ ਪੂਰਤੀ ਲਈ ਜੱਦੋ-ਜਹਿਦ ਕਰਨੀ ਪੈਂਦੀ ਹੈ। ਮੇਰੀ ਕੋਈ ਨਿਜੀ ਆਮਦਨੀ ਨਹੀਂ, ਸਭ ਕੁਝ ਖੇਤੀਬਾੜੀ ਤੇ ਨਿਰਭਰ ਹੈ, ਇਸ ਕਰਕੇ ਸਾਂਝੇ ਤੇ ਸੰਯੁਕਤ ਪਰਿਵਾਰ ਵਿਚ ਰਹਿ ਕੇ ਸਾਦੀ ਜੀਵਨ ਸ਼ੈਲੀ ਦੁਆਰਾ ਨਿਰਵਾਹ ਕਰਨਾ ਪਵੇਗਾ। ਆਪਣੀ ਦੁਨਿਆਵੀ ਪੜ੍ਹਾਈ ਦੇ ਅਧਾਰ ਤੇ ਮੈਂ ਕੋਸ਼ਿਸ਼ ਕਰਾਂਗਾ ਕਿ ਕੋਈ ਸਰਵਿਸ ਆਦਿ ਮਿਲ ਜਾਵੇ ਤਾ ਕਿ ਜੀਵਨ ਦਾ ਨਿਰਵਾਹ ਹੁੰਦਾ ਰਹੇ। ਦੂਜਾ ਇਹ ਹੈ ਕਿ ਮੇਰੀ ਨਿਜੀ ਖਾਹਿਸ਼ ਹੈ ਕਿ ਮੈਂ ਮਹਾਂਪੁਰਸ਼ਾਂ ਦੇ ਆਦੇਸ਼ ਅਨੁਸਾਰ ਆਪਣਾ ਗ੍ਰਿਹਸਤ ਜੀਵਨ ਗੁਰਮਤਿ ਗਾਡੀ ਰਾਹ ਅਨੁਸਾਰ, ਸਤਿਸੰਗ, ਪ੍ਰਭੂ ਭਗਤੀ ਤੇ ਸਿਮਰਨ-ਭਜਨ ਵਿਚ ਬਤੀਤ ਕਰਨਾ ਚਾਹੁੰਦਾ ਹਾਂ। ਕਿਉਂਕਿ ਸੇਵਾ ਤੇ ਸਿਮਰਨ ਤੋਂ ਬਿਨਾਂ ਜੀਵਨ ਦਾ ਕੋਈ ਅਰਥ ਨਹੀਂ ਹੋਇਆ ਕਰਦਾ, ਮਨੁੱਖ ਦਾ ਅਮੋਲਕ ਜਨਮ ਬਿਰਥਾ ਚਲਾ ਜਾਂਦਾ ਹੈ।

*ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥*
*ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ ॥*

*ਅੰਗ - ੭੧੨*

*ਸਤਗੁਰ ਸੇਵਾ ਤੇ ਨਿਸਤਾਰਾ ਗੁਰਮੁਖਿ ਤਰੈ ਸੰਸਾਰਾ ॥*

*ਅੰਗ - ੫੫੯*

ਮੇਰਾ ਸੁਭਾਅ ਕੁਝ ਸੁਤੰਤਰ ਬਿਰਤੀ ਵਾਲਾ ਹੈ, ਜਿਥੇ ਵੀ ਸੇਵਾ, ਸਿਮਰਨ ਤੇ ਪ੍ਰਭੂ ਜਸ ਕਰਨ-ਸੁਣਨ ਦਾ ਮੌਕਾ ਮਿਲੇ, ਉਧਰ ਨੂੰ ਖਿੱਚਿਆ ਚਲਿਆ ਜਾਂਦਾ ਹਾਂ। ਇਸ ਸੁਭਾਅ ਕਰਕੇ ਮੈਨੂੰ, ਕਦੀ ਨਾ ਕਦੀ ਕੁਝ ਸਮੇਂ ਲਈ ਘਰੋਂ ਬਾਹਰ ਵੀ ਜਾਣਾ ਪੈ ਸਕਦਾ ਹੈ। ਕੀ ਤੁਸੀਂ ਇਨ੍ਹਾਂ ਹਾਲਾਤਾਂ ਵਿਚ ਮੇਰਾ ਸਾਥ ਨਿਭਾ ਸਕੋਗੇ?

ਉਸ ਵੇਲੇ ਸਤਿਕਾਰਯੋਗ ਬੀਜੀ ਨੇ ਬੜੇ ਸਹਿਜ ਤੇ ਨਿਮਰਤਾ ਭਰੇ ਲਹਿਜੇ ਨਾਲ ਉੱਤਰ ਦਿਤਾ ਕਿ ਮੈਂ ਵਿਸ਼ਵਾਸ਼ ਦਿਵਾਉਂਦੀ ਹਾਂ ਕਿ ਆਪ ਜੀ ਦੇ ਭਗਤੀ ਮਾਰਗ ਵਿਚ ਕਦੇ ਵੀ ਵਿਘਨ ਨਹੀਂ ਬਣਾਂਗੀ। ਤੁਸੀਂ

ਜਦੋਂ ਵੀ ਚਾਹੋ ਆਪਣੀ ਮਨ ਮਰਜ਼ੀ ਨਾਲ ਕਿਤੇ ਵੀ ਇਕਾਂਤ ਜਾ ਕੇ, ਜਿੰਨੀ ਦੇਰ ਵੀ ਚਾਹੋ ਸਮਾਧੀ ਸਥਿਤ ਅਵਸਥਾ ਦਾ ਅਨੰਦ ਮਾਣ ਸਕਦੇ ਹੋ। ਮੈਂ ਕਦੀ ਵੀ ਕੋਈ ਸ਼ਿਕਾਇਤ ਜਾਂ ਮਨ ਵਿਚ ਰੋਸ ਨਹੀਂ ਕਰਾਂਗੀ। ਮੈਨੂੰ ਇਹ ਪਰਿਵਾਰ ਬਹੁਤ ਪਸੰਦ ਹੈ, ਇਨ੍ਹਾਂ ਵਿਚ ਰਹਿ ਕੇ ਤੇ ਸਭ ਦੀ ਸੇਵਾ ਕਰਕੇ ਆਪਣਾ ਧੰਨਭਾਗ ਸਮਝਦੀ ਹਾਂ। ਤੁਹਾਡੇ ਮਾਤਾ ਪਿਤਾ ਮੇਰੇ ਸਤਿਕਾਰਯੋਗ ਮਾਤਾ ਪਿਤਾ ਹਨ, ਤੁਹਾਡੀਆਂ ਭੈਣਾਂ ਮੇਰੀਆਂ ਭੈਣਾਂ ਹਨ, ਤੁਹਾਡੇ ਵੱਡੇ ਭਰਾ ਮੇਰੇ ਵੱਡੇ ਭਰਾ ਤੇ ਛੋਟੇ ਭਰਾ, ਮੇਰੇ ਛੋਟੇ ਵੀਰ ਸਮਾਨ ਹਨ, ਮੈਂ ਸਭ ਦਾ ਦਰਜਾ-ਬ-ਦਰਜਾ ਯੋਗ ਆਦਰ ਸਤਿਕਾਰ ਕਰਾਂਗੀ। ਮੈਂ ਕਿਸੇ ਤਰ੍ਹਾਂ ਦਾ ਵਿਤਕਰਾ ਕਰਨ ਵਿਚ ਵਿਸ਼ਵਾਸ਼ ਨਹੀਂ ਰਖਦੀ ਸਗੋਂ ਸਿੱਧੇ ਸਾਦੇ ਜੀਵਨ ਵਿਚ ਵਿਸ਼ਵਾਸ਼ ਰੱਖਦੀ ਹਾਂ। ਇਹ ਸਿਖਿਆ ਮੈਨੂੰ ਆਪਣੇ ਪੂਜਨੀਕ ਮਾਤਾ, ਪਿਤਾ ਜੀ ਤੋਂ ਮਿਲੀ ਹੈ। ਪਤੀ ਸੇਵਾ ਕਰਨਾ, ਆਗਿਆ ਦਾ ਪਾਲਣ ਕਰਨਾ ਮੇਰਾ ਪਤੀਬਰਤ ਧਰਮ ਹੈ ਤੇ ਇਸ ਵਿਚ ਹੀ ਮੇਰੀ ਖੁਸ਼ੀ ਹੈ। ਜਿਥੋਂ ਤੱਕ ਮੇਰੀਆਂ ਨਿਜੀ ਲੋੜਾਂ ਦਾ ਸਬੰਧ ਹੈ, ਮੈਂ ਕਦੀ ਵੀ ਕੋਈ ਨਿਜੀ ਮੰਗ ਨਹੀਂ ਕਰਾਂਗੀ ਕਿਉਂਕਿ ਪਤਨੀ ਲਈ ਸਭ ਤੋਂ ਵੱਡਾ ਗਹਿਣਾ ਉਸ ਦਾ ਪਤੀ ਹੁੰਦਾ ਹੈ। ਇਹ ਸਭ ਕੁਝ ਮੈਂ ਆਪ ਨੂੰ ਕੇਵਲ ਦਿਲ ਰੱਖਣ ਲਈ ਨਹੀਂ ਕਹਿ ਰਹੀ ਸਗੋਂ ਧੁਰ ਹਿਰਦੇ ਤੋਂ ਕਹਿ ਰਹੀ ਹਾਂ। ਇਹ ਸਬਕ ਮੈਨੂੰ ਮੇਰੇ ਪਿਤਾ ਜੀ (ਸੰਤ ਹੀਰਾ ਸਿੰਘ ਜੀ, ਦਾਉਦਪੁਰ) ਨੇ ਦ੍ਰਿੜ੍ਹ ਕਰਵਾਇਆ ਹੈ ਕਿ ਗੁਰਬਾਣੀ ਦਾ ਅਭਿਆਸ ਕਰਦਿਆਂ, ਸੇਵਾ ਕਰਦਿਆਂ ਤੇ ਸਭ ਨਾਲ ਖਿੜੇ ਮੱਥੇ ਰਹਿੰਦਿਆਂ ਪਿਆਰ ਤੇ ਮਿਲਵਰਤਣ ਦਾ ਸੁਭਾ ਬਣਾ ਕੇ ਪਤਨੀ ਦਾ ਜੀਵਨ ਸਫਲ ਹੁੰਦਾ ਹੈ। ਮੇਰੇ ਮਾਤਾ-ਪਿਤਾ ਜੀ ਨੇ ਇਹ ਵੀ ਸਿਖਿਆ ਦਿਤੀ ਹੈ ਕਿ ਨਿਮਰਤਾ ਵਿਚ ਰਹਿਣਾ, ਦੂਜੇ ਦੇ ਕੌੜੇ ਬੋਲਾਂ ਨੂੰ ਸਹਿਣਾ ਅਤੇ ਮਿੱਠ ਬੋਲੜੇ ਸੁਭਾਅ ਨੂੰ ਅਪਣਾਉਣ ਨਾਲ ਸਭ ਪਿਆਰ ਕਰਦੇ ਹਨ ਅਤੇ ਪਤੀ ਪ੍ਰਮੇਸ਼ਰ ਦੀ ਖੁਸ਼ੀ ਮਿਲਦੀ ਹੈ -

*ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥*
*ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥*

*ਅੰਗ - ੧੩੮੪*

ਮੇਰੀ ਵੀ ਦਿਲੀ ਤਮੰਨਾ ਹੈ ਕਿ ਤੁਸੀਂ ਮੇਰੇ ਪਿਤਾ (ਸੰਤ ਹੀਰਾ ਸਿੰਘ ਜੀ) ਵਾਂਗ ਗ੍ਰਿਹਸਤੀ ਵਿਚ ਰਹਿੰਦਿਆਂ ਐਸਾ ਜੋਗ ਕਮਾਓ, ਨਾਮ ਜਪੋ ਕਿ ਬ੍ਰਹਮ ਅਵਸਥਾ ਪ੍ਰਾਪਤ ਕਰਕੇ ਵੱਡੇ-ਵੱਡੇ ਜੋਗੀਆਂ ਨੂੰ ਵੀ ਮਾਤ ਪਾ ਦੇਵੋ। ਇਸ ਨਾਲ ਆਪਣਾ ਵੀ ਲੋਕ ਪਰਲੋਕ ਸੰਵਰੇਗਾ ਅਤੇ ਸੰਸਾਰ ਦਾ ਵੀ ਭਲਾ ਹੋਵੇਗਾ। ਮੈਂ ਆਪ ਨੂੰ ਵਿਸ਼ਵਾਸ਼ ਦਿਵਾਉਂਦੀ ਹਾਂ ਕਿ ਜੀਵਨ ਦੇ ਹਰ ਮੋੜ ਤੇ ਮੋਢੇ ਨਾਲ ਮੋਢਾ ਜੋੜ ਕੇ ਸਾਥ ਨਿਭਾਵਾਂਗੀ ਅਤੇ ਤੁਹਾਡੀ ਹਰ ਆਗਿਆ ਦਾ ਖਿੜੇ ਮੱਥੇ ਪਾਲਣ ਕਰਾਂਗੀ। 'ਵਾਹਿਗੁਰੂ' ਜੀ ਨੂੰ ਹਾਜ਼ਰ ਨਾਜ਼ਰ ਜਾਣ ਕੇ ਇਹ ਬਚਨ ਆਪ ਨੂੰ ਕਹਿ ਰਹੀ ਹਾਂ ਕਿ ਹਮੇਸ਼ਾ ਆਪ ਦੀ ਵਿਸ਼ਵਾਸ਼ ਪਾਤਰ ਬਣ ਕੇ ਜੀਵਨ ਦੀ ਗੁਜ਼ਰਾਨ ਕਰਾਂਗੀ। ਵਾਹਿਗੁਰੂ ਤੇ ਭਰੋਸਾ ਰੱਖ ਕੇ ਮੈਂ ਪੂਰਨ ਦ੍ਰਿੜ੍ਹਤਾ ਨਾਲ ਕਹਿ ਸਕਦੀ ਹਾਂ ਕਿ ਪਰਿਵਾਰ ਵਿਚ ਰਹਿੰਦਿਆਂ, ਸੇਵਾ ਕਰਦਿਆਂ, ਆਪਣੇ ਨਿਤਾ ਪ੍ਰਤੀ ਦੇ ਫਰਜ਼ ਨਿਭਾਉਂਦਿਆਂ ਮੇਰੇ ਪ੍ਰਥਾਇ ਆਪ ਨੂੰ ਕਦੀ ਕੋਈ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ। ਤੁਸੀਂ ਵੀ ਦ੍ਰਿੜ੍ਹਤਾ ਨਾਲ ਨਾਮ ਜਪੋ, ਕੀਰਤਨ ਕਰੋ, ਕਥਾ ਕਰੋ, ਸੇਵਾ ਕਰੋ, ਸੰਗਤਾਂ ਨੂੰ ਵੀ ਨਾਮ ਜਪਾਵੋ ਅਤੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ ਪਰਉਪਕਾਰ ਕਰੋ।

ਬੀਜੀ ਵਲੋਂ ਆਤਮ ਵਿਸ਼ਵਾਸ਼ ਤੇ ਦ੍ਰਿੜ੍ਹਤਾ ਭਰੇ ਐਸੇ ਬਚਨ ਸੁਣ ਕੇ ਮਹਾਂਪੁਰਸ਼ ਬੜੇ ਪ੍ਰਭਾਵਿਤ ਅਤੇ ਪ੍ਰਸੰਨ ਹੋਏ। ਮਹਾਂਪੁਰਸ਼ ਆਪ ਹੀ ਆਪਣੇ ਰੰਗ ਵਿਚ ਆ ਕੇ ਦਸਿਆ ਕਰਦੇ ਸਨ ਕਿ ਤੁਹਾਡੇ ਬੀਜੀ ਦੇ ਇਹ ਬਚਨ ਸੁਣ ਕੇ ਮੈਨੂੰ ਬਹੁਤ ਖੁਸ਼ੀ ਹੋਈ ਅਤੇ ਮੇਰੇ ਮਨ ਦਾ ਸਾਰਾ ਭਾਰ ਹੌਲਾ ਹੋ ਗਿਆ ਸੀ। ਸੱਚਮੁੱਚ ਹੀ ਇਨ੍ਹਾਂ ਨੇ ਗ੍ਰਿਹਸਤ ਜੀਵਨ ਦੇ ਹਰ ਖੇਤਰ, ਹਰ ਔਖ-ਸੌਖ ਵਿਚ, ਹਰ ਦੁੱਖ-ਸੁੱਖ ਵਿਚ, ਘਰੇਲੂ ਜ਼ਿੰਮੇਵਾਰੀਆਂ ਨਿਭਾਉਣ ਵਿਚ, ਪੂਰਨ ਸਾਥ ਨਿਭਾਇਆ। ਜ਼ਿੰਦਗੀ ਭਰ ਉਨ੍ਹਾਂ ਨੇ ਕਦੀ ਵੀ ਕੋਈ ਨਿਜੀ ਮੰਗ ਨਹੀਂ ਕੀਤੀ ਕਿ ਆਹ ਚੀਜ਼ ਚਾਹੀਦੀ ਹੈ। ਜ਼ਿੰਦਗੀ ਦੀ ਔਖ-ਸੌਖ ਵਿਚ ਪੂਰਾ ਸਾਥ ਦਿਤਾ ਅਤੇ ਸਾਦਾ ਜੀਵਨ ਬਤੀਤ ਕਰਦੇ ਰਹੇ ਹਨ। ਸਾਰੀਆਂ ਔਕੜਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਰਹੇ ਤੇ ਕਦੀ ਵੀ ਮੱਥੇ ਵੱਟ ਨਹੀਂ ਪਾਇਆ।

ਇਸ ਤਰ੍ਹਾਂ ਨਾਲ ਸਮਾਂ ਆਪਣੀ ਚਾਲ ਚਲਦਾ ਰਿਹਾ, ਜੇ ਮਹਾਂਪੁਰਸ਼ ਘਰੇਲੂ ਕੰਮ ਖੇਤੀ ਬਾੜੀ ਦਾ ਕੰਮ ਕਰਕੇ ਪਰਿਵਾਰ ਦਾ ਹੱਥ ਵਟਾਉਂਦੇ ਤਾਂ ਬੀਜੀ ਵੀ ਰਸੋਈ ਦੇ ਭੋਜਨ ਬਨਾਉਣ ਦੇ ਕੰਮਾਂ, ਪਸ਼ੂਆਂ ਦੀ ਦੇਖ ਭਾਲ, ਦੁੱਧ ਚੋਣਾ, ਦਹੀਂ ਰਿੜਕਣਾ ਅਤੇ ਖੇਤਾਂ ਵਿਚ ਕਪਾਹ ਆਦਿ ਚੁਗਣ ਦਾ ਹੱਥ ਵਟਾ

ਕੇ, ਸਮੇਂ-ਸਮੇਂ ਸੇਵਾ ਕਰਦੇ ਰਹੇ। ਪਰ ਆਪ ਜੀ ਦਾ ਜੋ ਮੁਖ ਪ੍ਰਯੋਜਨ ਭਜਨ ਬੰਦਗੀ ਤੇ ਸੇਵਾ ਸਿਮਰਨ ਦਾ ਸੀ ਉਸ ਨੂੰ ਨਾਲ-ਨਾਲ ਨੇਮ ਅਨੁਸਾਰ ਨਿਭਾਉਂਦੇ ਰਹੇ। ਜੇਕਰ ਖੇਤਾਂ ਵਿਚ ਪਾਣੀ ਲਾ ਰਹੇ ਤਾਂ ਆਪ ਕਿਆਰੇ ਦੇ ਅਖੀਰ ਵਿਚ ਸਮਾਧੀ ਲਾ ਕੇ ਬੈਠ ਜਾਂਦੇ ਅਤੇ ਜਦੋਂ ਪਾਣੀ ਸਰੀਰ ਨੂੰ ਛੂੰਹਦਾ ਤਾਂ ਉਠ ਕੇ ਅਗਲੇ ਕਿਆਰੇ ਦਾ ਨੱਕਾ ਵੱਢ ਕੇ ਫੇਰ ਉਸੇ ਪ੍ਰਕਾਰ ਭਜਨ ਵਿਚ ਸਮਾਧੀ ਲਾ ਕੇ ਬੈਠ ਜਾਇਆ ਕਰਦੇ ਸਨ। ਇਸੇ ਤਰ੍ਹਾਂ ਜੇ ਖੂਹ ਚਲਾ ਰਹੇ ਹੁੰਦੇ, ਹਲ ਚਲਾ ਰਹੇ ਹੁੰਦੇ ਜਾਂ ਟੋਕਾ ਮਸ਼ੀਨ ਤੇ ਪੱਠੇ ਕੁਤਰ ਰਹੇ ਹੁੰਦੇ ਤਾਂ ਵੀ ਮਨ ਦੀ ਇਕਾਗਰਤਾ ਨਾਲ ਨਾਮ ਵਿਚ ਜੁੜੇ ਰਹਿੰਦੇ ਸਨ। ਜਿਵੇਂ ਕਿ ਗੁਰਬਾਣੀ ਵਿਚ ਪਵਿੱਤਰ ਫੁਰਮਾਨ ਆਉਂਦਾ ਹੈ ਕਿ ਭਗਤ ਨਾਮਦੇਵ ਜੀ ਨੂੰ ਭਗਤ ਤ੍ਰਿਲੋਚਨ ਜੀ ਨੇ ਪੁੱਛਿਆ ਸੀ ਕਿ ਭਗਤ ਜੀ! ਤੁਸੀਂ ਤਾਂ ਹਰ ਵੇਲੇ ਕੰਮ ਕਾਰ ਵਿਚ ਰੁਝੇ ਰਹਿੰਦੇ ਹੋ, ਨਾਮ ਕਿਹੜੇ ਵੇਲੇ ਜਪਦੇ ਹੋ?

*ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥*
*ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥ ੨੧੨ ॥*
*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥*

*ਅੰਗ - ੧੩੭੫*

ਐਸੇ ਬਚਨ ਆਪ ਜੀ ਖੁਦ ਕਈ ਵਾਰ ਸੁਣਾਇਆ ਕਰਦੇ ਸਨ। ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਮਹਾਂਪੁਰਸ਼ ਸ੍ਰੀ ਅਖੰਡਪਾਠ ਦੀ ਸੇਵਾ ਅਤੇ ਕੀਰਤਨ ਕਰਨ ਦੀ ਸੇਵਾ ਕਰਿਆ ਕਰਦੇ ਸਨ। ਗੁਰਮਤਿ ਪ੍ਰਚਾਰ ਹਿਤ ਪਿੰਡ ਵਿਚ ਅੰਮ੍ਰਿਤ ਵੇਲੇ ਆਸਾ ਕੀ ਵਾਰ ਦਾ ਕੀਰਤਨ ਵੀ ਕਰਦੇ ਸਨ, ਜਿਸ ਦੁਆਰਾ ਆਪ ਨੇ ਬਹੁਤ ਸਾਰੇ ਪਰਿਵਾਰਾਂ ਨੂੰ ਸਿੱਖੀ ਮੰਡਲ ਵਿਚ ਲਿਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ। ਬੀਜੀ ਵੀ ਅੰਮ੍ਰਿਤ ਵੇਲੇ ਜਾ ਕੇ ਇਨ੍ਹਾਂ ਸਤਿਸੰਗਾਂ ਵਿਚ ਨਿਰੰਤਰ ਹਾਜ਼ਰੀ ਭਰ ਕੇ ਸੇਵਾ ਵਿਚ ਹੱਥ ਵਟਾਇਆ ਕਰਦੇ ਅਤੇ ਉਚੀ ਸੁਰ ਵਿਚ ਸ਼ਬਦ ਵਿਚ ਬੋਲ ਕੇ ਬੀਬੀਆਂ ਨੂੰ ਪ੍ਰੇਰਿਤ ਕਰਦੇ ਰਹਿੰਦੇ ਸਨ। ਗੁਰਬਾਣੀ, ਪੜ੍ਹਨ-ਸੁਣਨ, ਕੀਰਤਨ ਰਸ ਮਾਨਣ ਦੀ ਗੁੜ੍ਹਤੀ ਉਨ੍ਹਾਂ ਨੂੰ ਆਪਣੇ ਪੇਕੇ ਪਰਿਵਾਰ ਤੋਂ ਵਿਰਸੇ ਵਿਚ ਮਿਲੀ ਹੋਈ ਸੀ ਇਸ ਕਰਕੇ ਸੇਵਾ ਤੇ ਸਿਮਰਨ ਦਾ ਲਾਹਾ ਪ੍ਰਾਪਤ ਕਰਨ ਲਈ ਹਮੇਸ਼ਾ ਤੱਤਪਰ ਰਹਿੰਦੇ ਸਨ।

*(ਪੰਨਾ 49 ਦੀ ਬਾਕੀ)*

ਪਉੜੀ ॥
ਹਰਿ ਕੀ ਵਡਿਆਈ ਵਡੀ ਹੈ
ਹਰਿ ਕੀਰਤਨੁ ਹਰਿ ਕਾ ॥

ਹੇ ਭਾਈ! ਹਰਿ=ਪਰਮੇਸ਼ਰ ਦੀ ਵਡਿਆਈ=ਮਹਿਮਾ ਇਸ ਪ੍ਰਕਾਰ ਵੱਡੀ ਹੈ ਕਿਉਂਕਿ ਜੋ ਵੀ ਹਰਿ=ਪਰਮੇਸ਼ਰ ਦਾ ਕੀਰਤਨੁ=ਜੱਸ ਗਾਉਂਦਾ ਹੈ, ਉਹ ਹਰਿ=ਪਰਮੇਸ਼ਰ ਕਾ=ਦਾ ਹੀ ਰੂਪ ਹੋ ਜਾਂਦਾ ਹੈ ਵਾ: ਉਸ ਨੂੰ ਪਰਮੇਸ਼ਰ ਦਾ ਅਨੰਦ ਪ੍ਰਾਪਤ ਹੁੰਦਾ ਹੈ -

ਪਉੜੀ
ਹਰਿ ਕੀ ਵਡਿਆਈ ਵਡੀ ਹੈ
ਜਾ ਨਿਆਉ ਹੈ ਧਰਮ ਕਾ ॥

ਹੇ ਭਾਈ! ਹਰਿ=ਪਰਮੇਸ਼ਰ ਦੀ ਵਡਿਆਈ=ਮਹਿਮਾ ਇਸ ਪ੍ਰਕਾਰ ਵੱਡੀ ਹੈ ਕਿਉਂਕਿ ਜੋ ਵੀ ਹਰਿ=ਪਰਮੇਸ਼ਰ ਦਾ ਕੀਰਤਨੁ=ਜੱਸ ਗਾਉਂਦਾ ਹੈ, ਉਹ ਹਰਿ=ਪਰਮੇਸ਼ਰ ਕਾ=ਦਾ ਹੀ ਰੂਪ ਹੋ ਜਾਂਦਾ ਹੈ ਵਾ: ਉਸ ਨੂੰ ਪਰਮੇਸ਼ਰ ਦਾ ਅਨੰਦ ਪ੍ਰਾਪਤ ਹੁੰਦਾ ਹੈ।

ਹਰਿ ਕੀ ਵਡਿਆਈ ਵਡੀ ਹੈ
ਜਾ ਫਲੁ ਹੈ ਜੀਅ ਕਾ ॥

ਹੇ ਭਾਈ! ਹਰਿ=ਪਰਮੇਸ਼ਰ ਦੀ ਵਡਿਆਈ=ਮਹਿਮਾ ਇਸ ਪ੍ਰਕਾਰ ਵੱਡੀ ਹੈ ਕਿਉਂਕਿ ਜੋ ਵੀ ਹਰਿ=ਪਰਮੇਸ਼ਰ ਦਾ ਕੀਰਤਨੁ=ਜੱਸ ਗਾਉਂਦਾ ਹੈ, ਉਹ ਹਰਿ=ਪਰਮੇਸ਼ਰ ਕਾ=ਦਾ ਹੀ ਰੂਪ ਹੋ ਜਾਂਦਾ ਹੈ ਵਾ: ਉਸ ਨੂੰ ਪਰਮੇਸ਼ਰ ਦਾ ਅਨੰਦ ਪ੍ਰਾਪਤ ਹੁੰਦਾ ਹੈ।

ਹਰਿ ਕੀ ਵਡਿਆਈ ਵਡੀ ਹੈ
ਜਾ ਨ ਸੁਣਈ ਕਹਿਆ ਚੁਗਲ ਕਾ ॥

ਹਰਿ=ਪਰਮੇਸ਼ਰ ਦੀ ਵਡਿਆਈ ਇਸ ਪ੍ਰਕਾਰ ਵੀ ਵੱਡੀ ਹੈ ਜਾ=ਜਦਕਿ ਉਹ ਕਿਸੇ ਵੀ ਚੁਗਲ=ਨਿੰਦਿਆ ਚੁਗਲੀ ਕਰਨ ਵਾਲੇ ਦਾ ਕਹਿਆ=ਆਖਿਆ ਬੋਲ ਨ=ਨਹੀਨ ਸੁਣਦੀ=ਸੁਣਦਾ, ਭਾਵ ਕਿਸੇ ਚੁਗਲ ਦਾ ਆਖਿਆ ਹੋਇਆ ਬਚਨ ਸੁਣ ਕੇ ਆਪਣੇ ਪ੍ਰੇਮੀ ਪਿਆਰਿਆਂ ਨੂੰ ਨਿਰਾਸ ਨਹੀਂ ਹੋਣ ਦਿੰਦਾ।

ਹਰਿ ਕੀ ਵਡਿਆਈ ਵਡੀ ਹੈ
ਅਪੁਛਿਆ ਦਾਨੁ ਦੇਵਕਾ ॥ ੬ ॥

ਹਰਿ=ਪਰਮੇਸ਼ਰ ਦੀ ਮਹਿਮਾ ਇਸ ਕਰਕੇ ਵੀ ਵੱਡੀ ਹੈ ਕਿ ਪਰਮੇਸ਼ਰ ਧਾਮ, ਦਾਮ, ਸਰੀਰ ਆਦਿ ਐਸੇ ਦਾਨ ਅਪੁਛਿਆ=ਬਿਨਾਂ ਪੁਛੇ ਤੋਂ ਹੀ ਦੇਵਕਾ=ਦੇਈ ਜਾਂਦਾ ਹੈ ਵਾ: ਦਾਨ ਦੇ ਕੇ ਪੁੱਛਦਾ ਨਹੀਂ ਹੈ ਵਾ: ਦਾਨ ਦੇ ਕੇ ਅਪੁੱਛ ਕਰ ਦਿੰਦਾ ਹੈ, ਭਾਵ ਕਿਸੇ ਤੋਂ ਮੰਗਣ ਜੋਗਾ ਨਹੀਂ ਰਹਿਣ ਦਿੰਦਾ।

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-58)*

ਇਕ ਸ਼ਹਿਰ ਵਾਸੀ - ਜੀਵੇ! ਗੱਲ ਇਹ ਹੈ ਕਿ ਗੀਗਾ ਹੈ-ਖੱਤਰੀ ਹਿੰਦੂ ਤੇ ਪੀਰ ਜੀ ਹਨ ਮੁਸਲਮਾਨ। ਖੱਤਰੀ ਆਪਣਾ ਪੁੱਤਰ ਮੁਸਲਮਾਨ ਨੂੰ ਕਿਵੇਂ ਦੇਵੇ? ਇਹ ਖੱਤਰੀ ਮਿੰਨਤਾਂ ਕਰ ਚੁੱਕਾ ਹੈ ਕਿ ਮੁੰਡੇ ਦੇ ਬਦਲੇ ਮਾਇਆ ਲੈ ਲਓ ਤੇ ਤੋਲ ਦਾ ਤੋਲ ਚਾਂਦੀ ਦੇ ਰਿਹਾ ਹੈ। ਰਸਮ ਭੀ ਇਹੋ ਹੈ ਕਿ ਜਦੋਂ ਪੀਰਾਂ ਯਾਂ ਸਿੱਧਾਂ, ਕਿਸੇ ਦੇ ਵਰ ਨਾਲ ਬਾਲਕ ਹੋ ਜਾਏ ਤੇ ਮੰਨਤ ਮੰਨੀ ਹੋਵੇ ਕਿ ਜੇਠਾ ਫਲ ਆਪ ਦਾ ਹੋਵੇਗਾ ਤਾਂ ਬਾਲ ਨੂੰ ਲੈ ਕੇ ਸਿੱਧਾ ਪੀਰਾਂ ਦੇ ਚਲੇ ਜਾਈਦਾ ਹੈ, ਮੁੱਲ ਪੁਆ ਕੇ ਭੇਟਾ, ਭੇਟ ਕਰ ਦੇਈਦੀ ਹੈ ਤੇ ਬਾਲ ਬਖਸ਼ਵਾ ਲਈਦਾ ਹੈ। ਇਹੋ ਦਸਤੂਰ ਆਦਿ ਜੁਗਾਦਿ ਦਾ ਹੈ, ਇਹੋ ਖਿਆਲ ਗੀਗੇ ਦਾ ਸੀ, ਪਰ ਪੀਰ ਜੀ ਨੇ ਬਖਸ਼ਿਆ ਨਹੀਂ ਤੇ ਇਹੋ ਕਿਹਾ ਹੈ ਕਿ ਅਸਾਂ ਤਾਂ 'ਜੀ' ਲੈਣਾ ਹੈ, ਜੀ ਦੀ ਥਾਂ ਪੈਸਾ ਨਹੀਂ ਲੈਣਾ ਤੇ ਨਹੀਂ ਲੈਣਾ। ਸੋ ਸਾਂਈਂ ਜੀਵੇ! ਅੱਜ ਪੰਝੀ ਦਿਨ ਹੋਏ ਕੋਈ ਰੱਬ ਜਾਣੇ ਗੀਗੇ ਤੇ ਪੀਰ ਜੀ ਦਾ ਓਸ ਵੇਲੇ ਬੋਲ-ਕਬੋਲ ਹੋ ਗਿਆ ਹੋਵੇ, ਸਾਨੂੰ ਪਤਾ ਨਹੀਂ, ਸਹੁੰ ਦੇਈਏ 'ਜੀ' ਦੀ, ਪੁੱਤ ਦੀ ਨਾ ਧੀ ਦੀ, ਸੋ ਪੀਰ ਜੀ ਬੋਲੇ ਕਿ ਹੱਛਾ, ਨਾ ਨਿਰੇ ਤੇਰੇ ਬੱਚੇ ਮਾਰਨੇ ਹਨ ਸਗੋਂ ਇਹ ਸ਼ਹਿਰ ਗਰਕ ਕਰ ਦੇਣਾ ਹੈ। ਬੱਸ ਚਿਲ੍ਹੇ ਬੈਠ ਗਏ ਤੇ ਮੁਰੀਦਾਂ ਨੂੰ ਕਹਿ ਗਏ ਕਿ ਸਾਨੂੰ ਬੁਲਾਉਣਾ ਨਹੀਂ, ਕਿਸੇ ਤਰ੍ਹਾਂ ਵਿਘਨ ਨਹੀਂ ਪਾਉਣਾ, ਅਸਾਂ ਅੰਦਰੋਂ, ਤਾਂ ਨਿਕਲਣਾ ਹੈ ਜਾਂ ਸ਼ਹਿਰ ਗਰਕ ਕਰ ਸੁੱਟਣਾ ਹੈ। ਇਹ ਕਹਿ ਕੇ ਆਪ ਵੜ ਗਏ ਇਸ ਗੁੰਬਦ ਜਿਹੇ ਵਿਚ ਤੇ ਹੁਕਮ ਹੈ ਕੋਈ ਨਾ ਬੁਲਾਵੇ। ਸ਼ਹਿਰ ਸਾਰੇ ਨੇ ਨੱਕ ਰਗੜੇ ਹਨ ਤੇ ਮੁਰੀਦਾਂ ਨੂੰ ਕਿਹਾ ਹੈ ਇਕ ਦੀ ਥਾਂ ਦੋ ਬਾਲ ਹੋਰ ਲੈ ਲਓ, ਅਸੀਂ ਦੇ ਦੇਂਦੇ ਹਾਂ, ਪਰ ਸ਼ਹਿਰ ਤੇ ਕਹਿਰ ਨਾ ਵਰਤਾਓ। ਅਗਲੇ ਸਮੇਂ ਵੱਡਿਆਂ ਤੋਂ ਸੁਣਦੇ ਸਾਂ ਕਿ ਪੂਰਨ ਨਾਮੇ ਸਿੱਧ ਉਪਰ ਇਥੇ ਕੁਝ ਕਹਿਰ ਹੋਇਆ ਸੀ ਤਾਂ ਸ਼ਹਿਰ ਦੋ ਸੌ ਵਰ੍ਹੇ ਕਸ਼ਟ ਵਿਚ ਰਿਹਾ ਸੀ, ਹੁਣ ਇਨ੍ਹਾਂ ਦੀਆਂ ਬਦ-ਦੁਆਵਾਂ ਨਾਲ ਖਬਰੇ ਕੀ ਹੋਣੀ ਵਰਤੇਗੀ? ਸਾਡੀ ਪੇਸ਼ ਕੋਈ ਜਾਂਦੀ ਨਹੀਂ, ਸਿੱਧਾਂ ਤੇ ਪੀਰਾਂ ਤੋਂ ਡਰ ਸਭ ਕਿਸੇ ਨੂੰ ਲਗਦਾ ਹੈ। ਅਸਾਂ ਜਗਰਾਤੇ ਕੀਤੇ ਹਨ, ਦੇਵੀ ਦੀਆਂ ਭੇਟਾਂ ਗਾਵੀਆਂ ਹਨ, ਨਾਥਾਂ ਦੇ ਰੋਟ ਪਕਾਏ ਤੇ ਚੜ੍ਹਾਏ ਹਨ ਸੌ ਮੰਨਤਾਂ ਤੇ ਸੌ ਸ਼ਰੀਣੀਆਂ ਸੁੱਖੀਆਂ ਹਨ, ਪਰ ਪੇਸ਼ ਕੋਈ ਚੱਲੀ ਨਹੀਂ। ਗੀਗੇ ਨਾਲ ਬੀ ਬਥੇਰਾ ਮੱਥਾ ਮਾਰਿਆ ਹੈ, ਉਹ ਬੀ ਕਿਸੇ ਹਠ ਤੇ ਚੜ੍ਹ ਬੈਠਾ ਹੈ। ਅੱਜ ਤ੍ਰਾਣੇ ਹੋਏ ਸ਼ਹਿਰ ਵਿਚ ਆਪ ਦੇ ਆਉਣ ਦੀ ਖਬਰ ਆਈ ਹੈ, ਸੋ ਸਾਰੇ ਸੁਖ ਦਾ ਸਾਹ ਲੈ ਕੇ ਹਾਜ਼ਰ ਹੋਏ ਹਨ, ਮਿਹਰ ਕਰੋ।

ਇਸ ਵੇਲੇ ਭਾਈ ਰੂਪੇ ਨੇ ਬਿਨੈ ਕੀਤੀ ਕਿ - ਪ੍ਰਸ਼ਾਦ ਤਿਆਰ ਹੈ।

ਸਤਿਗੁਰ - ਰੂਪਿਆ ਮਿੱਤਰਾ! ਜਿਨ੍ਹਾਂ ਦੇ ਮਹਿਮਾਨ ਆਈਏ ਉਹ ਭੁੱਖੇ ਰਹਿਣ ਤੇ ਅਸੀਂ ਭੋਜਨ ਪਾਈਏ। ਅੱਜ ਪ੍ਰਸ਼ਾਦ ਤਾਂ ਛਕਾ ਕੇ ਛਕਾਂਗੇ। ਸ਼ਹਿਰ ਬੀ ਵਰਤਾਂ ਤੇ ਜਪਾਂ ਵਿਚ ਹੈ ਤੇ ਪੀਰ ਵੀ ਕਈ ਦਿਨਾਂ ਦਾ ਭੁੱਖਾ ਦੱਸੀਦਾ ਹੈ, ਦੁਪਹਿਰ ਹੋ ਲੈਣ ਦਿਓ, ਫੇਰ ਛਕਾ ਕੇ ਛਕਾਂਗੇ।

ਮਰਦਾਨਾ - ਪਾਤਸ਼ਾਹ! ਕਹਿੰਦੇ ਹਨ ਪੰਝੀ ਦਿਨਾਂ ਦਾ ਭੁੱਖਾ ਹੈ।

ਸਤਿਗੁਰ - ਮਰਦਾਨਿਆਂ! ਇਹ ਲੋਕ ਨਿਉਲੀ ਨੇਤੀ, ਧੋਤੀ ਕਰਮ ਕਰਕੇ, ਮਲ ਸਰੀਰ ਦੀ ਧੋ ਕੇ ਬੈਠਦੇ ਹਨ ਤੇ ਨਾਲੇ ਬਦਾਮ ਰੋਗਨ ਆਦਿਕ ਰੱਖ ਲੈਂਦੇ ਹਨ, ਜਿੰਨਾ-ਜਿੰਨਾ ਦਮ ਸਾਧਿਆ ਹੁੰਦਾ ਹੈ ਓਨੇ-ਓਨੇ ਚਿਰ ਮਗਰੋਂ ਬਦਾਮ ਰੋਗਨ ਦਾ ਘੁੱਟ-ਘੁੱਟ ਲੈ ਕੇ ਉਸ ਦੇ ਆਸਰੇ ਵਕਤ ਕੱਟਦੇ ਹਨ, ਧਿਆਨ ਓਧਰ ਜੋੜ ਬੈਠਦੇ ਹਨ ਜਿਸ ਗਲ ਦੀ ਕਾਰਜ ਸਿੱਧੀ ਲੋੜਦੇ ਹਨ।

ਸੂਰਜ ਸਿਖਰੇ ਆ ਗਿਆ, ਦੁਪਹਿਰਾਂ ਹੋ ਗਈਆਂ, ਮੁਰੀਦ ਮੱਠ ਦੇ ਬਾਹਰ ਬੈਠੇ ਕੌਤਕ ਉਡੀਕ ਰਹੇ ਸਨ ਕਿ ਕੀ ਵਰਤਦਾ ਹੈ, ਚਿਲ੍ਹਾ ਟੁੱਟਦਾ ਹੈ ਕਿ ਚਿਲ੍ਹਾ ਤੋੜਨ ਵਾਲਾ ਫਕੀਰ ਹਾਰ ਖਾ ਕੇ ਭੱਜਦਾ ਹੈ। ਉੱਧਰ ਲੋਕੀਂ ਕਲੇਜੇ ਮੁੱਠ ਵਿਚ ਲਈ ਤਾਂਘ

ਰਹੇ ਸਨ ਕਿ ਸ਼ਹਿਰ ਦੀ ਰੱਖਿਆ ਹੁੰਦੀ ਹੈ ਕਿ ਪੀਰ ਦੀ ਫਿਟਕ ਸਿਰੇ ਚੜ੍ਹਦੀ ਹੈ। ਸਭ ਛਾਤੀਆਂ ਧੜਕ-ਧੜਕ ਕਰਦੀਆਂ, ਪਰ ਕੱਠੀਆਂ ਹੋ ਕੇ ਸਹਿਮ ਕੇ ਮਾਨੋਂ ਸੁੰਗੜੀਆਂ ਪਈਆਂ ਸਨ। ਕੋਈ ਜਲ ਘੜੀ ਨੂੰ ਤੱਕ ਰਿਹਾ ਸੀ ਤੇ ਕੋਈ ਰੇਤ ਘੜੀ ਤੇ ਟੱਕ ਬੰਨੀਂ ਬੈਠਾ ਸ਼ੀ, ਕੋਈ ਘੜਿਆਲੀ ਦੀ ਟੁਨਕਾਰ ਸੁਣਨ ਲਈ ਹਵਾ ਵਿਚ ਕੰਨ ਲਾਈ ਬੈਠਾ ਸੀ। ਸਿਖਰ ਦੁਪਹਿਰ ਠੀਕ ਸਿਖਰੇ ਆ ਗਈ। ਘੜਿਆਲੀ ਨੇ ਦੁਪਹਿਰੇ ਦੀ ਪਹਿਲੀ ਟੁਨਕਾਰ ਦਿਤੀ। ਅਜੇ ਦੂਜੀ ਟੁਨਕਾਰ ਦੀ ਆਵਾਜ਼ ਘੜਿਆਲ ਵਿਚੋਂ ਨਿਕਲੀ ਨਹੀਂ ਸੀ ਕਿ ਜਿਸ ਗੁੰਬਜ਼ ਵਿਚ ਪੀਰ ਜੀ ਚਿਲ੍ਹੇ ਬੈਠੇ ਸਨ ਉਸ ਤੋਂ ਇਕ ਕੜੱਕ ਦੀ ਭਿਆਨਕ ਆਵਾਜ਼ ਆਈ, ਗੁੰਬਜ਼ ਉਤੋਂ ਫਟ ਕੇ ਚੀਰੇ ਖਰਬੂਜ਼ੇ ਵਾਂਗ ਦੁਫਾੜ ਹੋ ਗਿਆ, ਵਿਚਕਾਰਲੀਆਂ ਇੱਟਾਂ ਢਹਿ ਪਈਆਂ ਤੇ ਇਕ ਖੱਪਾ ਖੁਲ੍ਹ ਗਿਆ। ਹੁਣ ਸੂਰਜ ਦੀ ਧੁੱਪ ਉਸ ਖੱਪੇ ਵਿਚੋਂ ਅੰਦਰ ਜਾ ਪਈ। ਫਟਣ ਦੀ ਅਵਾਜ਼ ਤੇ ਅਚਾਨਕ ਚਾਨਣੇ ਦੇ ਪ੍ਰਵੇਸ਼ ਨੇ ਅੱਖਾਂ ਖੋਹਲ ਦਿਤੀਆਂ। ਚਿੱਲ੍ਹਾ ਟੁੱਟ ਗਿਆ। ਪੀਰ ਜੀ ਦੇ ਨੈਣ ਖੁੱਲ੍ਹ ਗਏ, ਧਿਆਨ ਸ੍ਰਾਪ ਵਿਚੋਂ ਉਟਕ ਗਿਆ ਤੇ ਗੁੰਬਜ਼ ਦੇ ਖੱਪੇ ਵੱਲ ਜਾ ਪਿਆ। ਸਰੀਰ ਕੰਬਿਓਸੁ ਮਤੇ ਸਾਰਾ ਗੁੰਬਜ਼ ਹੀ ਸਿਰ ਉਤੇ ਨਾ ਆ ਪਵੇ। ਇਸ ਭੈ ਤੇ ਹੈਰਾਨੀ ਨੇ ਕਾਹਲੀ ਵਿਚ ਪਾ ਦਿਤਾ ਤੇ ਆਪ ਬੂਹਾ ਖੋਲ੍ਹ ਕੇ ਘਾਬਰੇ ਹੋਏ ਬਾਹਰ ਆ ਗਏ। ਅੱਗੇ ਮੁਰੀਦ ਪਰੇਸ਼ਾਨ ਹਾਲ ਵਿਚ ਖੜ੍ਹੇ ਸਨ ਤੇ ਸ਼ਹਿਰ ਦੇ ਲੋਕ ਦੂਰ-ਦੂਰ ਉੱਚੇ ਨੀਵੇਂ ਥਾਂ ਨਜ਼ਰਾਂ ਬੰਨ੍ਹੀ ਤੱਕ ਰਹੇ ਸਨ। ਜਿਉਂ ਹੀ ਕੜੱਕ ਫੜੱਕ ਦੀ ਆਵਾਜ਼ ਆਈ ਪੀਰ ਜੀ ਉੱਦੋਸਾਹੇ ਤੇ ਜੀ ਭਿਆਣੇ ਬਾਹਰ ਨਿਕਲ ਆਏ, ਤਿਉਂ ਹੀ ਹਜ਼ਾਰਾਂ ਗਲਿਆਂ ਤੋਂ ਆਵਾਜ਼ ਆਈ, ਹਾਂ ਇਕ ਗੁੰਜਾਰ ਆਈ, ਮਸਤ ਅਲਮਸਤੀ ਦੀ ਤੇ ਖੁਸ਼ੀ ਜਸ, ਫਤਹਮੰਦੀ ਤੇ ਕਾਮਯਾਬੀ ਦੀ ਤਾਕਤ ਨਾਲ ਭਰੀ ਹੋਈ ਤੇ ਸ਼ੁਕਰ ਗੁਜਾਰੀ ਦੀ ਮਿਠਾਸ ਨਾਲ ਮਿੱਠੀ-ਮਿੱਠੀ ਅਵਾਜ਼ ਆਈ -

ਧੰਨ ਗੁਰੂ ਨਾਨਕ

ਧੰਨ ਗੁਰੂ ਨਾਨਕ

ਧੰਨ ਗੁਰੂ ਨਾਨਕ

ਧੰਨ ਗੁਰੂ ਨਾਨਕ ਦੀ ਆਵਾਜ਼ ਗੂੰਜੀ ਤੇ ਗੂੰਜਦੀ ਪੀਰ ਜੀ ਦੇ ਕੰਨਾਂ ਵਿਚ ਗਈ। ਨਾਮ ਗੁਰੂ ਨਾਨਕ ਸੁਣਿਆਂ ਹੋਇਆ ਸੀ, ਪੀਰਾਂ ਫਕੀਰਾਂ ਵਿਚ ਮਹਿਮਾ ਬੀ ਸੁਣੀ ਹੋਈ ਸੀ, ਮੁਰਸ਼ਿਦ ਤੋਂ ਸਰੋਤ ਪਈ ਸੀ ਕਿ ਇਕ ਤਪਾ ਮੁਸ਼ਕਿਆ ਹੈ, ਨਾਨਕ ਉਸ ਦਾ ਨਾਮ ਹੈ। ਹਾਂ ਸਾਲਕ ਲੋਕਾਂ ਨੇ ਆਖਿਆ ਸੀ ਕਿ ਦੌਲਤ ਖਾਂ ਲੋਧੀ ਦੀ ਦੌਲਤ ਨੂੰ ਤਿਆਗ ਕੇ ਮਲਕ ਭਾਗੋ ਦੇ ਧਨ ਤੋਂ ਨਿਰਲੋਭ ਰਹਿ ਕੇ ਤਪਾ ਆਪਣੇ ਇਲਾਹੀ ਰੰਗਾਂ ਵਿਚ ਫਿਰ ਰਿਹਾ ਹੈ। ਭਾਵੇਂ ਤਾਂ ਅੱਜ ਉਹੋ ਤਪਾ ਇਥੇ ਆ ਗਿਆ ਹੈ ਜੋ ਜ਼ਾਹਰੀ ਕਲਾ ਵਾਲਾ ਹੈ ਤੇ ਉਸੇ ਨੂੰ ਖਲਕੁੱਲਾਂ ਦੀਆਂ ਜ਼ਬਾਨਾਂ ਕਹਿ ਰਹੀਆਂ ਹਨ -

ਧੰਨ ਗੁਰੂ ਨਾਨਕ।

ਭਾਵੇਂ ਤਾਂ ਸ਼ਹਿਰ ਆ ਗਿਆ ਹੈ ਇਸੇ ਧੰਨ ਗੁਰੂ ਨਾਨਕ ਦੀ ਰਾਖੀ ਵਿਚ। ਕਦੇ-ਕਦੇ ਮੁਸ਼ਕਦੇ ਹਨ ਵਣ, ਕਦੇ-ਕਦੇ ਮੁਸ਼ਕਦਾ ਹੈ ਮਿਰਗ ਕਸਤੂਰੇ ਜਾਤ ਦਾ, ਕਦੇ-ਕਦੇ ਮੁਸ਼ਕਦਾ ਹੈ ਕੋਈ ਮਰਦ ਜਿਸ ਦੇ ਸਿਰ ਉਪਰ ਹੱਥ ਹੋਵੇ ਰੱਬ ਦਾ, ਤਿਵੇਂ ਆਖਦੇ ਹਨ ਫਕੀਰ: ਕਿ ਮੁਸ਼ਕਿਆ ਹੈ ਰੱਬੀ ਰੰਗਾਂ ਵਿਚ ਤਪਾ ਨਾਨਕ। ਪੀਰ ਇਨ੍ਹਾਂ ਸੋਚਾਂ ਵਿਚ ਖੜ੍ਹਾ ਸੀ, ਕਮਜ਼ੋਰੀ ਤੇ ਸੋਚਾਂ ਨਾਲ ਮਿੱਠੀ-ਮਿੱਠੀ ਕੰਬਣੀ ਵਿਚ ਸੀ ਕਿ ਮੁਰੀਦਾਂ ਨੇ ਸਵੇਰ ਦੀ ਕਥਾ ਤੇ ਗੁਰ ਨਾਨਕ ਦਾ ਸੁਨੇਹਾ ਸੁਣਾਇਆ। ਸੁਣ ਕੇ ਬੋਲਿਆ ਤੁਸਾਂ ਭੁੱਲ ਕੀਤੀ, ਰੱਬੀ ਮਰਦ ਦਾ ਸੁਨੇਹਾ ਜ਼ਰੂਰ ਦੇਣਾ ਸੀ। ਫਕੀਰ ਕਾਲਾ ਨਾਗ ਹੁੰਦਾ ਹੈ, ਇਸ ਦੇ ਲੜੇ ਹੋਏ ਦਾ ਦਾਰੂ ਨਹੀਂ, ਇਸ ਦੇ ਫੁੰਕਾਰੇ ਦਾ ਮੰਤਰ ਨਹੀਂ, ਚੰਗਾ ਹੋ ਗਈ ਜੋ ਹੋਣੀ ਸੀ।

ਮੁਰੀਦ - ਸਾਂਈ ਜੀ! ਦਾਤਾ ਜੀ! ਅਸੀਂ ਆਪ ਦੇ ਹੁਕਮ ਤੋਂ ਡਰਦੇ ਰਹੇ ਕਿ ਹੁਕਮ ਅਦੂਲੀ ਪੀਰ ਦੀ ਫਿਟਕਾਰ ਨਾ ਲੈ ਆਵੇ।

ਪੀਰ - ਤੇ ਹੁਣ ਹੁਕਮ ਦੀ ਕਮਾਈ ਪੀਰ ਦੇ ਸਿਰ ਫਿਟਕਾਰ ਲੈ ਆਈ ਹੈ। ਚੰਗਾ ਜੋ ਹੋਈ ਸੋ ਹੋਈ। ਜਿਸ ਫਕੀਰ ਨੇ ਮੱਠ ਪਾੜ ਘੱਤਿਆ ਹੈ ਉਹ ਹੋਰ ਖਬਰੇ ਕੀ ਵਰਤਾਵੇਗਾ? ਹੁਣ ਹਠ ਤੇ ਸ਼ਰਮਾਂ ਗਈਆਂ, ਆਖਰ ਮੈਂ ਮੁਰਸ਼ਿਦ ਵਾਲਾ ਹਾਂ, ਸਾਲਕਾਂ ਅੱਗੇ ਝੁਕਣ ਦਾ ਮਿਹਣਾ ਨਹੀਂ। ਰਸਤਾ ਦੱਸੋ ਨਾਨਕ ਤਪਾ ਕਿੱਥੇ ਹੈ, ਲੈ ਚੱਲੋ ਜੋ ਦਰਸ਼ਨ ਪਾਵਾਂ।

ਇਹ ਸੁਣ ਕੇ ਮੁਰੀਦ ਨਾਲ ਲੈ ਟੁਰੇ, ਪਰ ਟੁਰਿਆ ਨਾ ਜਾਵੇ, ਫੇਰ ਬਹਿ ਗਏ, ਇਉਂ ਬਹੁਤ ਸਹਿਜੇ-ਸਹਿਜੇ ਦੋ ਮੁਰੀਦਾਂ ਦੀ ਟੇਕ ਲੈ ਕੇ ਆਪ ਬੇਰ ਹੇਠ, ਜਿਥੇ ਸਤਿਗੁਰ ਬੈਠੇ ਸਨ, ਜਾ ਪਹੁੰਚੇ। ਦਰਸ਼ਨ ਕਰਕੇ ਪੀਰ ਨੂੰ ਠੰਢ ਪੈ ਗਈ। ਗੁੱਸਾ ਭੁੱਖ ਤੇ ਤਪ ਦੇ ਤਾਪ ਨਾਲ, ਜੋ ਅੰਦਰ ਜਲਨ ਪੈ ਰਹੀ ਸੀ, ਉਠ ਗਈ। ਹਮਜ਼ਿਆ! ਇਹ ਪਹਿਲੀ ਨਿਸ਼ਾਨੀ ਰੱਬ ਦੇ ਮਰਦ ਦੀ ਹੈ। ਮਨ ਨੇ ਮੰਨਿਆਂ ਕਿ ਇਥੇ

ਸਾਈਂ ਦਾ ਰੰਗ ਹੈ। ਅੱਗੇ ਵਧਿਆ, ਸਿਰ ਝੁਕਾਇਆ, ਗੁਰੂ ਜੀ ਨੇ ਆਦਰ ਨਾਲ ਬਹਾਲਿਆ ਤੇ ਆਖਿਆ -

ਪੀਰ ਜੀ! ਰੱਬ ਪਿਉ ਤੇ ਸ੍ਰਿਸ਼ਟੀ ਉਲਾਦ, ਫਕੀਰ ਰੱਬ ਦਾ ਬੰਦਾ, ਉਲਾਦ ਨੂੰ ਲਡਿਆਵੇ ਕਿ ਮਾਰੇ?

ਪੀਰ - ਸੱਪ ਲੜੀ ਉਂਗਲ ਕੱਟੀ ਭਲੀ, ਵਿਹੁਲਾ ਖ਼ੂਨ ਦਬਿਆ ਭਲਾ, ਸ਼ਰਾਬੀ ਗੰਨਾ ਅੱਗ ਵਿਚ ਪਾਇਆ ਚੰਗਾ, ਝੂਠੀ ਸ੍ਰਿਸ਼ਟੀ ਤੇ ਰੱਬ ਦੇ ਫਕੀਰਾਂ ਨਾਲ ਮਸ਼ਕਰੀ ਕਰਨ ਵਾਲੀ ਲੁਕਾਈ ਮਾਰੀ ਚੰਗੀ।

ਰੱਬੀ ਪਿਆਰ ਵਾਲੇ ਗੁਰੂ ਜੀ ਬੋਲੇ -

ਪੀਰ ਜੀ! ਵਿਗੜਿਆ ਪੁੱਤ ਸੁਆਰਿਆ ਭਲਾ ਕਿ ਮਾਰਿਆ ਭਲਾ?

ਪੀਰ (ਤੱਕ ਕੇ, ਘਬਰਾ ਕੇ) ਨਾ ਸਉਰਨ ਵਾਲੇ ਪੁੱਤ ਤੋਂ ਔਤ ਚੰਗੇਰਾ।

ਗੁਰੂ ਜੀ - ਸੁਆਰਨੋਂ ਅੱਕ ਜਾਣਾ ਭਲਾ ਕਿ ਸੁਆਰਨ ਵਿਚ ਕਦੇ ਨਾ ਅੱਕਣਾ ਭਲਾ?

ਪੀਰ - ਧੁਰੋਂ ਮਾਰੇ ਕਦ ਸਉਰੇ?

ਗੁਰੂ ਨਾਨਕ - ਧੁਰੋਂ ਕਦੇ ਨਾ ਕੋਈ ਮਾਰਿਆ, ਜੋ ਮਾਰਿਆ ਸੋ ਕਰਮਾ ਆਪਣਿਆਂ, ਜੋ ਮਰਿਆ ਸੋ ਧੁਰ ਨਾਲੋਂ ਟੁੱਟ ਕੇ ਮਰਿਆ। ਹਾਂ, ਜੋ ਧੁਰ ਨਾਲੋਂ ਟੁੱਟ ਗਿਆ ਉਸ ਨੂੰ ਕਹੀਦਾ ਹੈ ਧੁਰ ਦਾ ਮਾਰਿਆ। ਸੋ ਟੁੱਟਿਆਂ ਨੂੰ ਮੁੜ ਧੁਰ ਨਾਲ ਲਾਈਏ, ਟੁੱਟੇ ਗੰਢੀਏ, ਵਿਛੁੜੇ ਮੇਲੀਏ। ਮਾਂ ਦੀ ਗੋਦੋਂ ਨੱਸ ਕੇ ਰੁਲਦੇ ਬਾਲਾਂ ਨੂੰ ਝਾੜ ਫੂਕ ਕੇ ਮਾਂ ਦੀ ਗੋਦ ਪਾਈਏ। ਭੈੜਿਆਂ ਬਾਲਾਂ ਨੂੰ ਬੀ ਮਾਰਿਆਂ ਮਾਂ ਦੀ ਆਂਦਰ ਨਹੀਂ ਠਰਦੀ।

ਪੀਰ - ਕੀ ਆਖਾਂ?

ਗੁਰੂ ਨਾਨਕ - ਸੱਚ।

ਪੀਰ - ਸੱਚ, ਸੱਚ, ਸੱਚ, ਸਿਆਲਕੋਟ ਸ਼ਹਿਰ ਕਾਫਰਾਂ ਦਾ। ਜਿਨ੍ਹਾਂ ਪੂਰਨ ਜਤੀ ਦੇ ਹਥ ਵੱਢੇ ਉਹਨਾਂ ਤੇ ਕੀ ਭਰੋਸਾ?

ਗੁਰੂ ਨਾਨਕ - ਸਾਰਾ ਜੀ? ਜੁਮਲਾ ਹੀ?

ਪੀਰ - ਊਤ ਗਿਆ ਆਵਾ।

ਗੁਰੂ ਨਾਨਕ - ਕਦੇ ਹੋਇਆ ਨਹੀਂ, ਭਲੇ ਬੁਰੇ ਰਲੇ ਰਹਿੰਦੇ ਹਨ। ਹਾਂ, ਗਿਲਾਨੀ ਜਗਤ ਵਿਚ ਪ੍ਰਧਾਨ ਹੈ, ਪ੍ਰੇਮ ਨਹੀਂ, ਪਰ ਨੇਕੀ ਬਦੀ ਤਾਂ ਕੋਲੋ ਕੋਲ ਵੀ ਵਸਦੀਆਂ ਦਿਸਦੀਆਂ ਹਨ।

ਪੀਰ - ਪਰਤਾਓ ਤਾਂ ਪਤਾ ਲਗ ਜਾਏ, ਅਸੀਂ ਤਾਂ ਹੱਡ ਵਰਤੀਆਂ ਸੁਣਾਉਂਦੇ ਹਾਂ, ਤਪਾ ਜੀ।

ਇਹ ਕਹਿ ਕੇ ਨੈਣ ਢਹਿ ਪਏ ਤੇ ਫਕੀਰ ਹੁੱਸ ਕੇ ਡੋਬ ਜਿਹੇ ਵਿਚ ਪੈ ਗਿਆ। ਸਤਿਗੁਰ ਨੇ ਮਾਲਸ਼ ਦਾ ਹੁਕਮ ਦਿਤਾ ਤੇ ਹੋਸ਼ ਆਈ, ਫਲਾਂ ਦਾ ਰਸ ਪਿਲਾਉਣ ਦੀ ਆਗਿਆ ਕੀਤੀ। ਫੇਰ ਹੋਸ਼ ਪਰਤ ਪਈ, ਫਿਰ ਦੋ ਘੁੱਟ ਫਲਾਂ ਦਾ ਰਸ ਪਿਲਾਯਾ। ਠੰਢ ਤੇ ਤਪਸ਼ ਦੇ ਅੰਦਰੋਂ ਐਉਂ ਚੱਕਰ ਚਲਦੇ ਸੇ ਜਿਵੇਂ ਇਕ ਪਰਾਤ ਵਿਚ ਠੰਢੇ ਤੇ ਤੱਤੇ ਜਲ ਦੀਆਂ ਦੋ ਟੂਟੀਆਂ ਪੈਂਦੀਆਂ ਚੱਕਰ ਪਾਉਂਦੀਆਂ ਹਨ। ਫਕੀਰ ਕੁਝ ਨਰਮ ਕੁਝ ਗਰਮ ਹੋ ਕੇ ਫੇਰ ਬੋਲਿਆ -

ਹਾਂ, ਸਾਂਈ ਜੀ! ਜੇ ਤੂੰ ਉਹੋ ਨਾਨਕ ਤਪਾ ਹੈਂ ਜੋ ਸੁਣਿਆ ਹੈ ਕਿ ਨਾਮ ਵਿਚ ਕਲਜੁਗ ਅੰਦਰ ਮੁਸ਼ਕਿਆ ਹੈ ਤੇ ਲਪਟ ਆਉਂਦੀ ਬੀ ਹੈ ਤਾਂ ਸ਼ਹਿਰ ਦਾ ਪਤੀਆ ਲੈ।

ਸਤਿਗੁਰ - ਮਰਦਾਨਿਆਂ! ਲੈ ਦੋ ਪੈਸੇ ਜਾਹ ਬਈ, ਸ਼ਹਿਰੋਂ ਪੈਸੇ ਦਾ ਸੱਚ ਤੇ ਪੈਸੇ ਦਾ ਝੂਠ ਲੈ ਆ, ਆਖੀਂ ਠੀਕ-ਠੀਕ ਸੌਦਾ ਦੇਵੇ।

ਮਰਦਾਨਾ ਗੁਰੂ ਨਾਨਕ ਦੇ ਕੌਤਕਾਂ ਦਾ ਜਾਣੂ ਤਾਂ ਸੀ, ਪਰ ਹਰ ਦਿਨ ਇਥੇ ਨਵਾਂ ਕੌਤਕ ਵਰਤਦਾ ਸੀ, ਜੋ ਮਰਦਾਨੇ ਨੂੰ ਸਦਾ ਨਵੀਂ ਹੈਰਾਨੀ ਵਿਚ ਪਾ ਦੇਂਦਾ ਸੀ। ਸੋ ਹੈਰਾਨ ਹੁੰਦਾ, ਆਗਿਆ ਮੰਨ ਕੇ ਟੁਰ ਗਿਆ। ਹੱਟੀ-ਹੱਟੀ ਫਿਰਿਆ, ਪਹਿਲੇ ਤਾਂ ਹੱਟਾਂ ਸਾਰੀਆ ਖੁਲ੍ਹੀਆਂ ਨਹੀਂ ਸਨ, ਲੋਕੀਂ ਉਧਰ ਨੂੰ ਜਾ ਰਹੇ ਸਨ ਜਿਧਰੋਂ ਇਹ ਆਇਆ ਸੀ। ਕਿਉਂਕਿ ਗੁੰਬਦ ਦੇ ਫਟਣ ਤੇ ਫਕੀਰ ਦੇ ਚਿੱਲ੍ਹੇ ਟੁੱਟਣ ਤੇ ਗੁਰੂ ਨਾਨਕ ਵਾਕ ਦੇ ਪੂਰੇ ਹੋਣ ਦੀ ਖਬਰ ਸ਼ਹਿਰ ਅੱਪੜ ਪਈ ਸੀ। ਪਰ ਮਰਦਾਨਾ ਫੇਰ ਬੀ ਫਿਰਿਆ। ਜਿਸ ਤੋਂ ਮੰਗੇ ਉਹ ਹੱਸ ਪਵੇ। ਕੋਈ ਮਸ਼ਕਰੀ ਕਰੇ, ਕੋਈ ਟਾਲ ਦੇਵੇ, ਕੋਈ ਹੱਥ ਜੋੜ ਦੇਵੇ। ਸਹਿਨ ਸ਼ੀਲਤਾ ਦੇ ਸਮੁੰਦਰ ਦੇ ਪਾਸ ਵੱਸਣ ਕਰਕੇ ਮਰਦਾਨੇ ਨੂੰ ਸਹਿਨ ਸ਼ੀਲਤਾ ਆਉਂਦੀ ਸੀ, ਸੋ ਘਾਬਰਿਆ ਨਹੀਂ। ਆਖਰ ਇਕ ਹੱਟੀ ਵਾਲੇ ਨੇ ਦੋ ਕਾਗਤਾਂ ਤੇ ਕੁਝ ਲਿਖ ਕੇ ਦੇ ਦਿਤਾ ਤੇ ਕਿਹਾ ਇਹ ਸੱਚ ਹੈ ਤੇ ਇਹ ਝੂਠ ਹੈ। ਇਹ ਕਾਗਤ ਲੈ ਕੇ ਮਰਦਾਨਾ ਪਰਤ ਆਯਾ ਤੇ ਸਤਿਗੁਰਾਂ ਜੀ ਦੇ ਚਰਨਾਂ ਵਿਚ ਲਿਆ ਧਰਿਆ।

*ਚਲਦਾ........।'*

ਵਿਦੇਸ਼ਾਂ ਵਿਚ ਵਸਦੀ ਸੰਗਤ ਨੂੰ ਬੇਨਤੀ ਹੈ ਜੀ ਜੇਕਰ ਤੁਸੀਂ ਕਿਸੇ ਵੀ ਤਰ੍ਹਾਂ ਦਾ ਘਰ ਵਿਚ ਟੀ.ਵੀ. ਉਤੇ ਦੇਖਣ ਲਈ ਸੈਟ ਟੋਪ ਬਾਕਸ (ਆਈ.ਪੀ. ਟੀ.ਵੀ.) ਵਰਤਦੇ ਹੋ ਤਾਂ ਉਸ ਵਿਚ ਰਤਵਾੜਾ ਸਾਹਿਬ ਚੈਨਲ ਵੇਖਣ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ ਜੀ। ਜੇਕਰ ਸੰਗਤ ਵਿਚੋਂ ਕੋਈ ਪ੍ਰੇਮੀ ਪਹਿਲਾਂ ਹੀ ਆਈ.ਪੀ. ਟੀ.ਵੀ. ਬਾਕਸ ਵਰਤਦਾ ਹੈ ਉਸ ਵਿਚ ਰਤਵਾੜਾ ਸਾਹਿਬ ਚੈਨਲ ਵੇਖ ਰਹੇ ਹੋ ਤਾਂ ਕਿਰਪਾ ਕਰਕੇ ਆਪਣੇ ਸੈਟ ਟੋਪ ਬਾਕਸ ਦਾ ਨਾਮ ਅਤੇ ਚੈਨਲ ਦਾ ਨੰਬਰ ਹੇਠ ਲਿਖੇ ਨੰਬਰਾਂ ਤੇ Whatsapp ਕਰਨ ਦੀ ਕ੍ਰਿਪਾਲਤਾ ਕਰਨੀ ਜੀ।

**ਮੋਬਾਇਲ ਨੰਬਰ: +91-98728-14385, 94172-14385**




## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਮਾਘਿ ਸੰਗਰਾਂਦ - 14 ਜਨਵਰੀ, ਦਿਨ ਬੁੱਧਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**
**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | Amount |
|---|---|
| 1 Year | Rs. 300/- |
| 3 Year | Rs. 750/- |
| 5 Year | Rs. 1200/- |
| Life (20 Year) | Rs. 3000/- |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ SMS ਕੀਤਾ ਜਾਵੇ।

# PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

## LIST OF CORRESPONDENT BANKS

### Australia

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
